ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 9 | Issue 51 | 25 December 2019 to 31 December 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਪੱਤਰਕਾਰ ਖ਼ਸ਼ੋਗੀ ਕਤਲ ਕੇਸ

# ਪੰਜ ਨੂੰ ਸਜ਼ਾ ਏ ਮੌਤ ਤਿੰਨ ਨੂੰ ਲੰਬੀ ਜੇਲ੍ਹ




**ਰਿਆਧ/ਏ.ਟੀ.ਨਿਊਜ਼ :** ਪੱਤਰਕਾਰ ਜਮਾਲ ਖ਼ਸ਼ੋਗੀ ਹੱਤਿਆ ਮਾਮਲੇ 'ਚ ਸਾਊਦੀ ਅਰਬ ਦੀ ਇਕ ਅਦਾਲਤ ਨੇ 5 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ ਪਰ ਇਸ ਮਾਮਲੇ 'ਚ ਜਾਂਚ ਦਾ ਸਾਹਮਣਾ ਕਰਨ ਵਾਲੇ ਦੋ ਨਾਮੀ ਲੋਕਾਂ ਨੂੰ ਬਰੀ ਕਰ ਦਿੱਤਾ ਗਿਆ। ਸਾਊਦੀ ਅਰਬ ਦੇ ਪਬਲਿਕ ਪ੍ਰਾਸੀਕਿਊਟਰ ਨੇ ਕਿਹਾ ਕਿ ਅਦਾਲਤ ਨੇ ਹੱਤਿਆ 'ਚ ਸਿੱਧੇ ਤੌਰ 'ਤੇ ਸ਼ਾਮਲ ਪੰਜ ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਹਾਲਾਂਕਿ ਇਸ ਮਾਮਲੇ 'ਚ ਜਾਂਚ ਦਾ ਸਾਹਮਣਾ ਕਰਨ ਵਾਲੇ ਕਾਜ਼ਰ ਸਾਊਦ ਅਲ-ਕਹਿਤਾਨੀ ਨੂੰ ਸਬੂਤਾਂ ਦੀ ਘਾਟ ਦੇ ਚਲਦਿਆਂ ਬਰੀ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਖ਼ੁਫ਼ੀਆ ਵਿਭਾਗ ਦੇ ਉਪ ਮੁਖੀ ਅਹਿਮਦ-ਅਲ-ਅਸਸਿਰੀ,

ਬਾਕੀ ਸਫ਼ਾ 28 'ਤੇ

# ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ 'ਐਨਪੀਆਰ' ਕੀ ਹੈ?

**ਨਵੀਂ ਦਿੱਲੀ/ਏ.ਟੀ. ਨਿਊਜ਼:** ਭਾਰਤ ਸਰਕਾਰ ਦੇ ਮੰਤਰੀ ਮੰਡਲ ਦੀ ਬੈਠਕ ਵਿੱਚ ਅੱਜ ਐਨਪੀਆਰ (ਰਾਸ਼ਟਰੀ ਅਬਾਦੀ ਰਜਿਸਟਰ ) ਕਰਾਉਣ ਦੇ ਸੁਝਾਅ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਬੀਤੇ ਦਿਨਾਂ ਤੋਂ ਨਾਗਰਿਕਤਾ ਸਬੰਧੀ ਨਵੇਂ ਕਾਨੂੰਨ ਅਤੇ ਐਨਆਰਸੀ (ਰਾਸ਼ਟਰੀ ਨਾਗਰਿਕਤਾ ਰਜਿਸਟਰ ) ਬਾਰੇ ਚੱਲ ਰਹੇ ਵਿਵਾਦ ਦਰਮਿਆਨ ਹੁਣ ਐਨਪੀਆਰ ਨੇ ਨਵੀਂ ਬਹਿਸ ਛੇੜ ਦਿੱਤੀ ਹੈ। ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਨੂੰ ਅਸੀਂ ਇਸ ਰਿਪੋਰਟ ਰਾਹੀਂ ਐਨਪੀਆਰ ਬਾਰੇ ਦੱਸਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਆਖਰ ਇਹ ਕੀ ਸ਼ੈਅ ਹੈ।

### ਕੀ ਹੈ ਐਨਪੀਆਰ ?

ਐਨਪੀਆਰ ਭਾਰਤ ਵਿੱਚ ਰਹਿਣ ਵਾਲੇ ਵਸ਼ਿੰਦਿਆਂ ਦਾ ਇੱਕ ਸੂਚੀਕਰਨ (ਰਜਿਸਟਰ) ਹੈ। ਭਾਰਤ ਦੇ ਹਰ ਆਮ ਵਸ਼ਿੰਦੇ ਨੂੰ ਇਸ ਸੂਚੀ ਵਿੱਚ ਆਪਣਾ ਨਾਂ ਦਰਜ ਕਰਾਉਣਾ ਲਾਜ਼ਮੀ ਹੈ। ਇਸ ਵਿੱਚ ਭਾਰਤੀ ਨਾਗਰਿਕ ਅਤੇ ਭਾਰਤ ਵਿੱਚ ਰਹਿੰਦੇ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ। ਇਸ ਐਨਪੀਆਰ ਦਾ ਮੁੱਖ ਮੰਤਵ ਦੇਸ਼ ਵਿੱਚ ਰਹਿੰਦੇ ਵਸ਼ਿੰਦਿਆਂ ਦੀ ਜਾਣਕਾਰੀ ਅਤੇ ਅੰਕੜਿਆਂ ਨੂੰ ਇਕੱਤਰ ਕਰਨਾ ਹੈ। ਭਾਰਤ ਵਿੱਚ ਪਹਿਲਾ ਐਨਪੀਆਰ 2010 'ਚ ਕਰਵਾਇਆ ਗਿਆ ਸੀ। ਇਸ ਤੋਂ ਹਾਸਲ




ਹੋਏ ਤੱਥਾਂ ਨੂੰ 2015 ਵਿੱਚ ਦਰ-ਦਰ ਸਰਵੇਖਣ ਰਾਹੀਂ ਦਰੁਸਤ ਕੀਤਾ ਗਿਆ ਸੀ। ਹੁਣ ਸਰਕਾਰ ਦੇ ਫੈਸਲੇ ਮੁਤਾਬਿਕ ਅਗਲਾ ਐਨਪੀਆਰ 2020 ਵਿੱਚ ਅਪ੍ਰੈਲ ਮਹੀਨੇ ਤੋਂ ਸਤੰਬਰ ਮਹੀਨੇ ਦੇ ਸਮੇਂ ਦਰਮਿਆਨ ਕੀਤਾ ਜਾਵੇਗਾ। ਇਸ ਨਾਲ 2021 ਦੀ ਮਰਦਮਸ਼ੁਮਾਰੀ ਦੀ ਘਰਾਂ ਦੀ ਸੂਚੀ ਵੀ ਬਣਾਈ ਜਾਵੇਗੀ। ਇਸ ਸਰਵੇਖਣ ਦੀ ਰਿਪੋਰਟ ਨੂੰ ਭਾਰਤੀ ਨਾਗਰਿਕਤਾ ਕਾਨੂੰਨ 1955 ਅਤੇ ਨਾਗਰਿਕਤਾ

ਬਾਕੀ ਸਫ਼ਾ 29 'ਤੇ

# ਉੜੀਸਾ 'ਚ ਗੁਰਦੁਆਰਾ ਮੰਗੂ ਮੱਠ ਦੀ ਹੋਵੇਗੀ ਮੁੜ ਉਸਾਰੀ

**ਭੁਵਨੇਸ਼ਵਰ/ਏ.ਟੀ. ਨਿਊਜ਼ :** ਉੜੀਸਾ ਵਿਚ ਗੁਰਦੁਆਰਾ ਮੰਗੂ ਮੱਠ ਢਾਹੇ ਜਾਣ ਸਬੰਧੀ ਲੋਕ ਇਨਸਾਫ਼ ਪਾਰਟੀ ਦੇ ਮੈਂਬਰਾਂ ਨੇ ਵਿਧਾਇਕ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਵਿਚ ਉੜੀਸਾ ਉੜੀਸਾ ਗ੍ਰਹਿ ਮੰਤਰੀ ਅਤੇ ਹਲਕੇ ਪੁਰੀ ਦੇ ਐਮ.ਐਲ.ਏ. ਨਾਲ ਮੁਲਾਕਾਤ ਕੀਤੀ। ਇਸ ਮੌਕੇ ਉੜੀਸਾ ਸਰਕਾਰ ਨੇ ਲੋਕ ਇਨਸਾਫ਼ ਪਾਰਟੀ ਦੀ ਮੰਗ ਨੂੰ ਮੰਨਦੇ ਹੋਏ ਗੁਰਦੁਆਰਾ ਮੰਗੂ ਮੱਠ ਨੂੰ ਮੁੜ ਤੋਂ ਉਸ ਸਥਾਨ 'ਤੇ ਬਣਾਉਣ ਦੀ ਮੰਗ ਨੂੰ ਪ੍ਰਵਾਨ ਕੀਤਾ ਹੈ। ਲੋਕ ਇਨਸਾਫ਼ ਪਾਰਟੀ ਦੇ ਸਰਪ੍ਰਸਤ ਬਲਵਿੰਦਰ ਸਿੰਘ ਬੈਂਸ, ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਦਾ ਵਫ਼ਦ ਉੜੀਸਾ ਵਿਚ ਭੁਵਨੇਸ਼ਵਰ ਤੋਂ 60 ਕਿਲੋਮੀਟਰ ਦੀ ਦੂਰੀ 'ਤੇ ਪੁਰੀ ਵਿਚ ਢਾਹੇ ਗਏ ਗੁਰਦੁਆਰਾ ਮੰਗੂ ਮੱਠ ਦਾ ਜਾਇਦਾਦ ਲੈਣ ਲਈ ਪੁੱਜਾ। ਦੱਸ ਦੇਈਏ ਕਿ ਇਸ ਮੰਗ ਨੂੰ ਲੈ ਕੇ ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਆਪਣੇ ਸਾਥੀਆਂ ਨਾਲ ਉੜੀਸਾ ਵਿਚ ਜਾ ਕੇ ਧਰਨਾ ਲਾਇਆ ਸੀ। ਉਨ੍ਹਾਂ ਨਾਲ ਹੋਰ ਸਿੱਖ ਜਥੇਬੰਦੀਆਂ ਵੀ ਧਰਨੇ ਵਿਚ ਸ਼ਾਮਲ ਹੋਈਆਂ। ਉੜੀਸਾ ਦੇ ਭੁਵਨੇਸ਼ਵਰ ਤੋਂ 60 ਕਿਲੋਮੀਅਰ ਦੀ ਦੂਰੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਮੰਗੂ



ਮੱਠ ਢਾਹੇ ਜਾਣ ਵਿਰੁਧ ਇਹ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪਾਰਟੀ ਦੇ ਵਫ਼ਦ ਵਲੋਂ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਉੜੀਸਾ ਦੇ ਰਾਜਪਾਲ ਗਣੇਸ਼ੀ ਲਾਲ ਨਾਲ ਮੁਲਾਕਾਤ ਕਰਕੇ ਭੁਵਨੇਸ਼ਵਰ (ਪੁਰੀ) ਦੇ ਗੁਰਦੁਆਰਾ ਸਾਹਿਬ ਦੀ ਸਾਂਭ ਸੰਭਾਲ ਸਿੱਖ ਸੰਗਤ ਨੂੰ ਦੇਣ ਦੀ ਮੰਗ ਕੀਤੀ ਸੀ ਜਿਸ ਨੂੰ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ।

# ਕਰਤਾਰਪੁਰ ਸਾਹਿਬ ਲਾਂਘੇ ਲਈ 19 ਸਾਲ ਦੀ ਘਾਲਣਾ ਮਗਰੋਂ ਵੀ ਨਹੀਂ ਹੋਏ ਦਰਸ਼ਨ

**ਗੁਰਦਾਸਪੁਰ/ ਏ. ਟੀ. ਨਿਊਜ਼:** ਕਰਤਾਰਪੁਰ ਸਾਹਿਬ 'ਚ ਪਹਿਲੀ ਪਾਤਸ਼ਾਹੀ ਨਾਲ ਸਬੰਧਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਖੁੱਲੇ ਦਰਸ਼ਨ ਦੀਦਾਰ ਲਈ ਸਵਰਗਵਾਸੀ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਦੀ ਅਗਵਾਈ ਵਿਚ ਲਗਾਤਾਰ 19 ਸਾਲ ਅਰਦਾਸ ਵਿਚ ਸ਼ਾਮਲ ਹੋਣ ਵਾਲੇ ਅਕਾਲੀ ਦਲ (ਟਕਸਾਲੀ) ਦੇ ਆਗੂ ਜਸਵੀਰ ਸਿੰਘ ਜ਼ਫਰਵਾਲ ਨੂੰ ਅਜੇ ਵੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਨਸੀਬ ਨਹੀਂ ਹੋ ਰਹੇ ਜਦਕਿ ਭਾਰਤ ਅਤੇ ਪਾਕਿਸਤਾਨ ਵਿਚ ਲਾਂਘਾ ਖੁੱਲ ਗਿਆ ਹੈ ਅਤੇ ਉਨ੍ਹਾਂ ਦੀ ਅਰਦਾਸ ਵੀ ਪ੍ਰਵਾਨ ਹੋ ਚੁੱਕੀ ਹੈ।



ਜਸਵੀਰ ਸਿੰਘ ਜ਼ਫਰਵਾਲ ਦਾ ਕਹਿਣਾ ਹੈ ਕਿ ਪੁਲਿਸ ਵਲੋਂ ਉਨ੍ਹਾਂ ਨੂੰ ਕਰਤਾਰਪੁਰ ਸਾਹਿਬ ਜਾਣ ਦੀ ਇਜ਼ਾਜ਼ਤ ਨਹੀਂ ਦਿੱਤੀ ਜਾ ਰਹੀ। ਭਾਰਤ ਸਰਕਾਰ ਨੇ ਪੁਲਿਸ ਤਸਦੀਕ ਦੀ ਸ਼ਰਤ ਲਗਾਈ ਹੋਈ ਹੈ। ਹਾਲਾਂਕਿ ਜਸਬੀਰ ਸਿੰਘ, ਕਰਤਾਰਪੁਰ ਸਾਹਿਬ ਲਾਂਘੇ ਲਈ ਅਵਾਮ ਦੀਆਂ ਸਮਾਜਿਕ ਕੋਸ਼ਿਸ਼ਾਂ ਵਜੋਂ 2006 ਅਤੇ 2008 ਵਿਚ ਦੋ ਵਾਰ ਪਹਿਲਾਂ ਬਕਾਇਦਾ ਵੀਜ਼ਾ ਲਗਵਾ ਕੇ ਪਾਕਿਸਤਾਨ ਜਾ ਕੇ ਆਇਆ ਹੈ। ਉਧਰ ਗੁਰਦਾਸਪੁਰ ਜ਼ਿਲੇ 'ਚ ਪੁਲਿਸ ਦੇ ਐਸ.ਐਚ.ਓ. ਮਨਜੀਤ ਸਿੰਘ ਧਾਰੀਵਾਲ

ਬਾਕੀ ਸਫ਼ਾ 29 'ਤੇ















ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet
over 100 gallons

open 6am to midnight

Phone: 765-478-6300

SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

Star Alliance BROKERAGE



Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ONE OF THE FASTEST GROWING CITY IN AMERICA AND BEST SCHOOL SYSTEM...



Manjit Singh Nagra

Manjit Singh Nagra
Realtor/Broker
Cell 317-750-1900

Gurdeep (Garry) Chhokar
Realtor/Broker
Cell 317-500-1247



Gurdeep (Garry) Chhokar

We do all type of Home and Commercial Loans, Same day loan approval...

ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

6979 Hillsdale Court, Indianapolis, Indiana 46250

## Legal Document Preparation



Dolly (Sarvinder Kaur)

- Immigration ਇੰਮੀਗਰੇਸ਼ਨ
- Wills & Trusts ਵਸੀਅਤਾਂ
- Divorce ਤਲਾਕ
- Power of Attorney ਮੁਖਤਿਆਰਨਾਮਾ
- Affidavits ਐਫੀਡੇਵਿਟ
- Grant Deeds ਗਰਾਂਟ ਡੀਡਜ਼

**510-648-5554**

dolly@worryfreelegaldocs.com
www.worryfreelegaldocs.com
Not an Attorney

35672 Terrace Drive, Fremont, CA 94536 and
39803 Paseo Padre Pkwy, Ste A, Fremont, CA 94538
Paralegal and Regd. & Bonded LDA# 154, Alameda County

## Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



**Now we have two locations :**

940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*

## SKYWAY TRAVEL

### Serving Around the World Community since 1994

We specialize to Asia, Europe, Middle East. Africa, Australia & etc.

**Special Fares to:**

**SFO To DEL, LAX To DEL**
**AMRITSAR & DELHI**

ਚਾਰ ਜਾਂ ਚਾਰ ਤੋਂ ਵੱਧ ਟਿਕਟਾਂ
ਖਰੀਦਣ 'ਤੇ ਇਕ ਭਾਰ ਤੋਲਣ ਵਾਲੀ
ਮਸ਼ੀਨ ਮੁਫ਼ਤ ਦਿੱਤੀ ਜਾਵੇਗੀ

Book Online 24/7 : www.skywayticket.com

**Call (818) 762-9236**

#15549 Devonshire St.
Ste. 206 Mission Hills, CA 91345

# GLOBAL ALLIANZ
# LAW FIRM LLP

US IMMIGRATION MADE EASY



## ਕਾਨੂੰਨੀ ਸੇਵਾਵਾਂ

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ

Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਅਮਰੀਕੀ ਫੌਜ ਨੇ ਸਭ ਧਰਮਾਂ ਲਈ ਆਪਣੇ ਦਰਵਾਜ਼ੇ ਖੋਲ੍ਹੇ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ-** ਅਮਰੀਕੀ ਫੌਜ ਨੇ ਨਵੇਂ ਨਿਯਮ ਜਾਰੀ ਕੀਤੇ ਹਨ ਜਿਨਾਂ ਤਹਿਤ ਦਸਤਾਰ ਬੰਨ ਕੇ , ਹਿਜ਼ਾਬ ਜਾਂ ਦਾੜੀ ਰਖਣ ਵਾਲੇ ਵਿਅਕਤੀ ਫੌਜ ਵਿਚ ਭਰਤੀ ਹੋ ਸਕਣਗੇ। ਇਸ ਤਰਾਂ ਅਮਰੀਕਾ ਨੇ ਘੱਟ ਗਿਣਤੀਆਂ ਲਈ ਆਪਣੀ ਫੌਜ ਦੇ



ਦਰਵਾਜ਼ੇ ਖੋਲ੍ਹ ਦਿੱਤੇ ਹਨ। ਆਰਮੀ ਏਰਿਕ ਫੈਨਿੰਗ ਦੇ ਸਕੱਤਰ ਵੱਲੋਂ ਜਾਰੀ ਨਵੇਂ ਨਿਯਮਾਂ ਅਨੁਸਾਰ ਹੁਣ ਘਟ ਗਿਣਤੀ ਧਰਮਾਂ ਵਾਲਿਆਂ ਦੀ ਬ੍ਰਿਗੇਡ ਪੱਧਰ ਤੱਕ ਭਰਤੀ ਹੋ ਸਕੇਗੀ। ਪਹਿਲਾਂ ਇਹ ਭਰਤੀ ਸਕੱਤਰ ਪੱਧਰ ਤੱਕ ਸੀ। ਇਸ ਤਰਾਂ ਅਮਰੀਕੀ ਫੌਜ ਦੇ ਅਹਿਮ ਅਹੁੱਦਿਆਂ ਉਪਰ ਘਟ ਗਿਣਤੀ ਧਰਮਾਂ ਦੇ ਲੋਕ ਤਾਇਨਾਤ ਹੋ ਸਕਣਗੇ। ਕਾਂਗਰਸਮੈਨ ਜੋਇ ਕਰੋਲੀ ਨੇ ਅਮਰੀਕੀ ਫੌਜ ਦੇ ਸਕੱਤਰ ਵੱਲੋਂ ਜਾਰੀ ਨਵੇਂ ਦਿਸ਼ਾ ਨਿਰਦੇਸ਼ਾਂ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਹ ਇਕ ਵੱਡੀ ਪ੍ਰਗਤੀ ਹੈ। ਇਸ ਦੀ ਨਾ ਕੇਵਲ ਅਮਰੀਕੀ ਸਿੱਖਾਂ ਲਈ ਅਹਿਮਅਤ ਹੈ ਬਲਕਿ ਦੇਸ਼ ਦੀ ਫੌਜ ਲਈ ਵੀ ਇਸ ਦੇ ਵੱਡੇ ਅਰਥ ਹਨ। ਅਮਰੀਕੀ ਸਿੱਖ ਇਸ ਦੇਸ਼ ਨੂੰ ਪਿਆਰ ਕਰਦੇ ਹਨ। ਹੁਣ ਉਨਾਂ ਨੂੰ ਇਸ ਦੇਸ਼ ਦੀ ਸੇਵਾ ਕਰਨ ਦੇ ਹੋਰ ਮੌਕੇ ਮਿਲਣਗੇ। ਜੋਇ ਅਨੁਸਾਰ ਸਾਰੇ ਧਰਮਾਂ ਲਈ ਸਾਡੇ ਸਨਮਾਨ ਤੇ ਨਿੱਜੀ ਸੁਤੰਤਰਤਾ ਨੇ ਅਮਰੀਕਾ ਨੂੰ ਇਕ ਮਜਬੂਤ ਦੇਸ਼ ਬਣਾਇਆ ਹੈ ਜਿਸ ਕੋਲ ਇਕ ਮਜਬੂਤ ਫੌਜ ਹੈ। ਅਮਰੀਕੀ ਸਿੱਖਾਂ ਨੇ ਅਮਰੀਕਾ ਦੇ ਇਸ ਕਦਮ ਦਾ ਜੋਰਦਾਰ ਸਵਾਗਤ ਕੀਤਾ ਹੈ ਜੋ ਇਸ ਸਬੰਧੀ ਪਿਛਲੇ ਸਮੇਂ ਤੋਂ ਮੁਹਿਮ ਚਲਾ ਰਹੇ ਸਨ। ਸਿੱਖ ਅਮਰੀਕਨ ਕੁਲੀਸ਼ਨ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ ਪਰ ਨਾਲ ਹੀ ਕਿਹਾ ਹੈ ਕਿ ਇਸ ਸਬੰਧੀ ਅਜੇ ਹੋਰ ਕਦਮ ਪੁੱਟਣ ਦੀ ਲੋੜ ਹੈ। ਕੁਲੀਸ਼ਨ ਦੀ ਕਾਨੂੰਨੀ ਡਾਇਰੈਕਟਰ ਹਰਸਿਮਰਨ ਕੌਰ ਨੇ ਕਿਹਾ ਹੈ ਕਿ ਸਾਰੇ ਧਰਮਾਂ ਤੇ ਘਟ ਗਿਣਤੀਆਂ ਦੀ ਫੌਜ ਵਿਚ ਬੇਰੋਕ ਟੋਕ ਭਰਤੀ ਲਈ ਇਕ ਸਥਾਈ ਨੀਤੀ ਬਣਾਈ ਜਾਣੀ ਚਾਹੀਦੀ ਹੈ ਫਿਰ ਵੀ ਅਸੀਂ ਤਾਜਾ ਪ੍ਰਗਤੀ ਤੋਂ ਖ਼ੁਸ਼ ਹਾਂ।

# 'ਚਮਕੌਰ ਦਾ ਯੁੱਧ' ਸਮਰਪਿਤ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ/ ਪ੍ਰਮਿੰਦਰ ਸਿੰਘ ਪ੍ਰਵਾਨਾ :** ਅਮਰੀਕੀ ਪੰਜਾਬੀ ਕਵੀਆਂ ਵਲੋਂ 'ਚਮਕੌਰ ਦਾ ਯੁੱਧ' ਸਮਰਪਿਤ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਿੱਖ ਗੁਰਦੁਆਰਾ ਸੈਨਹੋਜ਼ੇ CFCF MURILD AVE/ Gurdwara Road CA 95148 ਵਿਖੇ ਸਜਾਇਆ ਗਿਆ। ਸ੍ਰੀ ਪ੍ਰਵਾਨਾ ਵਲੋਂ ਮੰਚ ਸੰਭਾਲਦਿਆਂ ਇਤਿਹਾਸ 'ਤੇ ਰੋਸ਼ਨੀ ਪਾਈ ਗਈ ਕਿ ਚਮਕੌਰ ਦੇ ਯੁੱਧ ਵਿਚ ਸਿੰਘਾਂ ਦੀ ਅਸਾਵੀਂ ਫੌਜ ਨੇ ਦੁਸ਼ਮਣ ਨਾਲ ਕਰਾਰੀ ਟੱਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ 40 ਭੁੱਖਣ-ਭਾਣੇ ਲੰਮੀਆਂ ਜੰਗਾਂ ਦਾ ਸਤਾਏ ਸਿੰਘ ਸਨ। ਗੁਰੂ ਜੀ ਨੇ ਕੱਚੀ ਗੜ੍ਹੀ 'ਤੇ ਝਾਤ ਪਾਉਂਦਿਆਂ ਮੁਸਕਰਾ ਕੇ ਕਿਹਾ ਕਿ ਇਥੋਂ ਖ਼ਾਲਸੇ ਦੇ ਬਹਾਦਰੀ, ਬੀਰਤਾ ਅਤੇ ਜੰਗੀ ਹੁਨਰ ਦਾ ਇਤਿਹਾਸ ਲਿਖਿਆ ਜਾਣਾ ਹੈ। ਦੁਸ਼ਮਣ ਦੀ ਦਸ ਲੱਖ ਫੌਜ ਨਾਲ 43 ਸਿੰਘਾਂ ਨੇ ਟਾਕਰਾ ਲਿਆ। ਦੁਸ਼ਮਣਾਂ ਨੂੰ ਮਾਰ ਮੁਕਾ ਕੇ ਢੇਰ ਲਗਾ ਦਿੱਤੇ। ਚਮਕੌਰ ਦਾ ਯੁੱਧ ਸੰਸਾਰ ਪ੍ਰਸਿੱਧ ਲੜਾਈਆਂ ਵਿਚੋਂ ਇਕ ਹੈ। ਇਸ ਸਮੇਂ ਕਵਿਤਾਵਾਂ ਦੇ ਦੌਰ ਵਿਚ ਕਵੀ ਅਮਰਜੀਤ ਸਿੰਘ, ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਸਨ, ਜਿਨ੍ਹਾਂ ਨੇ ਵੀਰ-ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਰਾਜਿੰਦਰ ਸਿੰਘ ਮੁੱਘਰ ਵਲੋਂ ਪ੍ਰੋਗਰਾਮ ਦੀ ਸਫ਼ਲਤਾ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਇਹ ਸਥਾਨਕ ਅਮਰੀਕੀ ਪੰਜਾਬੀ ਕਵੀ ਬੜੇ ਚਿਰ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦਿਆਂ ਸੰਗਤਾਂ ਨੂੰ ਇਤਿਹਾਸ ਨਾਲ ਜੋੜਦੇ ਹਨ ਜੋ ਬੜੀ ਮਿਹਨਤ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਗੁਰੂਘਰ ਵਲੋਂ ਹਮੇਸ਼ਾ ਕਵੀ ਦਰਬਾਰ ਲਈ ਸਮਾਂ ਦਿੱਤਾ ਜਾਂਦਾ ਹੈ। ਇਸ ਮੌਕੇ




ਕਵੀ ਦਰਬਾਰ ਵਿਚ ਪਹੁੰਚੇ ਕਵੀਆਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਪਰਵਿੰਦਰ ਸਿੰਘ ਪ੍ਰਵਾਨਾ ਵਲੋਂ ਦ੍ਰਿੜ ਕਰਵਾਇਆ ਗਿਆ ਕਿ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧ ਲੈ ਕੇ ਇਹ ਧਾਰਮਿਕ ਕਵੀ ਦਰਬਾਰ ਦੂਰ ਦਰਾਜ ਦੇ ਗੁਰਦੁਆਰਿਆਂ ਵਿਚ ਸਜਾਏ ਜਾਂਦੇ ਹਨ ਜੋ ਸੰਗਤਾਂ ਅਤੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਸਫ਼ਲ ਹੁੰਦੇ ਹਨ। ਪ੍ਰੋਗਰਾਮਾਂ ਵਿਚ ਹਿੱਸਾ ਲੈਣ ਲਈ ਸੰਪਰਕ 510-415-9377 ਜਾਂ 408-528-4489 ਹੈ।

## ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹੰਦ ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਦੀਵਾਨ

**ਰਿਚਮੰਡ ਹਿੱਲ/ਏ.ਟੀ. ਨਿਊਜ਼ :** ਇਥੋਂ ਦੇ ਗੁਰਦੁਆਰਾ ਸਾਹਿਬ ਸਿੱਖ ਕਲਚਰਲ ਸੁਸਾਇਟੀ ਦੇ ਮੀਡੀਆ ਇੰਚਾਰਜ ਬਲਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੇ ਸ਼ਹੀਦੀ ਦਿਹਾੜਿਆਂ ਨੂੰ ਸਮਰਪਿਤ ਵਿਸ਼ੇਸ਼ ਦੀਵਾਨ ਗੁਰਦੁਆਰਾ ਸਾਹਿਬ ਵਿਖੇ 28 ਦਸੰਬਰ ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਤੋਂ ਰਾਤ 9:30 ਵਜੇ ਤੱਕ ਸਜਾਏ ਜਾ ਰਹੇ ਹਨ। ਇਸ ਦੌਰਾਨ 29 ਦਸੰਬਰ ਦਿਨ ਐਤਵਾਰ ਨੂੰ ਵੀ ਵਿਸ਼ੇਸ਼ ਧਾਰਮਿਕ ਸਮਾਗਮ ਹੋਣਗੇ ਜਿਸ ਵਿਚ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ, ਉਪਰੰਤ ਪੂਰਾ ਦਿਨ ਸਮਾਗਮ ਚੱਲਣਗੇ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਸਮੂਹ ਸ਼ਹੀਦਾਂ ਦੀ ਅਦੁੱਤੀ ਅਤੇ ਲਾਸਾਨੀ ਕੁਰਬਾਨੀ ਨੂੰ ਸਰਧਾਂਜਲੀ ਦੇਣ ਲਈ ਗੁਰਦੁਆਰਾ ਸਾਹਿਬ ਪਹੁੰਚ ਕੇ ਕੀਰਤਨ ਸਰਵਣ ਕਰੋ ਅਤੇ ਆਪਣਾ ਜੀਵਨ ਸਫਲ ਕਰੋ। ਵਧੇਰੇ ਜਾਣਕਾਰੀ ਲਈ ਜਤਿੰਦਰ ਸਿੰਘ ਬੋਪਾਰਾਏ (ਮੁੱਖ ਸੇਵਾਦਾਰ) ਨਾਲ ਫੋਨ ਨੰਬਰ 718-909-0651 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸੁਗੰਧੀਆਂ ਮੈਗਜ਼ੀਨ ਦੇ ਕਵਰ ਪੇਜ ਦੀ ਘੁੰਡ ਚੁਕਾਈ

**ਨਿਊਯਾਰਕ, ਸਰੀ /ਰਾਜ ਗੋਗਨਾ :** ਬੀਤੇ ਦਿਨ ਪੰਜਾਬ ਭਵਨ ਕੈਨੇਡਾ ਦੇ ਸਿਰਮੌਰ ਮੈਗਜ਼ੀਨ 'ਸੁਗੰਧੀਆਂ' ਦੇ ਨਵੇਂ ਵਰ੍ਹੇ, ਸਾਲ 2020 ਦੇ ਜਨਵਰੀ-ਮਾਰਚ ਅੰਕ ਦੇ ਕਵਰ ਪੇਜ਼ ਦੀ ਘੁੰਡ ਚੁਕਾਈ ਹੋਈ ਜਿਸ ਨੂੰ ਮਾਣਮੱਤੀ ਸ਼ਖ਼ਸੀਅਤ ਉੱਘੇ ਸਮਾਜ ਸੇਵੀ ਸੁੱਖੀ ਬਾਠ ਦੀ ਸਰਪ੍ਰਸਤੀ ਹਾਸਲ ਹੈ,




ਜਿਨ੍ਹਾਂ ਨੇ ਪੰਜਾਬੀ ਮਾਂ ਬੋਲੀ ਦਾ ਨਾਂ ਦੇਸ਼ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਉੱਚਾ ਕੀਤਾ ਹੈ ਅਤੇ ਪੰਜਾਬੀ ਦੇ ਵਿਸਥਾਰ ਅਤੇ ਪ੍ਰਸਾਰ ਲਈ ਕਈ ਉੱਦਮੀ ਕੰਮ ਵੀ ਕੀਤੇ ਹਨ।ਜਿਨ੍ਹਾਂ ਵਿਚੋਂ 'ਸੁਗੰਧੀਆਂ' ਮੈਗਜ਼ੀਨ ਵੀ ਇਕ ਹੈ। ਕਵਿੰਦਰ ਚਾਂਦ ਦੀ ਸੰਪਾਦਨਾ ਹੇਠ ਇਹ ਪਰਚਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰ ਰਿਹਾ ਹੈ। ਪ੍ਰੀਤ ਪਬਲੀਕੇਸ਼ਨ ਨਾਭਾ ਇਸ ਮੈਗਜ਼ੀਨ ਨੂੰ ਪ੍ਰਕਾਸ਼ਤ ਕਰਕੇ ਮਾਣ ਮਹਿਸੂਸ ਕਰਦਾ ਹੈ ਅਤੇ ਨਵੇਂ ਵਰ੍ਹੇ ਵਿਚ ਨਵੇਂ ਅੰਕ ਨਾਲ਼ ਬਹੁਤ ਜਲਦ ਹੀ ਹਾਜ਼ਰ ਹੋਵੇਗਾ।

# 'ਛਣਕਾਟਾ ਵੰਗਾਂ ਦਾ 2020' ਦੀਆਂ ਤਿਆਰੀਆਂ ਜ਼ੋਰਾਂ 'ਤੇ

### *5 ਜਨਵਰੀ ਨੂੰ ਹੋਣ ਵਾਲੇ ਇਸ ਪ੍ਰੋਗਰਾਮ 'ਚ ਪੰਜਾਬੀ ਹੁੰਮ ਹੁਮਾ ਕੇ ਪੁੱਜਣ : ਗਾਖਲ*

**ਫਰੀਮਾਂਟ/ਏ.ਟੀ. ਨਿਊਜ਼ -** ਇੰਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਵਲੋਂ ਸ. ਅਮੋਲਕ ਸਿੰਘ ਗਾਖਲ ਅਤੇ ਐਸ.ਅਸ਼ੋਕ ਭੌਰਾ ਦੇ ਸਹਿਯੋਗ ਦੇ ਨਾਲ ਨਵੇਂ ਵਰ੍ਹੇ 2020 ਨੂੰ ਜੀ ਆਇਆਂ ਆਖਦੇ ਪ੍ਰੋਗਰਾਮ 'ਛਣਕਾਟਾ ਵੰਗਾਂ ਦਾ' ਦੀਆਂ ਤਿਆਰੀਆਂ ਅੱਜ ਕੱਲ੍ਹ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਇਹ ਪ੍ਰੋਗਰਾਮ ਸੰਗੀਤ ਦੀ ਇਕ ਪਰਿਵਾਰਕ ਪੇਸ਼ਕਾਰੀ ਹੈ ਜਿਸ ਵਿਚ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਲਈ ਮਨੋਰੰਜਨ ਦੇ ਨਾਲ ਨਾਲ ਪੰਜਾਬੀ ਜ਼ੁਬਾਨ, ਲੋਕ ਨਾਚਾਂ, ਵਿਰਸੇ ਅਤੇ ਸੱਭਿਆਚਾਰ ਨਾਲ ਜੁੜਨ ਦਾ ਇਕ ਖ਼ੂਬਸੂਰਤ ਮੰਚ ਹੋਵੇਗਾ। ਦੇਬੀ ਮਖਸੂਸਪੁਰੀ ਦੀ ਸ਼ਾਇਰੀ ਅਤੇ ਗਾਇਕੀ ਦਾ ਇਕ ਆਪਣਾ ਤੇ ਸਰਬ ਪ੍ਰਵਾਨਿਤ ਰੰਗ ਹੈ, ਬੀਬੀਆਂ 'ਤੇ ਨੌਜਵਾਨ ਵਰਗ ਵਿਚ ਅੰਮ੍ਰਿਤਾ ਵਿਰਕ ਦੀ ਇਕ ਨਿਵੇਕਲੀ ਪਛਾਣ ਹੋਣ ਦੇ ਨਾਲ ਨਾਲ ਹਾਸਿਆਂ ਦੀ ਪੇਸ਼ਕਾਰੀ ਭਜਨਾ ਅਮਲੀ ਕਮਾਲ ਦੀ ਕਰੇਗਾ। ਨੌਜਵਾਨ ਗਾਇਕ ਸੱਤੀ ਪਾਬਲਾ ਕੈਲੀਫੋਰਨੀਆਂ ਦੇ ਪੰਜਾਬੀ ਹਲਕਿਆਂ 'ਚ ਪਹਿਲਾਂ ਹੀ ਪਿਆਰਾ ਅਤੇ ਸਤਿਕਾਰ ਵਾਲਾ ਨਾਮ ਹੈ। ਗਿੱਧਾ ਭੰਗੜਾ, ਸਕਿੱਟਾਂ ਅਤੇ ਕੋਰੀਓਗ੍ਰਾਫੀ ਆਦਿ ਆਈਟਮਾਂ 'ਅਜੇ ਭੰਗੜਾ ਅਕੈਡਮੀ', 'ਡਾਂਸ ਕ੍ਰਿਸ਼ਮਾ ਅਕੈਡਮੀ' ਅਤੇ 'ਧੜਕਣ ਪੰਜਾਬ ਦੀ' ਵਲੋਂ





ਬਾਖ਼ੂਬੀ ਪੇਸ਼ ਕੀਤੀਆਂ ਜਾਣਗੀਆਂ। ਪੈਰਾਡਾਈਜ਼ ਬਾਲਰੂਮ 4100 ਪਰਿਆਲਟਾ ਬੁਲੇਵਾਰਡ ਵਿਖੇ ਹੋਣ ਵਾਲੇ ਇਸ '8ਵੇਂ ਛਣਕਾਟਾ ਵੰਗਾਂ 2020' ਪ੍ਰੋਗਰਾਮ ਨੂੰ ਅਮਰ ਅਵਾਜ਼ ਮਰਹੂਮ ਗਾਇਕ ਆਸਾ ਸਿੰਘ ਮਸਤਾਨਾ ਨੂੰ ਸਮਰਪਿਤ ਕੀਤਾ ਗਿਆ ਹੈ। ਮੁੱਖ ਮਹਿਮਾਨ ਮੈਨੀ ਗਰੇਵਾਲ ਹੋਣਗੇ। ਉਦਘਾਟਨ ਬੋਪਾਰਾਏ ਬ੍ਰਦਰਜ਼, ਸ਼ਮਾ ਰੌਸ਼ਨ ਸਹੋਤਾ ਭਰਾ ਅਤੇ ਡਾਇਮੰਡ ਟਰੱਕਿੰਗ ਦੇ ਗੁਲਵਿੰਦਰ ਸਿੰਘ ਗਾਖਲ, ਪਿੰਕੀ ਤੇ ਨੇਕੀ ਅਟਵਾਲ ਸਾਂਝੇ ਰੂਪ ਵਿਚ ਕਰਨਗੇ। ਮੰਚ ਸੰਚਾਲਨ ਸ਼ਕਤੀ ਮਾਣਕ ਦਾ ਹੋਵੇਗਾ। ਸੋ ਸਵੇਰੇ 11 ਵਜੇ ਤੋਂ ਦੇਰ ਸ਼ਾਮ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ 'ਚ ਸਮੂਹ ਪੰਜਾਬੀਆਂ ਨੂੰ ਪਰਿਵਾਰਾਂ ਸਮੇਤ ਸ਼ਿਰਕਤ ਕਰਨ ਦੀ ਅਪੀਲ ਹੈ।

# ਅਮਰੀਕਾ ਨੇ 2019 ਵਿੱਚ 929 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ- ਸਤਨਾਮ ਸਿੰਘ ਚਾਹਲ

**ਨਿਊਯਾਰਕ/ਰਾਜ ਗੋਗਨਾ—**ਅਮਰੀਕਾ ਨੇ ਦੇਸ਼ ਦੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਕਾਰਨ ਸਾਲ 2019 ਦੇ ਪਹਿਲੇ ਸੱਤ ਮਹੀਨਿਆਂ ਦੌਰਾਨ 42 ਔਰਤਾਂ ਸਮੇਤ 929 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। ਇਹ ਪ੍ਰਗਟਾਵਾ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੇ ਕਾਰਜਕਾਰੀ ਨਿਰਦੇਸ਼ਕ ਸਤਨਾਮ ਸਿੰਘ ਚਾਹਲ ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ। ਉਹਨਾਂ ਦਸਿਆ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ (ਆਈ. ਸੀ. ਈ.) ਵਿਭਾਗ ਵੱਲੋਂ ਸੂਚਨਾ ਦੀ ਆਜ਼ਾਦੀ ਐਕਟ (ਐਫ.ਓ.ਆਈ.ਏ) ਤਹਿਤ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਪਤਾ ਲਗਾ ਹੈ ਕਿ ਅਮਰੀਕਾ ਦੇ ਵਿੱਤੀ ਸਾਲ 2014 ਤੋਂ ਹੁਣ ਤਕ ਸੰਯੁਕਤ ਰਾਜ ਅਮਰੀਕਾ ਵਲੋਂ ਦੇਸ਼ ਤੋਂ ਬਾਹਰ ਨਿਕਾਲੇ ਜਾਣ ਵਾਲੇ ਭਾਰਤੀਆਂ ਦੀ ਇਹ ਸਭ ਤੋਂ ਵੱਡੀ ਸੰਖਿਆ ਸੀ ਜਿਸ ਵਿੱਚ 6 ਔਰਤਾਂ ਸਣੇ ਸਿਰਫ 87 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਸੇ ਤਰ੍ਹਾਂ ਵਿੱਤੀ ਸਾਲ 2015 ਵਿਚ ਸਿਰਫ 202 ਮਰਦ ਅਤੇ ਭਾਰਤੀ ਮੂਲ ਦੇ 22 ਔਰਤਾਂ ਨੂੰ ਦੇਸ਼ ਨਿਕਾਲਾ ਦਿਤਾ ਗਿਆ ਸੀ । ਸ: ਚਾਹਲ ਨੇ ਦਸਿਆ ਕਿ ਵਿੱਤੀ ਸਾਲ 2016 ਵਿਚ ਸਿਰਫ 102 ਪੁਰਸ਼ ਅਤੇ ਇਕ ਔਰਤ, ਵਿੱਤੀ ਸਾਲ 2017 ਵਿਚ 343 ਮਰਦ ਅਤੇ 15 ਔਰਤਾਂ ਅਤੇ ਵਿੱਤੀ ਸਾਲ 2018 ਵਿਚ 323 ਮਰਦ ਅਤੇ 18 ਔਰਤਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਸੀ. ਸ: ਚਾਹਲ ਨੇ ਕਿਹਾ ਕਿ ਭਾਵੇਂ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦਿਤੇ ਗਏ ਲੋਕਾਂ ਵਿਚੋਂ ਪੰਜਾਬ ਖੇਤਰ ਨਾਲ ਸਬੰਧਤ ਲੋਕਾਂ ਦੀ ਕੋਈ ਠੀਕ ਜਾਣਕਾਰੀ ਨਹੀਂ ਹੈ ਪਰ ਇਹ ਕਿਹਾ ਜਾਂਦਾ ਹੈ ਕਿ ਇਹਨਾਂ ਲੋਕਾਂ ਵਿਚ ਜਿਆਦਾ ਗਿਣਤੀ ਪੰਜਾਬੀਆਂ ਦੀ ਸੀ। ਉਹਨਾਂ ਦਸਿਆ ਕਿ ਸਾਲ 1990 ਤੋਂ ਲੈ ਕਿ ਅਮਰੀਕਾ ਵਿਚ ਅਣਅਧਿਕਾਰਤ ਪ੍ਰਵਾਸੀਆਂ ਦੇ ਹਟਾਉਣ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ ਜੋ ਕਿ ਅੱਜ ਕਈ ਦੇਸ਼ਾਂ ਨਾਲ ਸਬੰਧਤ ਕੁਲ 30,000 ਤੋਂ ਲੈ ਕਿ ਸਾਲਾਨਾ ਤਕਰੀਬਨ 400,000 ਤਕ ਹੋ ਗਿਆ ਹੈ।

ਸ਼: ਚਾਹਲ ਨੇ ਦਸਿਆ ਕਿ ਯੂਐਸ-ਮੈਕਸੀਕੋ ਸਰਹੱਦ 'ਤੇ ਕੀਤੀਆਂ ਗਈਆਂ ਗਰਿਫਤਾਰੀਆਂ ਦਾ ਅੰਕੜਾ ਵਿੱਤੀ ਸਾਲ 2019 ਦੌਰਾਨ ਕੁੱਲ 10 ਲੱਖ ਦੇ ਅੰਕੜਿਆਂ ਤੱਕ ਪਹੁੰਚ ਸਕਦਾ ਹੈ, ਜੋ ਕਿ ਦੋ ਸਾਲ ਪਹਿਲਾਂ 1971 ਤੋਂ ਬਾਅਦ ਦੇ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਭ ਤੋਂ ਹੇਠਲੇ ਪੱਧਰ ਤੇ ਵੇਖੇ ਜਾਣਗੇ ਜੋ ਕਿ ਅਮਰੀਕੀ ਸਰਹੱਦੀ ਸੁਰੱਖਿਆ ਵਾਤਾਵਰਣ ਲਈ ਇੱਕ ਸ਼ਾਨਦਾਰ ਤਬਦੀਲੀ ਹੋ ਨਿਬੜੇਗੀ । ਸ਼: ਚਾਹਲ ਨੇ ਕਿਹਾ ਕਿ ਬਹੁਤ ਸਾਰੇ ਭਾਰਤੀ ਮੂਲ ਦੇ ਗੈਰਕਾਨੂੰਨੀ ਪ੍ਰਵਾਸੀ ਲਾਤੀਨੀ ਅਮਰੀਕਾ ਵਿਚੋਂ ਲੰਘਦੇ ਸਨ, ਜੋ ਕਿ ਬਹੁਤ ਸਾਰੇ ਮਹਿੰਗੇ, ਤਸੀਹੇਵਾਲੇ ਅਤੇ ਅਕਸਰ ਖ਼ਤਰਨਾਕ ਸਫਰਾਂ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਤਕ ਪਹੁੰਚਣ ਦੀ ਉਮੀਦ ਕਰਦੇ ਸਨ ਜਿਸ ਵਿਚ ਕਈ ਮਹੀਨੇ ਜਾਂ ਕਈ ਸਾਲ ਲੱਗਦੇ ਹਨ। ਉਹਨਾਂ ਦਸਿਆ ਕਿ ਪਿਛਲੇ 15 ਸਾਲਾਂ ਤੋਂ ਫਾਸਟ ਟਰੈਕ ਦੇਸ਼ ਨਿਕਾਲੇ ਦੀ ਪ੍ਰਕਿਰਿਆ ਜਿਸ ਨੂੰ ਤੇਜ਼ੀ ਨਾਲ ਹਟਾਉਣ ਵਜੋਂ ਜਾਣਿਆ ਜਾਂਦਾ ਹੈ, ਸਰਹੱਦ ਦੇ ਨੇੜੇ ਬਾਰਡਰ ਪੈਟਰੋਲ ਏਜੰਟਾਂ ਦੁਆਰਾ ਵਰਤੀ ਜਾਂਦੀ ਰਹੀ ਹੈ. ਪਰ ਹੁਣ ਪਹਿਲੀ ਵਾਰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈ. ਸੀ. ਈ.) ਦੇ ਏਜੰਟ ਇਕਪਾਸੜ ਤੌਰ 'ਤੇ ਇਥੇ ਦੋ ਸਾਲਾਂ ਤੋਂ ਵੀ ਘੱਟ ਸਮੇਂ ਤੋਂ ਰਹਿ ਰਹੇ ਗ਼ੈਰ-ਪ੍ਰਮਾਣਿਤ ਪ੍ਰਵਾਸੀਆਂ ਨੂੰ ਪੁੱਛਗਿੱਛ ਜਾਂ ਗਿਰਫਤਾਰ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਵੀ ਦੇ ਸਕਦੇ ਹਨ . ਉਹਨਾਂ ਦਸਿਆ ਕਿ ਸਾਲ 2001 ਤੋਂ 2008 ਦੇ ਵਿਚਕਾਰ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਕਾਰਜਕਾਲ ਦੇ ਸਮੇਂ ਲਗਭਗ 20 ਲੱਖ ਲੋਕਾਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਇਸੇ ਤਰਾਂ ਸਾਲ 2009 ਤੋਂ 2016 ਦੇ ਵਿਚਕਾਰ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਸਮੇਂ ਕਈ ਦੇਸ਼ਾਂ ਦੇ ਲਗਭਗ 2.9 ਮਿਲੀਅਨ ਲੋਕਾਂ ਨੂੰ ਸੰਯੁਕਤ ਰਾਜ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ। ਚਾਹਲ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਦੌਰਾਨ ਦੇਸ਼ ਨਿਕਾਲੇ ਓਬਾਮਾ ਦੇ ਦੌਰ ਨਾਲੋਂ ਘੱਟ ਹਨ। ਹਾਲਾਂਕਿ ਰਾਸ਼ਟਰਪਤੀ ਟਰੰਪ ਨੇ ਆਪਣੀ ਪਹਿਲੀ ਮਿਆਦ ਦੇ ਇਮੀਗ੍ਰੇਸ਼ਨ ਤੇ ਰੋਕ ਲਗਾ ਦਿੱਤੀ ਹੈ, ਪਰ ਉਨ੍ਹਾਂ ਦਾ ਪ੍ਰਸ਼ਾਸਨ ਰਾਸ਼ਟਰਪਤੀ ਬਰਾਕ ਓਬਾਮਾ ਦੇ ਦੇਸ਼ ਨਿਕਾਲੇ ਦੀ ਰਫਤਾਰ ਤੋਂ ਕਿਤੇ ਪਿੱਛੇ ਹੈ।ਸ: ਚਾਹਲ ਨੇ ਕਿਹਾ ਕਿ ਰਾਸ਼ਟਰਪਤੀ ਓਬਾਮਾ ਨੇ ਸਾਲ 2012 ਵਿੱਚ ਹੀ ਵੱਖ ਵੱਖ ਦੇਸ਼ਾਂ ਨਾਲ ਸਬੰਧਤ 409,849 ਲੋਕਾਂ ਨੂੰ ਦੇਸ਼ ਵਿਚੋਂ ਦੇਸ਼ ਨਿਕਾਲਾ ਦੇ ਦਿੱਤਾ ਸੀ। ਰਾਸ਼ਟਰਪਤੀ ਟਰੰਪ ਜਿਨ੍ਹਾਂ ਨੇ ਪ੍ਰਵਾਸੀਆਂ ਦੇ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਦੀ ਸਹੁੰ ਖਾਧੀ ਸੀ, ਨੇ ਅਜੇ ਇਕ ਸਾਲ ਵਿਚ 260,000 ਦੇਸ਼ ਨਿਕਾਲੇ ਦੇ ਅੰਕੜੇ ਨੂੰ ਹੀ ਪਾਰ ਕੀਤਾ ਹੈ। ਚਾਹਲ ਨੇ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਰਾਸ਼ਟਰਪਤੀ ਓਬਾਮਾ ਨੇ ਆਪਣੇ ਪਹਿਲੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ 1.18 ਮਿਲੀਅਨ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਸੀ,ਉਤਨੇ ਸਮੇਂ ਦੌਰਾਨ ਰਾਸ਼ਟਰਪਤੀ ਟਰੰਪ ਨੇ 800,000 ਤੋਂ ਘੱਟ ਲੋਕਾਂ ਨੂੰ ਅਮਰੀਕਾ ਵਿਚੋਂ ਦੇਸ਼ ਨਿਕਾਲੇ ਦਿੱਤੇ ਹਨ। ਚਾਹਲ ਨੇ ਕਿਹਾ ਕਿ ਅਮਰੀਕਾ ਵਿਚੋਂ ਨਿਕਾਲੇ ਜ਼ਿਆਦਾਤਰ ਭਾਰਤੀ ਮੂਲ ਦੇ ਲੋਕ ਨਾ ਤਾਂ ਸਖ਼ਤ ਅਪਰਾਧੀ ਸਨ ਅਤੇ ਨਾ ਹੀ ਸੰਤ। ਇਹ ਉਹ ਲੋਕ ਸਨ ਜਿਨ੍ਹਾਂ ਨੇ ਸਿਰਫ ਆਪਣੇ ਵੀਜ਼ੇ ਦੀ ਮਿਆਦ ਜਾਂ ਤਾਂ ਖਤਮ ਕਰ ਲਈ ਸੀ ਜਾਂ ਫਿਰ ਉਹਨ੍ਹਾਂ ਦੇ ਪਨਾਹ ਲੈਣ ਦੇ ਦਾਅਵੇ ਅਸਫਲ ਹੋਏ ਸਨ . ਉਹਨਾਂ ਕਿਹਾ ਕਿ ਸਭ ਤੋਂ ਆਮ ਅਪਰਾਧਿਕ ਦੋਸ਼ਾਂ ਵਿਚੋਂ ਇਕ ਅਪਰਾਧ ਸੰਯੁਕਤ ਰਾਜ ਅਮਰੀਕਾ ਵਿੱਚ ਗ਼ੈਰਕਾਨੂੰਨੀ ਤੌਰ 'ਤੇ ਦਾਖ਼ਲ ਹੋਣਾ ਵੀ ਸੀ।



## ਵਾਟਕੌਮੀ ਕਾਊਂਟੀ ਦੀ ਐਗਜੈਕਟਿਵ ਦੇ ਜੇਤੂ ਸਿੱਧੂ ਦਾ ਸਹੁੰ ਚੁੱਕ ਸਮਾਗਮ 11 ਜਨਵਰੀ ਨੂੰ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਪੰਜਾਬੀ ਭਾਈਚਾਰੇ ਦੇ ਉਮੀਦਵਾਰ ਪਹਿਲੀ ਵਾਰ ਸਤਪਾਲ ਸਿੰਘ ਸਿੱਧੂ ਵਾਟਕੌਮ ਕਾਊਂਟੀ ਦੇ ਐਗਜ਼ੈਕਟਿਵ ਦੀ ਚੋਣ ਜਿੱਤਣ ਤੇ ਬੈਲਗਹਿੰਮ ਕਾਊਂਟੀ ਆਫਿਸ ਵਿਚ 11 ਜਨਵਰੀ 2020 ਨੂੰ 11 ਵਜੇ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਜਾ ਰਿਹਾ ਹੈ ਜਿੱਥੇ ਪੰਜਾਬੀ ਭਾਈਚਾਰੇ ਦੇ ਵਲੰਟੀਅਰਾਂ, ਚਹੇਤਿਆਂ, ਦੋਸਤਾਂ ਮਿੱਤਰਾਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ। ਸਤਪਾਲ ਸਿੰਘ ਸਿੱਧੂ ਦੇ ਜਮਾਤੀ ਦੋਸਤ ਤੇ ਵਲੰਟੀਅਰ ਹਰਦੇਵ ਸਿੰਘ ਜੱਜ ਨੇ ਦੱਸਿਆ ਕਿ ਪੰਜਾਬੀਆਂ ਵਾਸਤੇ ਮਾਣ ਦੀ ਗੱਲ ਹੈ ਕਿ ਪਹਿਲੀ ਵਾਰ ਸਤਪਾਲ ਸਿੰਘ ਸਿੱਧੂ ਵਾਸ਼ਿੰਗਟਨ ਸਟੇਟ ਵਿਚ ਉੱਚ ਅਹੁਦੇ ਤੇ ਚੋਣ ਜਿੱਤ ਕੇ ਪਹੁੰਚਿਆ ਹੈ। ਇਸ ਤੋਂ ਪਹਿਲਾਂ ਸਤਪਾਲ ਸਿੱਧੂ ਵਾਟਕੌਮ ਕਾਊਂਟੀ ਦੇ ਕੌਂਸਿਲ ਮੈਂਬਰ ਵੀ ਰਹਿ ਚੁੱਕੇ ਹਨ। ਹਰਦੇਵ ਸਿੰਘ ਨੇ ਦੱਸਿਆ ਕਿ ਇਸੇ ਸ਼ਹਿਰ ਬੈਲਗਹਿੰਮ ਵਿਚ 100 ਸਾਲ ਪਹਿਲਾਂ ਨਸਲੀ ਵਿਤਕਰੇ ਕਾਰਨ ਘੱਟਗਿਣਤੀ ਦੇ ਲੋਕਾਂ ਨੂੰ ਪੰਜਾਬੀਆਂ ਸਮੇਤ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਸੀ ਜਿਸ ਕਰਕੇ ਗਦਰੀ ਬਾਬਿਆਂ ਨੇ ਇਕੱਠਿਆਂ ਹੋ ਕੇ ਆਪਣੇ ਹੱਕਾਂ ਦੀ ਖਾਤਰ ਵੋਟ ਦੇ ਅਧਿਕਾਰ ਲਈ ਸੰਘਰਸ਼ ਤੇ ਜੱਦੋ ਜਹਿਦ ਕੀਤੀ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਉਸੇ ਸ਼ਹਿਰ ਬੈਲਗਹਿੰਮ ਵਿਚ ਕਮਿਸ਼ਨਰ ਵਰਗੀ ਪੁਜੀਸ਼ਨ ਜਿੱਤ ਦੇ ਸਤਪਾਲ ਸਿੱਧੂ ਕਮਾਂਡ ਕਰੇਗਾ।

## ਆਈਐੱਮਐੱਫ ਵਲੋਂ ਪਾਕਿਸਤਾਨ ਨੂੰ ਕਾਲੀ ਸੂਚੀ ਵਿਚ ਸ਼ਾਮਲ ਕਰਨ ਦੀ ਚੇਤਾਵਨੀ

**ਇਸਲਾਮਾਬਾਦ/ਏ.ਟੀ. ਨਿਊਜ਼ :** ਕੌਮਾਂਤਰੀ ਮੁਦਰਾ ਕੋਸ਼ (ਆਈਐੱਮਐੱਫ) ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਪੈਰਿਸ ਸਥਿਤ ਐੱਫਏਟੀਐੱਫ ਵੱਲੋਂ ਪਾਕਿਸਤਾਨ ਨੂੰ ਕਾਲੀ ਸੂਚੀ ਵਿਚ ਸ਼ਾਮਲ ਕਰਨ ਨਾਲ ਦੇਸ਼ ਵਿਚ ਪੂੰਜੀ ਦਾ ਪ੍ਰਵਾਹ ਪ੍ਰਭਾਵਿਤ ਹੋ ਸਕਦਾ ਹੈ। ਦਹਿਸ਼ਤਗਰਦਾਂ ਨੂੰ ਜਾਰੀ ਕੀਤੀ ਜਾਂਦੀ ਰਾਸ਼ੀ ’ਤੇ ਸੰਸਾਰ ਪੱਧਰ ’ਤੇ ਨਿਗਰਾਨੀ ਰੱਖਣ ਵਾਲੇ ਐੱਫਏਟੀਐੱਫ ਨੇ ਪਾਕਿਸਤਾਨ ਨੂੰ ਫਰਵਰੀ 2020 ਤੱਕ ‘ਗ੍ਰੇਅ ਲਿਸਟ’ ਵਿਚ ਰੱਖਿਆ ਹੈ। ਨਾਲ ਹੀ ਐੱਫਏਟੀਐੱਫ ਨੇ ਪਾਕਿਸਤਾਨ ਨੂੰ ਚਿਤਾਵਨੀ ਦਿੱਤੀ ਹੈ ਕਿ ਜੇ ਉਹ 27 ਪ੍ਰਸ਼ਨਾਂ ਦੀ ਸੂਚੀ ਵਿਚੋਂ 22 ’ਤੇ ਕਾਰਵਾਈ ਨਹੀਂ ਕਰਦਾ ਤਾਂ ਉਸ ਨੂੰ ਕਾਲੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਜਾਵੇਗਾ। ਪਾਕਿਸਤਾਨ ਨੇ 22 ਸਵਾਲਾਂ ਸਬੰਧੀ ਆਪਣੇ ਜਵਾਬ 6 ਦਸੰਬਰ ਨੂੰ ਐੱਫਏਟੀਐੱਫ ਨੂੰ ਸੌਂਪੇ ਸਨ। ਆਈਐੱਮਐੱਫ ਟੀਮ ਦੀ ਪਾਕਿਸਤਾਨ ਯਾਤਰਾ ਦੌਰਾਨ ਇਸ ਰਿਪੋਰਟ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ।

### ਗੁਰਦੁਆਰਾ ਸਾਹਿਬ ਫਰੀਮੌਂਟ ਚੋਣ ਮਸਲਾ

# ਬਾਸਾ ਤੇ ਖਾਲਸਾ ਧੜਾ ਚੋਣਾਂ ਨਾ ਕਰਾਕੇ ਜ਼ਬਰੀ ਕਬਜ਼ਾ ਰੱਖਣ ਦੇ ਰੌਂਅ ਵਿੱਚ

**ਫਰੀਮੌਂਟ/ਏ.ਟੀ. ਨਿਊਜ਼ :** ਸਿੱਖ ਪੰਚਾਇਤ ਨੇ ਅਖ਼ਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਹੈ ਕਿ ਬਾਸਾ ਤੇ ਖਾਲਸਾ ਧੜਾ 8 ਮਾਰਚ 2020 ਨੂੰ ਹੋਣ ਵਾਲੀਆਂ ਚੋਣਾਂ ਦਾ ਐਲਾਨ ਕਰਨ ਤੋਂ ਭੱਜ ਰਿਹਾ ਹੈ। ਖਾਲਸਾ ਧੜੇ ਦੇ ਤਿੰਨ ਸੁਪਰੀਮ ਕੌਂਸਲ ਮੈਂਬਰਾਂ ਨੇ ਚੋਣਾਂ ਦੇ ਸਬੰਧ ਵਿੱਚ ਕੋਈ ਵੀ ਤਰੀਕ ਐਲਾਨ ਕਰਨ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਵੱਲੋਂ ਇਹ ਦਲੀਲ ਦਿੱਤੀ ਜਾ ਰਹੀ ਹੈ ਕਿ ਪਹਿਲਾਂ ਵੋਟਰ ਲਿਸਟ, ਮੈਂਬਰਸ਼ਿਪ ਅਪਡੇਟ ਕਮੇਟੀ ਨੂੰ ਦਿੱਤੀ ਜਾਵੇ। ਯਾਦ ਰਹੇ ਪਿਛਲੇ ਦਿਨਾਂ ਵਿੱਚ ਦੋਹਾਂ ਗਰੁੱਪਾਂ ਦੀ ਸਹਿਮਤੀ ਨਾਲ ਮੈਂਬਰਸ਼ਿਪ ਅਪਡੇਟ ਕਮੇਟੀ ਬਣਾਈ ਸੀ ਜਿਸ ਦਾ ਕੰਮ ਜਿਹੜੇ ਮੈਂਬਰਾਂ ਦੀ ਮੌਤ ਹੋ ਗਈ ਜਾਂ ਕੋਈ ਹੁਣ ਇਸ ਇਲਾਕੇ ਵਿੱਚ ਨਹੀਂ ਰਹਿੰਦਾ ਤਾਂ ਉਨ੍ਹਾਂ ਦੇ ਨਾਮ ਵੋਟਰ ਲਿਸਟ ਵਿੱਚੋਂ ਛਾਂਟ ਦਿੱਤੇ ਜਾਣ ਤਾਂ ਜੋ ਉਨ੍ਹਾਂ ਦੇ ਨਾਮ ਤੇ ਵੋਟ ਨਾ ਪੈ ਸਕੇ। ਇਸ ਕਮੇਟੀ ਨੇ ਚੋਣਾਂ ਤੋਂ ਬਾਅਦ ਵੀ ਆਪਣਾ ਕੰਮ ਜਾਰੀ ਰੱਖਣਾ ਹੈ ਕਿਉਂਕਿ ਇਹ ਕੰਮ ਇਕ ਦੋ ਮਹੀਨੇ ਵਿੱਚ ਹੋਣ ਵਾਲਾ ਨਹੀਂ। ਇਹ ਲੱਭਣਾ ਇੰਨਾ ਸੌਖਾ ਨਹੀਂ ਕਿ ਕਿਸ ਦੀ ਮੌਤ ਹੋ ਗਈ ਹੈ। ਹਰੇਕ ਮੈਂਬਰ ਨੂੰ ਕਾਲ ਕਰਕੇ ਨਹੀਂ ਪੁੱਛਿਆ ਜਾ ਸਕਦਾ ਅਤੇ ਇਸੇ ਤਰ੍ਹਾਂ ਕੌਣ ਇਸ ਇਲਾਕੇ ਵਿੱਚ ਨਹੀਂ ਰਹਿੰਦਾ। ਸਿੱਖ ਪੰਚਾਇਤ ਨੇ ਕਿਹਾ ਕਿ ਬਾਸਾ ਤੇ ਖਾਲਸਾ ਧੜੇ ਨੂੰ ਆਪਣੀ ਹਾਰ ਯਕੀਨੀ ਲੱਗਦੀ ਹੈ ਕਿਉਂਕਿ ਸੰਗਤ ਇਨ੍ਹਾਂ ਦਾ ਸਾਥ ਨਹੀਂ ਦੇ ਰਹੀ, ਇਸ ਲਈ ਇਹ ਕਬਜ਼ਾ ਬਰਕਰਾਰ ਰੱਖਣ ਦੇ ਬਹਾਨੇ ਲੱਭ ਰਹੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਵੋਟ ਪਾਉਣ ਆਏ ਵਿਅਕਤੀ ਦੀ ਫੋਟੋ ਆਈ ਡੀ ਤੇ ਐਡਰੈਸ ਦੇਖੇ ਜਾਂਦੇ ਹਨ ਤਾਂ ਇਹ ਲਿਸਟ ਅਪਡੇਟ ਕਰਨ ਦੀ ਕੀ ਜ਼ਰੂਰਤ ਹੈ ? ਉਨ੍ਹਾਂ ਕਿਹਾ ਕਿ ਜਦੋਂ ਇਹ ਲੋਕ ਆਪ 2012 ਤੋਂ ਜਿਹੜੀ ਵੋਟਰ ਲਿਸਟ ਨਾਲ ਜਿੱਤ ਰਹੇ ਹਨ ਉਹ ਦਾ ਕੀ ਅਪਡੇਟ ਕਰਨਾ ਹੈ ? ਉਨ੍ਹਾਂ ਨੇ ਸੰਗਤ ਨੂੰ ਕਿਹਾ ਕਿ ਇਹ ਲੋਕ ਗੁਰਦੁਆਰੇ ਦਾ ਕੋਰਟ ਕੇਸ ਲਮਕਾ ਕੇ ਆਪਣਾ ਕਬਜ਼ਾ ਬਣਾਈ ਰੱਖਣ ਦੇ ਰੌਂਅ ਵਿੱਚ ਹਨ।

ਤਿੰਨ ਸੁਪਰੀਮ ਕੌਂਸਲ ਮੈਂਬਰਾਂ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ ਤੇ ਕੁਲਜੀਤ ਸਿੰਘ ਨੇ ਕੋਰਟ ਵਿੱਚ ਅਰਜ਼ੀ ਪਾਈ ਹੈ ਕਿ ਅਗਲੀਆਂ ਚੋਣਾਂ ਤੱਕ ਦੀਵਾਨ ਹਾਲ ਵਿੱਚ ਕੋਈ ਜਨਰਲ ਬਾਡੀ ਨਹੀਂ ਹੋ ਸਕਦੀ। ਇਸ ਦਾ ਭਾਵ ਹੈ ਕਿ ਜੇ ਚੋਣਾਂ 8 ਮਾਰਚ ਨੂੰ ਨਹੀਂ ਹੁੰਦੀਆਂ ਤਾਂ ਵੀ ਜਨਰਲ ਬਾਡੀ ਕਰਕੇ ਇਨ੍ਹਾਂ ਨੂੰ ਬਦਲਿਆ ਨਹੀਂ ਜਾ ਸਕਦਾ ਭਾਵ ਇਨ੍ਹਾਂ ਤਿੰਨਾਂ ਦਾ ਕਬਜ਼ਾ ਜਾਰੀ ਰਹੇਗਾ। ਦੋ ਸੁਪਰੀਮ ਕੌਂਸਲ ਮੈਂਬਰ ਹਰਿੰਦਰਪਾਲ ਸਿੰਘ ਤੇ ਜਸਵਿੰਦਰ ਸਿੰਘ ਜੰਡੀ ਦੇ ਵਕੀਲ ਨੇ ਕੋਰਟ ਨੂੰ ਕਿਹਾ ਹੈ ਕਿ ਅਸੀਂ 8 ਮਾਰਚ ਤੱਕ ਕੋਈ ਜਨਰਲ ਬਾਡੀ ਨਹੀਂ ਕਰਦੇ ਤੇ ਨਾ ਹੀ ਕਿਸੇ ਧਾਰਮਿਕ ਪ੍ਰੋਗਰਾਮ ਵਿੱਚ ਰੁਕਾਵਟ ਪਾਵਾਂਗੇ ਪਰ ਜੇ ਇਹ ਤਿੰਨ ਸੁਪਰੀਮ ਕੌਂਸਲ ਮੈਂਬਰ 8 ਮਾਰਚ ਨੂੰ ਚੋਣਾਂ ਨਹੀਂ ਹੋਣ ਦਿੰਦੇ ਤਾਂ ਉਸੇ ਦਿਨ ਜਨਰਲ ਬਾਡੀ ਵੀ ਸੱਦੀ ਜਾ ਸਕਦੀ ਹੈ।

ਗੁਰਦੁਆਰਾ ਸਾਹਿਬ ਫਰੀਮੌਂਟ ਦੇ ਚੱਲ ਰਹੇ ਕੋਰਟ ਕੇਸ ਦੀ ਅਗਲੀ ਸੁਣਵਾਈ 2 ਜਨਵਰੀ ਹੈ।

## ਸਿੱਖ ਵਿਰਸੇ ਨਾਲ ਜੋੜਨ ਲਈ ਸਟਾਕਟਨ ਗੁਰੂ ਘਰ ਵਿਖੇ ਬੱਚਿਆਂ ਦਾ ਕੈਂਪ 28 ਦਸੰਬਰ ਤੋਂ

**ਸਟਾਕਟਨ/ਸੁਰਿੰਦਰ ਸਿੰਘ :** ਸਿੱਖ ਨੌਜਵਾਨਾਂ ਵੱਲੋਂ ਦਸੰਬਰ ਜਨਵਰੀ ਦੀਆਂ ਛੁੱਟੀਆਂ ਦੌਰਾਨ ਸਿੱਖ ਬੱਚਿਆਂ ‘ਚ ਰਵਾਇਤੀ ਪ੍ਰੰਪਰਾਵਾਂ ਦੀ ਸੁਰਜੀਤੀ ਲਈ ਸਟਾਕਟਨ ’ਚ ਇੱਕ ਵਿਸ਼ੇਸ਼ ਕੈਂਪ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਇਹ ਕੈਂਪ ਦੇ ਮੁਖ ਪ੍ਰਬੰਧਕ ਗੁਰਬੇਜ ਸਿੰਘ ਹੋਣਗੇ ਜਿਹੜੇ ਬੱਚਿਆਂ ਨੂੰ ਸਿੱਖ ਵਿਰਸੇ ਅਤੇ ਇਤਿਹਾਸ ਨਾਲ ਬਾਵਾਸਤਾ ਕਰਾਉਣਗੇ। ਕੈਂਪ ਦਾ ਸਾਰਾ ਪ੍ਰਬੰਧ ਸਟਾਕਟਨ ਗੁਰਦਵਾਰਾ ਸਾਹਿਬ ਵਿਖੇ 28 ਦਸੰਬਰ 2019 ਤੋਂ ਲੈ ਕੇ 4 ਜਨਵਰੀ 2020 ਤੱਕ ਕੀਤਾ ਗਿਆ ਹੈ। ਕੈਂਪ ਦੇ ਪ੍ਰਬੰਧ ਬਾਰੇ ਅੰਮ੍ਰਿਤਸਰ ਟਾਈਮਜ਼ ਦੇ ਪ੍ਰਤੀਨਿਧ ਨਾਲ ਫੋਨ ‘ਤੇ ਜਾਣਕਾਰੀ ਸਾਂਝੀ ਕਰਦਿਆਂ ਅਮਨਦੀਪ ਸਿੰਘ ਨੇ ਦੱਸਿਆ ਕਿ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕਿਆਂ ਤੋਂ ਕੋਈ 300 ਦੇ ਕਰੀਬ ਬੱਚੇ ਹੁਣ ਤੱਕ ਆਪਣੇ ਨਾਮ ਦਰਜ ਕਰ ਚੁੱਕੇ ਹਨ। ਅਮਨਦੀਪ ਸਿੰਘ ਨੇ ਇਹ ਵੀ ਦੱਸਿਆ ਕਿ ਕੈਂਪ ‘ਚ ਹਿੱਸਾ ਲਿਆਂ ਲਈ ਦੂਰੋਂ ਆਉਣ ਵਾਲੇ ਬੱਚਿਆਂ ਦੇ ਠਹਿਰਨ ਲਈ ਸਥਾਨਕ ਸੰਗਤ ਨੇ ਆਪਣੇ ਘਰਾਂ ‘ਚ ਵਧੀਆ ਇੰਤਜ਼ਾਮ ਕੀਤੇ ਹਨ। ਕੈਂਪ ਦੌਰਾਨ ਦੇਗ, ਲੰਗਰ ਤਿਆਰ ਕਰਨ ਦੀ ਵਿਧੀ, ਦੁਮਾਲਾ ਅਤੇ ਦਸਤਾਰ ਬੰਨ੍ਹਣ, ਨਿਤਨੇਮ ਦੇ ਪਾਠ ਅਤੇ ਅਰਦਾਸ ਕਰਨਾ ਸਿਖਾਉਣ ਅਤੇ ਉਚੇਰਾ ਜੀਵਨ ਜਿਉਣ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਣਗੇ। ਸਥਾਨਕ ਸਿੱਖ ਬੱਚਿਆਂ ‘ਚ ਇਸ ਕੈਂਪ ਲਈ ਕਾਫੀ ਦਿਲਚਸਪੀ ਦੇਖਣ ਲਈ ਮਿਲ ਰਹੀ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਕੈਂਪ ਲਈ ਕੋਈ ਨਿਰਧਾਰਤ ਦਾਖਲਾ ਫੀਸ ਨਹੀਂ ਰੱਖੀ ਗਈ।



# ਰਾਸ਼ਟਰਪਤੀ ਟਰੰਪ ਵਿਰੁੱਧ ਪ੍ਰਤੀਨਿਧੀ ਸਦਨ ਵਿੱਚ ਮਹਾਂਦੋਸ਼ ਲਈ ਪਹਿਲਾ ਪੜਾਅ ਪਾਰ

**ਵਸ਼ਿੰਗਟਨ/ਹੁਸਨ ਲੜੋਆ ਬੰਗਾ :** ਅਮਰੀਕਾ ਦੇ ਪ੍ਰਤੀਨਿਧੀ ਸਦਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਉਤੇ ਇਤਿਹਾਸਕ ਮਹਾਂਦੋਸ਼ ਲਾ ਕੇ ਉਸਦੇ ਰਾਸ਼ਟਰਪਤੀ ਅਹੁਦੇ ਤੋਂ ਹਟਾਉਣ ਲਈ ਪਹਿਲੇ ਪੜਾਅ ਨੂੰ ਪਾਰ ਕਰ ਲਿਆ । ਅਮਰੀਕੀ ਇਤਿਹਾਸ ਵਿੱਚ ਇਹ ਤੀਜੀ ਵਾਰ ਕਿ ਕਿਸੇ ਅਮਰੀਕੀ ਰਾਸ਼ਟਰਪਤੀ ਕਿਸੇ ਅਪਰਾਧ ਅਤੇ ਅਪਣੀਆਂ ਸ਼ਕਤੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਗਾਇਆ ਗਿਆ ਹੋਵੇ। ਕਾਂਗਰਸ ਨੇ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣ ਲਈ ਦੋ ਆਰਟੀਕਲਾਂ ਦਾ ਸਹਾਰਾ ਲਿਆ ਜਿਨਾਂ ਚ ਇੱਕ ਪਾਰਟੀ ਦੀ ਸੱਤਾ ਦੀ ਦੁਰਵਰਤੋਂ ਅਤੇ ਕਾਂਗਰਸ ਦੀ ਰੁਕਾਵਟ । ਇਸ ਤੋਂ ਬਾਅਦ ਅਗਲੇ ਮਹੀਨੇ ਤੋਂ ਮੁਕੱਦਮੇ ਲਈ ਕੇਸ ਨੂੰ ਸੈਨੇਟ ਵਿੱਚ ਭੇਜਣ ਲਈ ਵੋਟ ਦਿੱਤੀ। ਕਈ ਮਹੀਨਿਆਂ ਤੋਂ ਰਾਸ਼ਟਰਪਤੀ ਦੇ ਖਿਲਾਫ ਇਲਜ਼ਾਮਾਂ ਦੀ ਜਾਂਚ ਤੇਜ਼ੀ ਨਾਲ ਚਲ ਰਹੀ ਸੀ ਤੇ ਇਸ ਉਪਰੰਤ ਨਿਸ਼ਾਨਦੇਹੀ ਕੀਤੀ ਗਈ ਕਿ ਰਾਸ਼ਟਰਪਤੀ ਨੇ ਉਸ ਦੇ ਰਾਜਨੀਤਿਕ ਵਿਰੋਧੀਆਂ ਦੀ ਜਾਂਚ ਲਈ ਯੂਕ੍ਰੇਨ ਉੱਤੇ ਦਬਾਅ ਪਾਇਆ ਸੀ। ਹਾਊਸ ਮੈਂਬਰਾਂ ਨੇ ਮਹਾਂਦੋਸ਼ ਦੇ ਪੱਖ ਚ 239 ਅਤੇ ਵਿਰੋਧ ਚ 198 ਵੋਟਾਂ ਪਾਈਆਂ । ਵੋਟਾਂ ਵੱਡੇ ਪੱਧਰ 'ਤੇ ਪਾਰਟੀ ਦੀਆਂ ਲੀਹਾਂ ਤੇ ਪਾਈਆਂ ਗਈਆਂ ਸਨ। ਸਿਰਫ ਦੋ ਡੈਮੋਕਰੇਟਸ ਨੇ ਵਿਰੁੱਧ ਚ ਵੋਟਿੰਗ ਕੀਤੀ, ਮਿਨੇਸੋਟਾ ਤੋਂ ਕੋਲਿਨ ਪੀਟਰਸਨ ਅਤੇ ਨਿਊ ਜਰਸੀ ਦੇ ਜੈਫ ਵੈਨ ਡਰੂ ਨੇ ਹੀ ਵਿਰੋਧ ਚ ਵੋਟ ਪਾਈ, ਇੰਨਾਂ ਤੋਂ ਜਲਦੀ ਹੀ ਪਾਰਟੀਆਂ ਬਦਲਣ ਦੀ ਉਮੀਦ ਕੀਤੀ ਜਾਂਦੀ ਹੈ, ਤੀਜੇ, ਮਾਇਨ ਦੇ ਰਿਪੇਅਰਡ ਜੇਅਰਡ ਗੋਲਡਨ ਨੇ ਇੱਕ ਮਹਾਂਦੋਸ਼ ਲਈ ਵੋਟ ਦਿੱਤੀ। ਡੈਮੋਕਰੇਟਿਕ ਰਾਸ਼ਟਰਪਤੀ ਦੇ ਅਹੁਦੇ ਲਈ ਨਾਮਜ਼ਦਗੀ ਲਈ ਚੱਲ ਰਹੀ ਹਵਾਈ ਦੀ ਭਾਰਤੀ ਅਮਰੀਕਨ ਡੈਮੋਕਰੇਟਿਕ ਤੁਲਸੀ ਗੈਬਾਰਡ ਨੇ ਦੋਵਾਂ ਦੋਸ਼ਾਂ ਲਈ ਵੋਟ ਦਿੱਤੀ। ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਮਹਾਂਦੋਸ਼ ਦੀ ਜਾਂਚ ਦੇ ਉਦੇਸ਼ ਦਾ ਐਲਾਨ ਕੀਤਾ। ਕਾਂਗਰਸ ਵਿਚ ਟਰੰਪ ਅਤੇ ਉਸ ਦੇ ਕੱਟੜਪੰਥੀ ਵਿਰੋਧੀਆਂ ਦੀ ਅਗ਼ਵਾਈ ਕੁਝ ਮਹੀਨਿਆਂ ਤੋਂ ਨੈਨਸੀ ਪੇਲੋਸੀ ਅਸੰਭਵ ਤੋਂ ਸੰਭਵ ਕੀਤੀ। ਨੈਨਸੀ ਪੇਲੋਸੀ ਨੇ ਕਿਹਾ "ਅਸੀਂ ਅੱਜ ਲੋਕਤੰਤਰ ਦੇ ਇਸ ਮੰਦਰ ਦੇ ਗੁੰਬਦ ਦੇ ਹੇਠ ਇਕੱਠੇ ਹੋ ਕੇ ਇਕ ਸਭ ਤੋਂ ਸ਼ਕਤੀਸ਼ਾਲੀ ਫੈਸਲੇ ਕਰਨ ਲਈ ਵਰਤਦੇ ਹਾਂ ਜੋ ਇਹ ਸਭਾ ਲੈ ਸਕਦੀ ਹੈ", ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਪ੍ਰਤੀ



ਮਹਾਂਦੋਸ਼,"। ਨੈਨਸੀ ਪੇਲੋਸੀ ਨੇ ਸਦਨ ਤੋਂ ਮਹਾਂਦੋਸ਼ ਦੀ ਬਹਿਸ ਦੀ ਸ਼ੁਰੂਆਤ ਕਰਨ ਲਈ ਕਿਹਾ। ਉਸਨੇ ਕਿਹਾ "ਜੇ ਅਸੀਂ ਹੁਣ ਕਾਰਵਾਈ ਨਹੀਂ ਕਰਦੇ ਤਾਂ ਅਸੀਂ ਆਪਣੇ ਕਰਤੱਵ ਵਿੱਚ ਅੜਿੱਕੇ ਬਣ ਜਾਵਾਂਗੇ। ਇਹ ਦੁਖਦਾਈ ਗੱਲ ਹੈ ਕਿ ਰਾਸ਼ਟਰਪਤੀ ਦੀਆਂ ਲਾਪਰਵਾਹੀਆਂ ਕਾਰਵਾਈਆਂ ਲਈ ਮਹਾਂਦੋਸ਼ ਜ਼ਰੂਰੀ ਹੈ ਤੇ ਉਸਨੇ ਸਾਨੂੰ ਕੋਈ ਵਿਕਲਪ ਨਹੀਂ ਦਿੱਤਾ।"ਟਰੰਪ ਹੁਣ ਰਾਸ਼ਟਰਪਤੀਆਂ ਦੇ ਇੱਕ ਛੋਟੇ ਕਲੱਬ ਵਿੱਚ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਸਦਨ ਨੇ ਸੰਵਿਧਾਨ ਵਿੱਚ "ਉੱਚ ਅਪਰਾਧ ਅਤੇ ਕੁਕਰਮੀਆਂ" ਲਈ ਪ੍ਰੇਰਿਤ ਕੀਤਾ ਸੀ। 1868 ਵਿੱਚ ਰਾਸ਼ਟਰਪਤੀ ਐਂਡਰਊ ਜਾਨਸਨ ਅਤੇ 1998 ਵਿੱਚ ਰਾਸ਼ਟਰਪਤੀ ਬਿਲ ਕਲਿੰਟਨ ਤੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਉਸਦੇ ਵਿਰੁੱਧ ਮਹਾਂਦੋਸ਼ ਦੀ ਕਾਰਵਾਈ ਤੋਂ ਪਹਿਲਾਂ 1974 ਵਿੱਚ ਅਸਤੀਫਾ ਦੇ ਦਿੱਤਾ ਸੀ। ਇਸ ਦੌਰਾਨ ਜੌਨਸਨ ਅਤੇ ਕਲਿੰਟਨ ਦੋਵੇਂ ਸੈਨੇਟ ਦੁਆਰਾ ਬਰੀ ਹੋ ਗਏ ਸਨ। ਨੈਨਸੀ ਪੇਲੋਸੀ ਨੇ ਕਿਹਾ ਕਿ ਰਿਪਬਲਿਕਨ ਨਿਯੰਤਰਿਤ ਸੈਨੇਟ ਟਰੰਪ ਨੂੰ ਅਹੁਦੇ ਤੋਂ ਹਟਾਉਣ ਦੀ ਅਸਰਦਾਰ ਭੂਮਿਕਾ ਨਿਭਾਵੇਗਾ। ਟਰੰਪ ਨੂੰ ਉਨ੍ਹਾਂ ਦੇ ਮਹਾਂਦੋਸ਼ ਤੋਂ ਇਕ ਸਾਲ ਤੋਂ ਵੀ ਘੱਟ ਸਮੇਂ ਬਾਅਦ ਮੁੜ ਚੋਣ ਦਾ ਸਾਹਮਣਾ ਕਰਨਾ ਪਵੇਗਾ। ਪਰ ਇਸ ਸਭ ਕੁਝ ਦੇ ਸੈਨੇਟ ਵਿਚੋਂ ਇਹ ਮਹਾਂ ਦੋਸ਼ ਚੋਂ ਪਾਰ ਪਆਉਣਾ ਔਖਾ ਹੋਵੇਗਾ ਕਿਉਂਕਿ ਸੈਨੇਟ ਵਿੱਚ ਮਹਾਂ ਦੋਸ਼ ਲਈ ਦੋ ਤਿਹਾਈ ਦਾ ਬਹੁਮਤ ਹੋਣਾ ਲਾਜਮੀ ਹੈ ਜੋ ਸੰਭਵ ਨਹੀਂ ਜਾਪਦਾ।

## ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ 'ਤੇ 'ਦੇਸ਼ ਦੁਆਬਾ' ਵੱਲੋਂ ਵਿਸ਼ੇਸ਼ ਧੰਨਵਾਦ ਸਮਾਗਮ



**ਹੇਵਰਡ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ:** ਕੈਲੀਫੋਰਨੀਆ ਵਿੱਚ ਬਹੁਤ ਸਾਰੇ ਪੰਜਾਬੀ ਅਖਬਾਰ ਆਪਣੀ ਮਾਂ ਬੋਲੀ ਦੀ ਸੇਵਾ ਅਤੇ ਖਬਰਾਂ ਸਮੁੱਚੇ ਭਾਈਚਾਰੇ ਤੱਕ ਨਿਭਾਉਣ ਦੀ ਜਿੰਮੇਵਾਰੀ ਬੜੀ ਸੁਹਿਰਦਤਾ ਨਾਲ ਨਿਭਾ ਰਹੇ ਹਨ। ਇਹ ਸਭ ਅਖ਼ਬਾਰਾਂ ਪ੍ਰਬੰਧਕਾਂ ਦੁਬਾਰਾ ਪਾਠਕਾਂ ਤੱਕ ਮੁਫ਼ਤ ਵਿੱਚ ਪਹੁੰਚਾਈਆਂ ਜਾਂਦੀਆਂ ਹਨ। ਜਿਨ੍ਹਾਂ ਨੂੰ ਚਲਾਉਣ ਵਿੱਚ ਕੁਝ ਖ਼ਾਸ ਵਿਅਕਤੀ ਮਦਦ ਕਰਦੇ ਹਨ। ਇਨ੍ਹਾਂ ਹੀ ਮਦਦਗਾਰਾਂ ਦੇ ਧੰਨਵਾਦ ਲਈ ਅਖ਼ਬਾਰਾਂ ਦੇ ਪ੍ਰਬੰਧਕ ਸਮੇਂ-ਸਮੇਂ ਪ੍ਰੋਗਰਾਮ ਕਰਦੇ ਹਨ। ਇਸੇ ਲੜੀ ਅਧੀਨ ਨਿਰਪੱਖ, ਨਿਧੜਕ ਅਤੇ ਸਮਾਜ ਸੇਵਾ ਦੇ ਧਾਰਨੀ ਅਖਬਾਰ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਚੁੰਬਰ ਨੇ ਸਹਿਯੋਗੀਆਂ ਦੀ ਮਦਦ ਨਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਧੰਨਵਾਦ ਪ੍ਰੋਗਰਾਮ ਕੀਤਾ। ਇਸ ਸਮੇਂ ਗੁਰੂ ਨਾਨਕ ਦੇਵ ਜੀ ਦੇ ਸੱਚੇ ਮਿਸ਼ਨ ਅਤੇ ਮੀਡੀਏ ਦੀਆ ਜ਼ੁੰਮੇਵਾਰੀਆਂ ਸਬੰਧੀ ਵਿਚਾਰਾਂ ਹੋਈਆਂ। ਸਿੱਖ ਇਤਿਹਾਸ ਬਾਰੇ ਕੁਰਬਾਨੀਆਂ ਦੀ ਗੱਲ ਕਰਦੇ ਹੋਏ ਬਹੁਤ ਸਾਰੇ ਬੁਲਾਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦੇ ਹੋਏ ਸਿਜਦਾ ਕੀਤਾ। ਜਿਸ ਦੌਰਾਨ ਸਮੁੱਚੇ ਮੀਡੀਏ ਨਾਲ ਸ਼ਖ਼ਸੀਅਤਾਂ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆਂ, ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦੌਰਾਨ ਬੁਲਾਰਿਆਂ ਨੇ ਪੰਜਾਬੀ ਮਾਂ ਬੋਲੀ ਦੇ ਵਿਕਾਸ ਅਤੇ 'ਦੇਸ਼ ਦੁਆਬਾ' ਅਖਬਾਰ ਦੀ ਟੀਮ ਨੂੰ ਸਫਲਤਾ ਲਈ ਵਧਾਈਆਂ ਦਿੱਤੀਆਂ। ਸਟੇਜ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਕੀਤਾ। ਜਦਕਿ ਪੰਜਾਬੀ ਸਾਹਿਤ ਨੂੰ ਪਿਆਰ ਕਰਨ ਵਾਲੇ ਕਵੀਆਂ ਦੁਬਾਰਾ ਕਵਿਤਾਵਾਂ ਪੜ੍ਹੀਆਂ ਗਈਆਂ। ਇਸ ਸਮੇਂ ਪ੍ਰੇਮ ਚੁੰਬਰ ਨੇ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ। ਸਮੂਹ ਸਹਿਯੋਗੀਆਂ ਅਤੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਪਲੇਕਾਂ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿਚ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਨਾਗਰਿਕਤਾ ਕਾਨੂੰਨ ਖਿਲਾਫ ਹੜਤਾਲ ਵਿਚ ਸ਼ਾਮਲ ਹੋਣ 'ਤੇ ਜਰਮਨ ਵਿਦਿਆਰਥੀ ਨੂੰ ਭਾਰਤ ਛੱਡਣ ਲਈ ਕਿਹਾ

**ਚੇਨਈ/ਏ.ਟੀ.ਨਿਊਜ਼ :** ਆਈ.ਆਈ.ਟੀ. ਮਦਰਾਸ ਵਿਚ ਐਮ.ਐਸ.ਸੀ. ਫਿਜ਼ਿਕਸ ਦੇ ਜਰਮਨ ਵਿਦਿਆਰਥੀ ਜੈਕਬ ਲਿੰਡੇਨਥਲ ਨੂੰ ਇਸ ਸੰਸਥਾ ਦੇ ਵਿਦਿਆਰਥੀਆਂ ਵਲੋਂ ਨਾਗਰਿਕਤਾ ਸੋਧ ਐਕਟ ਖਿਲਾਫ਼ ਕੀਤੀ ਹੜਤਾਲ ਵਿਚ ਸ਼ਾਮਲ ਹੋਣ ਕਾਰਨ ਭਾਰਤ ਛੱਡਣ ਦੇ ਹੁਕਮ ਦਿੱਤੇ ਗਏ ਹਨ। ਜੈਕਬ ਜਰਮਨੀ ਦੇ ਡਰੈਸਡਨ ਨਾਲ ਸਬੰਧਤ ਹੈ ਜੋ ਕਿ ਵਿਦਿਅਕ ਐਕਸਚੇਂਜ ਪ੍ਰੋਗਰਾਮ ਤਹਿਤ ਆਈ.ਆਈ.ਟੀ. ਮਦਰਾਸ ਵਿਚ ਪੜ੍ਹ ਰਿਹਾ ਹੈ। ਇੰਮੀਗ੍ਰੇਸ਼ਨ ਅਧਿਕਾਰੀਆਂ ਅਤੇ ਸੰਸਥਾ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਭਾਰਤ ਛੱਡਣ ਦੇ ਹੁਕਮਾਂ ਮਗਰੋਂ ਉਹ ਸੋਮਵਾਰ ਸ਼ਾਮ ਨੂੰ ਚਲਾ ਗਿਆ। ਜੈਕਬ ਦਾ ਅਜੇ ਇਕ ਸਮੈਸਟਰ ਬਾਕੀ ਰਹਿੰਦਾ ਹੈ ਜਿਸ ਦੇ ਇਮਤਿਹਾਨ ਮਈ 2020 ਵਿਚ ਹੋਣੇ ਹਨ। ਜੈਕਬ ਨੇ ਦੱਸਿਆ ਕਿ ਇਕ ਹਫ਼ਤਾ ਪਹਿਲਾਂ ਚੇਨਈ ਵਿਚ ਹੋਏ ਰੋਸ ਮੁਜਾਹਰੇ ਵਿਚ ਉਹ ਸ਼ਾਮਲ ਸੀ ਜਿਸ ਨੇ ਹੱਥ ਵਿਚ ਵਿਰੋਧ ਵਾਲੀ ਤਖਤੀ ਫੜੀ ਹੋਈ ਸੀ ਜਿਸ ਉਪਰ 1933-45 ਲਿਖਿਆ ਹੋਇਆ ਸੀ ਜੋ ਹਿਟਲਰ ਦੇ ਨਾਜ਼ੀ ਤਾਨਾਸ਼ਾਹੀ ਨਿਜ਼ਾਮ ਦਾ ਪ੍ਰਤੀਕ ਹੈ।

## ਪੁਲਿਸ ਨੇ 'ਜੈ ਸ਼੍ਰੀ ਰਾਮ' ਦੇ ਨਾਅਰੇ ਲਾਉਂਦਿਆਂ ਵਿਦਿਆਰਥੀਆਂ 'ਤੇ ਹਮਲਾ ਕੀਤਾ ਸੀ : ਰਿਪੋਰਟ ਵਿੱਚ ਖੁਲਾਸਾ

**ਨਵੀਂ ਦਿੱਲੀ/ ਏ.ਟੀ. ਨਿਊਜ਼ :** ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਹੋਈ ਹਿੰਸਾ ਦੀ ਜਾਂਚ ਕਰ ਰਹੀ ਕਮੇਟੀ ਦੀ ਤੱਥ-ਖੋਜ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੁਲਿਸ ਨੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਉਨ੍ਹਾਂ ਗੋਲਿਆਂ ਦੀ ਵਰਤੋਂ ਕੀਤੀ ਜਿਹੜੇ ਆਮ ਕਰਕੇ ਜੰਗ ਵਰਗੇ ਹਾਲਾਤਾਂ 'ਚ ਵਰਤੇ ਜਾਂਦੇ ਹਨ। ਕਮੇਟੀ ਦੀ ਰਿਪੋਰਟ ਮੁਤਾਬਿਕ ਪੁਲਿਸ ਨੇ ਵਿਦਿਆਰਥੀਆਂ ਉੱਤੇ ਸਟੱਨ ਗ੍ਰਨੇਡ ਸੁੱਟੇ ਜਿਸ ਕਾਰਨ ਇੱਕ ਵਿਦਿਆਰਥੀ ਨੂੰ ਆਪਣਾ ਹੱਥ ਵੀ ਗੁਆਉਣਾ ਪਿਆ। ਮੌਕੇ 'ਤੇ ਮੌਜੂਦ ਗਵਾਹਾਂ ਦੇ ਬਿਆਨਾਂ ਦੇ ਅਧਾਰ 'ਤੇ ਤਿਆਰ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਨੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨੇ ਵੀ ਕੈਂਪਸ ਅਤੇ ਕੈਂਪਸ ਵਿੱਚ ਰਹਿੰਦੇ ਲੋਕਾਂ ਨੂੰ ਪੁਲਿਸ ਦੇ ਜ਼ਬਰ ਤੋਂ ਬਚਾਉਣ ਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ।



ਜਾਂਚ ਕਮੇਟੀ ਨੂੰ ਦਿੱਤੇ ਬਿਆਨਾਂ ਵਿੱਚ ਵਿਦਿਆਰਥੀਆਂ ਨੇ ਕਿਹਾ ਹੈ ਕਿ ਜਦੋਂ ਪੁਲਿਸ ਨੇ ਵਿਦਿਆਰਥੀਆਂ 'ਤੇ ਹਮਲਾ ਕੀਤਾ ਤਾਂ ਪੁਲਿਸ ਮੁਲਾਜ਼ਮ 'ਜੈ ਸ਼੍ਰੀ ਰਾਮ' ਦੇ ਨਾਅਰੇ ਲਾ ਰਹੇ ਸਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਮੁਲਾਜ਼ਮਾਂ ਨੇ ਵਿਦਿਆਰਥੀਆਂ ਨੂੰ 'ਅਤਿਵਾਦੀ' ਵਰਗੇ ਸ਼ਬਦਾਂ ਨਾਲ ਸੰਬੋਧਨ ਕੀਤਾ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂਨੀਵਰਸਿਟੀ ਦੇ ਉਪ ਕੁਲਪਤੀ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਪੁਲਿਸ ਨੂੰ ਯੂਨੀਵਰਸਿਟੀ ਵਿੱਚ ਬੁਲਾਇਆ ਸੀ, ਪਰ ਜੇ ਉਸਨੇ ਬੁਲਾਇਆ ਸੀ ਤਾਂ ਪੁਲਿਸ ਨੂੰ ਯੂਨੀਵਰਸਿਟੀ ਦੇ ਦਰਵਾਜੇ ਕਿਉਂ ਤੋੜਨੇ ਪਏ। ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੁਲਿਸ ਨੇ ਆਪ ਗੱਡੀਆਂ ਦੀ ਭੰਨ ਤੋੜ ਕੀਤੀ ਤੇ ਹੋਸਟਲਾਂ ਵਿੱਚ ਵੀ ਗ੍ਰਨੇਡ ਸੁੱਟੇ। ਇਸ 13 ਮੈਂਬਰੀ ਜਾਂਚ ਕਮੇਟੀ ਵਿੱਚ ਸਾਬਕਾ ਆਈ.ਏ.ਐਸ ਅਫਸਰ ਹਰਸ਼ ਮੰਡੇਰ, ਵਿਦਵਾਨ ਨੰਦੀਨੀ ਸੁੰਦਰ, ਮਨੁੱਖੀ ਹੱਕਾਂ ਦੇ ਕਾਰਕੁੰਨ ਜੋਹਨ ਦਿਆਲ ਅਤੇ ਲੇਖਕ ਨਤਾਸ਼ਾ ਬਧਵਰ ਸ਼ਾਮਲ ਸਨ। ਪ੍ਰੈਸ ਕਾਨਫਰੰਸ ਕਰਕੇ ਇਸ ਕਮੇਟੀ ਵੱਲੋਂ 'ਦਾ ਸੀਜ ਆਫ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ' ਸਿਰਲੇਖ ਵਾਲੀ ਇਹ ਰਿਪੋਰਟ ਜਨਤਕ ਕੀਤੀ ਗਈ। ਅਲੀਗੜ੍ਹ ਦੇ ਐਸਐਸਪੀ ਅਕਸ਼ੇ ਕੁਲਹਰੀ ਨੇ ਕਿਹਾ ਕਿ ਇਸ ਜਾਂਚ ਰਿਪੋਰਟ ਦੇ ਤੱਥਾਂ ਦੀ ਪੜਚੋਲ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਜੋ ਵੀ ਯੂਨੀਵਰਸਿਟੀ ਵਿੱਚ ਹੋਇਆ ਉਸ ਦੇ ਜ਼ਿੰਮੇਵਾਰ ਵਿਦਿਆਰਥੀ ਹਨ। ਉਹਨਾਂ ਕਿਹਾ ਕਿ ਪੁਲਿਸ ਨੇ ਆਪਣੇ ਬਚਾਅ ਲਈ ਤਾਕਤ ਦੀ ਵਰਤੋਂ ਕੀਤੀ। ਉਹਨਾਂ ਕਿਹਾ ਕਿ ਕਮੇਟੀ ਵੱਲੋਂ ਦਿੱਤਾ ਗਿਆ ਬਿਆਨ ਬਿਲਕੁਲ ਗਲਤ ਹੈ ਕਿ ਸਟੰਨ ਗ੍ਰਨੇਡ ਜੰਗ ਵਰਗੇ ਹਾਲਾਤਾਂ 'ਚ ਵਰਤਿਆ ਜਾਂਦਾ ਹੈ। ਉਹਨਾਂ ਕਿਹਾ ਕਿ ਇਸ ਨੂੰ ਭੀੜ ਨੂੰ ਭਜਾਉਣ ਲਈ ਵਰਤਿਆ ਜਾਂਦਾ ਹੈ ਤੇ ਜੰਗ ਵਰਗੇ ਹਾਲਾਤਾਂ 'ਚ ਫੌਜ ਗ੍ਰਨੇਡ ਵਰਤਦੀ ਹੈ।

## ਗੁਰਜਤਿੰਦਰ ਰੰਧਾਵਾ ਕੈਲੀਫੋਰਨੀਆ ਨੌਰਥ ਸਟੇਟ ਯੂਨੀਵਰਸਿਟੀ ਦੀ ਪ੍ਰੈਜ਼ੀਡੈਂਟ ਸਲਾਹਕਾਰ ਕੌਂਸਲ ਦੇ ਮੈਂਬਰ ਬਣੇ

**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ :** ਐਲਕ ਗਰੋਵ ਸਿਟੀ ਵਿਖੇ ਲਗਭਗ 1 ਬਿਲੀਅਨ ਡਾਲਰ ਦੇ ਬਜਟ ਦਾ ਮੈਡੀਕਲ ਯੂਨੀਵਰਸਿਟੀ ਅਤੇ ਹਸਪਤਾਲ ਉਸਾਰਿਆ ਜਾ ਰਿਹਾ ਹੈ। ਇਸ ਯੂਨੀਵਰਸਿਟੀ ਦਾ ਕੁੱਝ ਹਿੱਸਾ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ, ਜਿੱਥੇ ਕਿ ਵਿਦਿਆਰਥੀ ਮੈਡੀਕਲ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪਰ ਆਉਣ ਵਾਲੇ ਸਮੇਂ ਵਿਚ ਇਸ ਨੂੰ ਬਹੁਤ ਵੱਡੇ ਅਦਾਰੇ ਦਾ ਰੂਪ ਦਿੱਤਾ ਜਾ ਰਿਹਾ ਹੈ। ਕੈਲੀਫੋਰਨੀਆ ਨੌਰਥ ਸਟੇਟ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਐਲਵਿਨ ਚਿਓਂਗ ਨੇ ਇਸ ਕਾਰਜ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ, ਜਿਸ ਵਿਚ ਪੰਜਾਬੀ ਭਾਈਚਾਰੇ



ਵਿਚੋਂ ਗੁਰਜਤਿੰਦਰ ਸਿੰਘ ਰੰਧਾਵਾ ਨੂੰ ਨਾਮਜ਼ਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਰ ਵੀ ਵੱਖ-ਵੱਖ ਭਾਈਚਾਰੇ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਦੀ ਪਹਿਲੀ ਮੀਟਿੰਗ ਯੂਨੀਵਰਸਿਟੀ ਦੇ ਐਗਜ਼ੈਕਟਿਵ ਕਾਨਫਰੰਸ ਰੂਮ ਵਿਚ ਹੋਈ, ਜਿਸ ਦੀ ਪ੍ਰਧਾਨਗੀ ਖੁਦ ਐਲਵਿਨ ਚਿਓਂਗ ਨੇ ਕੀਤੀ। ਇਸ ਮੌਕੇ ਉਨ੍ਹਾਂ ਯੂਨੀਵਰਸਿਟੀ ਦੇ ਮਿੱਥੇ ਪ੍ਰਾਜੈਕਟਾਂ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਨਵੀਂ ਐਡਵਾਇਜ਼ਰੀ ਕੌਂਸਲ ਮੈਂਬਰਾਂ ਕੋਲੋਂ ਮਸ਼ਵਰੇ ਵੀ ਲਏ।

ਜ਼ਿਕਰਯੋਗ ਹੈ ਕਿ ਇਹ ਬਹੁਮੰਜ਼ਲੀ ਇਮਾਰਤ 100 ਏਕੜਾਂ ਵਿਚ ਬਣਾਈ ਜਾ ਰਹੀ ਹੈ, ਜਿਸ ਵਿਚ 255 ਬੈੱਡਾਂ ਦਾ ਹਸਪਤਾਲ ਵੀ ਹੋਵੇਗਾ ਅਤੇ ਇਸ ਤੋਂ ਇਲਾਵਾ 30 ਬੈੱਡਾਂ ਦਾ ਐਮਰਜੈਂਸੀ ਕੇਂਦਰ ਵੀ ਬਣਾਇਆ ਜਾਵੇਗਾ। ਹਰ ਤਰ੍ਹਾਂ ਦੀ ਸਰਜਰੀ ਦਾ ਇੰਤਜ਼ਾਮ ਵੀ ਇਥੇ ਹੋਵੇਗਾ। ਲਗਭਗ ਹਰ ਤਰ੍ਹਾਂ ਦੇ ਇਲਾਜ ਦਾ ਬੰਦੋਬਸਤ ਇਥੇ ਹੋਵੇਗਾ। ਮੀਟਿੰਗ ਦੌਰਾਨ ਨਵੇਂ ਬਣੇ ਸਲਾਹਕਾਰ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਐਲਕ ਗਰੋਵ ਸਿਟੀ ਵਿਚ ਹਸਪਤਾਲ ਅਤੇ ਯੂਨੀਵਰਸਿਟੀ ਬਣਾਉਣਾ ਇਕ ਚੰਗਾ ਉਪਰਾਲਾ ਹੈ। ਸਥਾਨਕ ਬੱਚਿਆਂ ਨੂੰ ਮੈਡੀਕਲ ਦੀ ਪੜ੍ਹਾਈ ਕਰਨ ਲਈ ਦੂਜੇ ਸ਼ਹਿਰਾਂ ਵਿਚ ਜਾਣਾ ਪੈਂਦਾ ਸੀ ਅਤੇ ਐਮਰਜੈਂਸੀ ਇਲਾਜ ਕਰਵਾਉਣ ਲਈ ਵੀ ਸਥਾਨਕ ਲੋਕਾਂ ਨੂੰ ਦੂਰ ਜਾਣਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਸ ਹਸਪਤਾਲ ਅਤੇ ਯੂਨੀਵਰਸਿਟੀ ਦੇ ਬਣਨ ਨਾਲ ਸਥਾਨਕ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਕਨੇਡਾ ਵਿੱਚ ਪਰਵਾਸੀ ਪੰਜਾਬੀ ਵਿਦਿਆਰਥੀ ਮਾਨਸਿਕ ਸੰਕਟ ਵਿਚ

**ਨਰਿੰਦਰ ਕੌਰ ਸੋਹਲ**



ਵਧਦੀ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਡਰਦਿਆਂ ਮਾਪੇ ਆਪਣੀ ਜ਼ਮੀਨ-ਜਾਇਦਾਦ ਵੇਚ ਕੇ ਅਤੇ ਕਰਜ਼ੇ ਚੁੱਕ ਕੇ ਬੱਚਿਆਂ ਨੂੰ ਚੰਗੇ ਭਵਿੱਖ ਦੀ ਆਸ ਵਿੱਚ ਵਿਦੇਸ਼ੀਂ ਭੇਜਣ ਲਈ ਮਜਬੂਰ ਹਨ। ਪਰ ਵਿਦੇਸ਼ੀ ਧਰਤੀ ਉੱਤੇ ਨਿੱਤ ਦਿਹਾੜੇ ਵਾਪਰ ਰਹੀਆਂ ਘਟਨਾਵਾਂ ਨੇ ਮਾਪਿਆਂ ਦੇ ਸਾਹ ਸੂਤ ਲਏ ਹਨ। ਕੁਝ ਦਿਨ ਪਹਿਲਾਂ ਕਨੇਡਾ ਦੇ ਸ਼ਹਿਰ 'ਸਰੀ' ਵਿੱਚ ਪੰਜਾਬੀ ਲੜਕੀ ਪ੍ਰਭਲੀਨ ਕੌਰ ਦੇ ਪਤੀ ਪੀਟਰ ਨੇ ਉਸ ਦੀ ਜਾਨ ਲੈ ਕੇ ਬਾਅਦ ਵਿੱਚ ਆਪਣੀ ਜਾਨ ਦੇ ਦਿੱਤੀ ਸੀ। ਇਹ ਮਾਮਲਾ ਹਾਲੇ ਠੰਢਾ ਵੀ ਨਹੀਂ ਹੋਇਆ ਸੀ ਕਿ ਇੱਕ ਹੋਰ ਘਟਨਾ ਬਰੈਂਪਟਨ ਵਿੱਚ ਵਾਪਰ ਗਈ ਜਿੱਥੇ ਪੰਜਾਬੀ ਨੌਜਵਾਨ ਨਵਦੀਪ ਸਿੰਘ ਨੇ ਸ਼ਰਨਜੀਤ ਕੌਰ ਦੀ ਜਾਨ ਲੈਣ ਉਪਰੰਤ ਆਪ ਖੁਦਕੁਸ਼ੀ ਕਰ ਲਈ। ਇਸੇ ਤਰ੍ਹਾਂ ਕੈਨੇਡਾ ਦੇ ਮਾਂਟਰੀਅਲ ਵਿੱਚ ਇੱਕ ਹੀ ਪਰਿਵਾਰ ਦੇ ਚਾਰ ਮੈਂਬਰਾਂ ਦੀਆਂ ਲਾਸ਼ਾਂ ਮਿਲੀਆਂ ਸਨ। ਤਿੰਨ ਲਾਸ਼ਾਂ ਘਰ ਵਿੱਚੋਂ ਮਿਲੀਆਂ ਸਨ, ਜਿਨ੍ਹਾਂ ਵਿੱਚ ਇੱਕ ਔਰਤ ਅਤੇ ਉਸਦੇ ਦੋ ਲੜਕੇ ਸ਼ਾਮਲ ਸਨ ਜਦਕਿ ਪਤੀ ਦੀ ਲਾਸ਼ 50 ਕਿਲੋਮੀਟਰ ਦੂਰ ਮਿਲੀ ਸੀ। ਪੁਲਿਸ ਨੂੰ ਸ਼ੱਕ ਹੈ ਕਿ ਪਤੀ ਨੇ ਆਪਣੀ ਪਤਨੀ ਅਤੇ ਬੱਚਿਆਂ ਦੀ ਜਾਨ ਲੈਣ ਉਪਰੰਤ ਆਪਣੀ ਜਾਨ ਦੇ ਦਿੱਤੀ ਹੋਵੇਗੀ।

ਹੁਣ ਤਾਜ਼ਾ ਘਟਨਾ ਵਿੱਚ ਮਿਸੀਸਾਗਾ (ਕੈਨੇਡਾ) ਵਿਖੇ ਗੁਰਦਾਸਪੁਰ ਦੀ 21 ਸਾਲਾ ਲੜਕੀ ਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਗਈ ਹੈ। ਇਸ ਬਾਰੇ ਵੀ ਇਹ ਸ਼ੰਕਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਲੜਕੀ ਦਾ ਕਤਲ ਕੀਤਾ ਗਿਆ ਹੋ ਸਕਦਾ ਹੈ। ਇਹਨਾਂ ਤੋਂ ਇਲਾਵਾ ਹਾਦਸਿਆਂ ਅਤੇ ਹਾਰਟ ਅਟੈਕ ਨਾਲ ਹੋਣ ਵਾਲੀਆਂ ਮੌਤਾਂ ਦੀ ਵੀ ਗਿਣਤੀ ਵਧੀ ਹੈ। ਜਿੱਥੇ ਹਾਦਸਿਆਂ ਦਾ ਕਾਰਨ ਸੜਕਾਂ ਉੱਤੇ ਪਈ ਬਰਫ ਅਤੇ ਅਜਿਹੇ ਹਾਲਾਤ ਸਮੇਂ ਡਰਾਈਵਰੀ ਵਿੱਚ ਮੁਹਾਰਤ ਨਾ ਹੋਣਾ ਦੱਸਿਆ ਜਾ ਰਿਹਾ, ਉੱਥੇ ਹਾਰਟ ਅਟੈਕ ਵਿੱਚ ਵਾਧੇ ਦਾ ਕਾਰਨ ਮਾਨਸਿਕ ਪ੍ਰੇਸ਼ਾਨੀ ਦੱਸਿਆ ਜਾ ਰਿਹਾ ਹੈ, ਜੋ ਸਿਰ ਉੱਤੇ ਚੁੱਕੇ ਕਰਜ਼ੇ ਦੀ ਪੰਡ ਅਤੇ ਕੰਮ ਕਰਨ ਦੇ ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਵਧ ਜਾਂਦੀ ਹੈ - ਜਿਸ ਕਾਰਨ ਵੱਡੀ ਗਿਣਤੀ ਵਿੱਚ ਨੌਜਵਾਨ ਹਾਰਟ ਅਟੈਕ ਦਾ ਸ਼ਿਕਾਰ ਹੋ ਰਹੇ ਹਨ।

ਇਹਨਾਂ ਵਿੱਚ ਵਧੇਰੇ ਬੱਚੇ ਉਹ ਹਨ ਜੋ ਸਟੂਡੈਂਟਸ ਵੀਜ਼ੇ ਉੱਤੇ ਗਏ ਹੋਏ ਹਨ। ਅਜਿਹੀਆਂ ਦੁਖਦਾਇਕ ਘਟਨਾਵਾਂ ਕਾਰਨ ਪਿੱਛੇ ਬੈਠੇ ਮਾਪਿਆਂ ਨੂੰ ਦੋਹਰੀ ਸੱਟ ਵੱਜ ਰਹੀ ਹੈ। ਇੱਕ ਤਾਂ ਬੱਚਿਆਂ ਦਾ ਸਦਾ ਲਈ ਵਿਛੋੜਾ ਅਤੇ ਦੂਜੀ ਹੈ ਜ਼ਮੀਨ-ਜਾਇਦਾਦ ਤੋਂ ਵਾਂਝੇ ਹੋ ਜਾਣਾ। ਪੰਜਾਬ ਵਿੱਚ ਦੁਆਬੇ ਮਗਰੋਂ ਮਾਲਵੇ ਵਿੱਚ ਸਟਡੀ ਵੀਜ਼ੇ ਉੱਤੇ ਵਿਦੇਸ਼ ਜਾਣ ਦਾ ਰੁਝਾਨ ਇਕ ਦਮ ਤੇਜ਼ ਹੋਇਆ ਹੈ। ਅੰਕੜਿਆਂ ਮੁਤਾਬਕ ਨਰਮਾ ਪੱਟੀ ਵਿੱਚ 'ਸਟੱਡੀ ਵੀਜ਼ਾ' ਘਰ ਬਾਰ ਹੂੰਝਣ ਲੱਗਾ ਹੈ। ਮਾਪਿਆਂ ਦਾ ਪੁੱਤਾਂ-ਧੀਆਂ ਨੂੰ ਪ੍ਰਦੇਸ ਭੇਜਣ ਲਈ ਸਭ ਕੁਝ ਦਾਅ ਉੱਤੇ ਲੱਗਾ ਹੋਇਆ ਹੈ। ਮਾਵਾਂ ਦੀਆਂ ਬਾਹਾਂ ਸੁੰਨੀਆਂ, ਕੰਨ ਖਾਲੀ ਅਤੇ ਟਰੈਕਟਰਾਂ, ਪਸ਼ੂਆਂ ਬਿਨਾਂ ਘਰ ਵੀ ਖਾਲੀ ਹੋਣ ਲੱਗੇ ਹਨ। ਜਹਾਜ਼ ਦੀ ਟਿਕਟ ਲਈ 'ਪਸ਼ੂ' ਅਤੇ ਵਿਦੇਸ਼ੀ ਫੀਸਾਂ ਲਈ 'ਖੇਤੀ ਮਸ਼ੀਨਰੀ' ਦਾ ਵਿਕਣਾ ਹੁਣ ਕੋਈ ਲੁਕੀ ਛਿਪੀ ਗੱਲ ਨਹੀਂ ਰਹੀ। ਲਗਭਗ ਇੱਕ ਸਾਲ ਤੋਂ ਇਸ ਖ਼ਿੱਤੇ ਵਿੱਚ ਸਟਡੀ ਵੀਜ਼ੇ ਉੱਤੇ ਪੁੱਤਾਂ ਧੀਆਂ ਨੂੰ ਵਿਦੇਸ਼ ਭੇਜਣ ਦਾ ਰੁਝਾਨ ਹੁਣ ਸਿਖਰ ਉੱਤੇ ਪਹੁੰਚ ਚੁੱਕਾ ਹੈ। ਭੁੱਚੋ ਮੰਡੀ ਦੇ ਇੱਕ ਸੁਨਿਆਰੇ (ਜਵੈਲਰ) ਅਨੁਸਾਰ ਹੁਣ ਇੱਕੋ ਦਿਨ ਵਿੱਚ ਚਾਰ ਚਾਰ ਕੇਸ 'ਗਹਿਣੇ' ਗਿਰਵੀ ਰੱਖਣ ਅਤੇ ਵੇਚਣ ਵਾਲੇ ਆਉਂਦੇ ਹਨ, ਜਿਨ੍ਹਾਂ ਵਿੱਚੋਂ 50 ਫੀਸਦੀ ਕੇਸ ਸਟੱਡੀ ਵੀਜ਼ੇ ਵਾਲੇ ਹੁੰਦੇ ਹਨ।

ਇਸੇ ਤਰ੍ਹਾਂ ਪ੍ਰਾਈਵੇਟ ਫਾਈਨਾਂਸ ਕੰਪਨੀਆਂ ਕੋਲ ਗਹਿਣਿਆਂ ਉੱਤੇ ਕਰਜ਼ਾ ਲੈਣ ਵਾਲੇ ਕੇਸ ਵੀ ਵਧੇ ਹਨ। ਮੁਕਤਸਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚੋਂ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇੱਕ ਪਰਿਵਾਰ ਵੱਲੋਂ ਤਾਂ ਆਪਣੀ ਧੀ ਨੂੰ 'ਆਈਲੈੱਟਸ' ਕਰਾਉਣ ਖਾਤਰ ਹੀ 'ਗਹਿਣੇ' ਗਿਰਵੀ ਰੱਖਣੇ ਪਏ ਹਨ। ਕਈ ਕਿਸਾਨਾਂ ਦੀਆਂ ਜ਼ਮੀਨਾਂ ਗਿਰਵੀ ਰੱਖੀਆਂ ਹੋਈਆਂ ਹਨ। ਇੱਕ ਨੌਜਵਾਨ ਕਿਸਾਨ ਦੇ ਕਹਿਣ ਅਨੁਸਾਰ ਜ਼ਮੀਨ ਗਿਰਵੀ ਕਰਨ ਮਗਰੋਂ ਬਹੁਤੇ ਕਿਸਾਨ ਉਸੇ ਜ਼ਮੀਨ ਨੂੰ ਠੇਕੇ ਉੱਤੇ ਲੈਕੇ ਵਾਹੁਣਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਕਰਨ ਨਾਲ ਸਮਾਜ ਵਿੱਚ ਉਹਨਾਂ ਦਾ ਪਰਦਾ ਬਣਿਆ ਰਹਿੰਦਾ ਹੈ। ਇਸ ਪਿੱਛੇ ਇਹ ਧਾਰਨਾ ਵੀ ਕੰਮ ਕਰਦੀ ਕਿ ਬੱਚੇ ਦੇ ਵਿਦੇਸ਼ੀ ਧਰਤੀ 'ਤੇ ਪੱਕਾ ਹੁੰਦਿਆਂ ਹੀ ਸਾਰੀ ਜ਼ਮੀਨ ਛੁਡਾ ਲਈ ਜਾਵੇਗੀ।

ਬਹੁਤੇ ਮਾਪੇ ਬੱਚਿਆਂ ਨੂੰ ਬਾਹਰ ਭੇਜਣਾ ਆਪਣੀ ਮਜਬੂਰੀ ਦੱਸਦੇ ਹਨ ਕਿਉਂਕਿ ਪੰਜਾਬ ਵਿੱਚ ਪਸਰੀ ਬੇਰੁਜ਼ਗਾਰੀ ਅਤੇ ਨਸ਼ਿਆਂ ਦੇ ਵਾਧੇ ਨੇ ਸਭ ਨੂੰ ਫਿਕਰਾਂ ਵਿੱਚ ਪਾਇਆ ਹੋਇਆ ਹੈ। ਅੱਜ ਹਰ ਪੰਜਾਬੀ ਕਾਨੂੰਨੀ ਜਾਂ ਗੈਰ ਕਾਨੂੰਨੀ ਹਰ ਹੀਲਾ ਵਰਤਕੇ ਬਾਹਰਲੇ ਮੁਲਕ ਵਿੱਚ ਪਰਵਾਸ ਕਰਨ ਲਈ ਉਤਾਵਲਾ ਹੈ। ਅਜਿਹੇ ਹਾਲਾਤ ਕਾਰਨ ਪੰਜਾਬ ਫਿਰ ਬਹੁਤ ਵੱਡੀ ਤ੍ਰਾਸਦੀ ਵਿੱਚੋਂ ਗੁਜ਼ਰ ਰਿਹਾ ਹੈ। ਜੇ ਇਹ ਕਹਿਣਾ ਹੋਵੇ ਕਿ ਪੰਜਾਬ ਭਵਿੱਖ ਹੀਣ ਹੁੰਦਾ ਜਾ ਰਿਹਾ ਹੈ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਅੰਕੜੇ ਦੱਸਦੇ ਹਨ ਕਿ 20 17 ਵਿੱਚ ਇੱਕ ਲੱਖ ਬੱਚੇ ਸਿਰਫ ਪੜ੍ਹਾਈ ਕਰਨ ਗਏ ਤੇ ਬਾਕੀ ਵੱਖਰੇ ਨੇ। 2018 ਵਿੱਚ 1, 70, 000 ਨੌਜਵਾਨ ਵਿਦੇਸ਼ਾਂ ਵਿੱਚ ਗਿਆ ਹੈ। ਬੇਸ਼ੱਕ ਕਿਹਾ ਇਹ ਜਾਂਦਾ ਹੈ ਕਿ ਪੜ੍ਹਾਈ ਕਰਨ ਜਾ ਰਹੇ ਹਨ ਪਰ ਅਸਲੀਅਤ ਇਹ ਹੈ ਕਿ ਵੱਡੀ ਗਿਣਤੀ ਪੜ੍ਹਾਈ ਬਹਾਨੇ ਚੰਗੇ ਭਵਿੱਖ ਲਈ ਪ੍ਰਦੇਸੀ ਬਣ ਰਹੀ ਹੈ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਬੱਚਿਆਂ ਦੇ ਨਾਲ ਨਾਲ ਅਰਬਾਂ ਖਰਬਾਂ ਰੁਪਇਆ ਵੀ ਦੇਸ਼ ਵਿੱਚੋਂ ਬਾਹਰ ਜਾ ਰਿਹਾ ਹੈ। ਇੱਕ ਵਿਦਿਆਰਥੀ ਦਾ ਔਸਤਨ ਖਰਚਾ 16 ਲੱਖ ਹੈ ਜੋ ਸਾਡੀ ਆਰਥਿਕਤਾ ਨੂੰ ਭਾਰੀ ਸੱਟ ਮਾਰ ਰਿਹਾ ਹੈ। ਉੱਧਰ ਪੜ੍ਹਾਈ ਦੇ ਨਾਮ ਤੇ ਬਹੁਤ ਸਾਰੇ ਕਾਲਜ ਅਤੇ ਯੂਨੀਵਰਸਿਟੀਆਂ ਘਰਾਂ ਵਿੱਚ ਹੀ ਖੁੱਲ੍ਹੇ ਹੋਏ ਹਨ, ਜਿਨ੍ਹਾਂ ਦਾ ਮਕਸਦ ਕੇਵਲ ਫੀਸ ਇਕੱਤਰ ਕਰਨਾ ਹੈ। 'ਉੱਚ ਵਿਦਿਆ' ਪ੍ਰਦਾਨ ਕਰਨ ਵਾਲੀਆਂ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਲਈ ਆਈਲੈਟਸ, ♦5" ਆਦਿ ਵਰਗੇ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਨੂੰ ਪਰਖਣ ਵਾਲੇ ਟੈਸਟਾਂ ਦਾ ਇੱਕ ਖਾਸ ਪੈਮਾਨਾ ਨਿਰਧਾਰਤ ਕੀਤਾ ਹੋਇਆ ਹੈ। ਇਹਨਾਂ ਟੈਸਟਾਂ ਲਈ ਛੋਟੇ ਛੋਟੇ ਸ਼ਹਿਰਾਂ ਤੋਂ ਲੈ ਕੇ ਵੱਡੇ-ਵੱਡੇ ਮਹਾਂਨਗਰਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਟ੍ਰੇਨਿੰਗ ਸੈਂਟਰ ਖੁੱਲ੍ਹੇ ਹੋਏ ਹਨ ਜਦਕਿ ਦੂਜੇ ਪਾਸੇ ਬਾਬਾ ਫਰੀਦ ਯੂਨੀਵਰਸਿਟੀ ਮੁਤਾਬਕ 9 ਡੈਂਟਲ ਕਾਲਜਾਂ ਦੀਆਂ 850 ਬੀ ਡੀ ਐੱਸ ਦੀਆਂ ਸੀਟਾਂ ਵਿੱਚੋਂ ਸਿਰਫ 375 ਹੀ ਭਰੀਆਂ ਸਨ। ਜੋ ਸਿਰਫ 44 ਪ੍ਰਤੀਸ਼ਤ ਹੀ ਬਣਦੀਆਂ ਸਨ। ਕਦੀ ਅਜਿਹਾ ਸਮਾਂ ਵੀ ਸੀ ਕਿ ਲੋਕ ਮੈਡੀਕਲ ਕਾਲਜਾਂ ਵਿੱਚ ਬੱਚਿਆਂ ਨੂੰ ਦਾਖਲਾ ਦਿਵਾਉਣ ਲਈ ਲੱਖਾਂ ਰੁਪਏ ਲਈ ਫਿਰਦੇ ਹੁੰਦੇ ਸਨ। ਪਰ ਹੁਣ ਹਾਲਾਤ ਉਹ ਨਹੀਂ ਰਹੇ, ਨਵੇਂ ਕਾਲਜ ਖੁੱਲ੍ਹਣ ਦੀ ਬਜਾਏ ਸਗੋਂ ਪਹਿਲੇ ਵੀ ਬੰਦ ਹੋ ਰਹੇ ਹਨ ਕਿਉਂਕਿ ਪੰਜਾਬ ਵਿਚਲੇ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ।

ਹੁਣ ਜ਼ਿਆਦਾਤਰ ਨੌਜਵਾਨ ਅਜਿਹੇ ਕੋਰਸਾਂ ਵਿੱਚ ਉਤਸ਼ਾਹ ਦਿਖਾ ਰਹੇ ਹਨ ਜੋ ਉਹਨਾਂ ਨੂੰ ਭਵਿੱਖ ਵਿੱਚ ਵਿਦੇਸ਼ ਜਾਣ ਵਿੱਚ ਸਹਾਈ ਹੋਣ ਜਿਵੇਂ ਫਾਰਮੇਸੀ, ਨਰਸਿੰਗ ਆਦਿ। ਅਸਲ ਵਿੱਚ ਨੌਜਵਾਨ ਪੀੜ੍ਹੀ ਆਪਣਾ ਭਵਿੱਖ ਵਿਦੇਸ਼ੀ ਧਰਤੀ ਉੱਤੇ ਹੀ ਸੁਰੱਖਿਅਤ ਵੇਖ ਰਹੀ ਹੈ ਜਦਕਿ ਹੁਣ ਵਿਦੇਸ਼ੀ ਧਰਤੀ ਉੱਤੇ ਵਾਪਰ ਰਹੀਆਂ ਤਾਜ਼ਾ ਘਟਨਾਵਾਂ ਨੇ ਮਾਪਿਆਂ ਨੂੰ ਬੱਚਿਆਂ ਦੇ 'ਸੁਰੱਖਿਅਤ ਭਵਿੱਖ' ਨੂੰ ਲੈ ਕੇ ਫਿਰ ਫਿਕਰਾਂ ਵਿੱਚ ਡੋਬ ਦਿੱਤਾ ਹੈ। ਆਪਣੀ ਸਾਰੀ ਜਮ੍ਹਾਂ ਪੂੰਜੀ ਨਾਲ ਵਿਦੇਸ਼ ਭੇਜੇ ਬੱਚਿਆਂ ਨਾਲ ਜਦੋਂ ਅਜਿਹੀ ਘਟਨਾ ਵਾਪਰ ਜਾਂਦੀ ਹੈ ਤਾਂ ਉਹਨਾਂ ਮਾਪਿਆਂ ਦਾ ਤਾਂ ਲੱਕ ਹੀ ਟੁੱਟ ਜਾਂਦਾ ਹੈ। ਕਨੇਡਾ ਦੇ ਹਾਲਾਤ ਨੇ ਹਰ ਇੱਕ ਨੂੰ ਫਿਕਰਮੰਦ ਕਰ ਦਿੱਤਾ ਹੈ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਅੰਮ੍ਰਿਤਧਾਰੀ ਸੁਖਦੀਪ ਕੌਰ ਨੇ ਵਿਦੇਸ਼ ਵਿਚ ਚਮਕਾਇਆ ਪੰਥ ਦਾ ਨਾਮ

**ਪ੍ਰੋ. ਬਲਵਿੰਦਰਪਾਲ ਸਿੰਘ**

ਅੰਮ੍ਰਿਤਧਾਰੀ ਸਿੱਖ ਦਾ ਬਾਣਾ ਸਿੱਖ ਰਹਿਤ ਮਰਯਾਦਾ ਅਨੁਸਾਰ ਵੱਖਰਾ ਹੁੰਦਾ ਹੈ। ਇਸ ਬਾਣੇ ਵਿਚ ਸਜ ਕੇ ਜਦੋਂ ਕੋਈ ਬੱਚਾ, ਲੜਕਾ ਜਾਂ ਲੜਕੀ ਆਮ ਲੋਕਾਂ ਵਿੱਚ ਵਿਚਰਦਾ ਹੈ ਤਾਂ ਇਸ ਦੀ ਸਿੱਖੀ ਸ਼ਾਨ ਖਿੱਚ ਦਾ ਕੇਂਦਰ ਬਣਦੀ ਹੈ। ਗੁਰੂ ਸਾਹਿਬ ਵਲੋਂ ਬਖਸ਼ੀ ਪ੍ਰਤਿਭਾ ਵੀ ਕ੍ਰਿਸ਼ਮਈ ਹੁੰਦੀ ਹੈ। ਇਸੇ ਤਰ੍ਹਾਂ ਇਸ ਬਾਣੇ ਵਿੱਚ ਸਜੀ ਪੰਜਾਬ ਦੇ ਮਾਝਾ ਖੇਤਰ ਦੇ ਇਕ ਪਿੰਡ ਦੀ ਧੀ ਨੇ ਇਕ ਅਜਿਹੀ ਮੱਲ ਮਾਰੀ ਕਿ ਉਸ ਦੀ ਪ੍ਰਤਿਭਾ ਦੀਆਂ ਗੱਲਾਂ ਪੂਰੇ ਵਿਸ਼ਵ ਵਿੱਚ ਹੋਣ ਲੱਗੀਆਂ। ਕਿਸਾਨ ਪਰਿਵਾਰ ਦੀ 24 ਸਾਲਾ ਸੁਖਦੀਪ ਕੌਰ ਨੇ ਹਾਂਗਕਾਂਗ ਵਿੱਚ ਇਤਿਹਾਸ ਰਚਿਆ ਹੈ। ਸੁਖਦੀਪ ਕੌਰ ਹਾਂਗਕਾਂਗ ਪੁਲਿਸ ਦੇ ਜੇਲ੍ਹ ਵਿਭਾਗ ਵਿੱਚ ਅਫਸਰ ਬਣ ਗਈ ਹੈ। ਵਿਭਾਗ ਦੇ ਅਧਿਕਾਰੀਆਂ ਨੇ ਸਿੱਖ ਧਰਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸੁਖਦੀਪ ਕੌਰ ਨੂੰ ਆਪਣੀ ਮਰਿਆਦਾ ਦਾ ਸਤਿਕਾਰ ਕਰਨ ਦੀ ਆਗਿਆ ਦਿੱਤੀ ਹੈ। ਸੁਖਦੀਪ ਕੌਰ ਤਰਨ ਤਾਰਨ ਦੇ ਸਰਹੱਦੀ ਖੇਤਰ ਦੇ ਸਹੂਲਤਾਂ ਤੋਂ ਸੱਖਣੇ ਪਿੰਡ ਭੁੱਚਰ ਖੁਰਦ ਦੀ ਰਹਿਣ ਵਾਲੀ ਹੈ।



ਜਾਣਕਾਰੀ ਮੁਤਾਬਕ ਹਿੰਦ-ਪਾਕਿ ਸਰਹੱਦ ਦੇ ਐਨ ਨਾਲ ਲੱਗਦੇ ਪਿੰਡ ਭੁੱਚਰ ਖੁਰਦ ਵਿੱਚ ਸੁਖਦੀਪ ਕੌਰ ਦਾ ਖੇਤਾਂ 'ਚ ਬਣਿਆ ਘਰ ਪਿੰਡ ਨੇੜਿਓਂ ਲੰਘਦੀ ਸੜਕ ਤੋਂ ਚਾਰ ਕਿਲੋਮੀਟਰ ਦੂਰ ਕੱਚੇ ਰਾਹਾਂ 'ਤੇ ਜਾ ਕੇ ਹੈ, ਜਿੱਥੇ ਆਉਣ-ਜਾਣ ਦਾ ਕੋਈ ਸਾਧਨ ਨਹੀਂ। ਸੁਖਦੀਪ ਦੇ ਵੱਡੇ ਭਰਾ ਜਸਕਰਨ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ 20 ਦਿਨਾਂ ਦੀ ਹੀ ਸੀ ਕਿ ਉਨ੍ਹਾਂ ਦੇ ਪਿਤਾ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਸੀ।ਜਸਕਰਨ ਵੀ ਅਜੇ ਘਰ ਦੀ ਕਬੀਲਦਾਰੀ ਸੰਭਾਲਣ ਦੇ ਯੋਗ ਨਹੀਂ ਸੀ। ਭੈਣ-ਭਰਾ ਨੂੰ ਆਪਣੀ ਮੁੱਢਲੀ ਪੜ੍ਹਾਈ ਕਰਨ ਲਈ ਰਿਸ਼ਤੇਦਾਰ ਕੋਲ ਅੰਮ੍ਰਿਤਸਰ ਜਾਣਾ ਪਿਆ। ਜਸਕਰਨ ਸਿੰਘ ਨੇ ਦੱਸਿਆ ਕਿ ਸੁਖਦੀਪ ਸ਼ੁਰੂ ਤੋਂ ਹੀ ਪੜ੍ਹਾਈ ਵਿੱਚ ਮੋਹਰੀ ਸੀ। ਪੰਜਵੀਂ ਪਾਸ ਕਰਦਿਆਂ ਹੀ ਮਾਮਾ ਦੀਦਾਰ ਸਿੰਘ ਉਸ ਨੂੰ ਆਪਣੇ ਪਰਿਵਾਰ ਨਾਲ ਹਾਂਗਕਾਂਗ ਲੈ ਗਿਆ, ਜਿਥੇ ਉਸ ਨੇ ਉੱਚ ਵਿਦਿਆ ਪ੍ਰਾਪਤ ਕੀਤੀ। ਇਸੇ ਦੌਰਾਨ ਮਾਂ ਸਤਿੰਦਰ ਕੌਰ ਬਿਮਾਰ ਰਹਿਣ ਲੱਗ ਪਈ ਜਿਸ ਕਰਕੇ ਉਸ ਨੂੰ ਹਾਂਗਕਾਂਗ ਤੋਂ ਪਿੰਡ ਵਾਪਸ ਆਉਣਾ ਪਿਆ।ਸੁਖਦੀਪ ਦੀ ਮਾਂ ਵੀ ਦੋਹਾਂ ਭੈਣ-ਭਰਾਵਾਂ ਨੂੰ ਮੁਸ਼ਲਕਾਂ ਨਾਲ ਜੂਝਣ ਲਈ ਛੱਡ ਕੇ ਸਦਾ ਲਈ ਚਲੀ ਗਈ। ਜਸਕਰਨ ਨੇ ਕਿਹਾ ਕਿ ਸੁਖਦੀਪ ਨੇ ਐਨੀਆਂ ਮੁਸ਼ਕਲਾਂ ਹੋਣ 'ਤੇ ਵੀ ਹੌਸਲਾ ਨਹੀਂ ਹਾਰਿਆ। ਉਸ ਨੇ ਇੱਧਰੋਂ ਕੰਪਿਊਟਰ ਸਾਇੰਸ ਦੀ ਬੀਐਸਸੀ ਕਰ ਲਈ ਤੇ ਫਿਰ ਹਾਂਗਕਾਂਗ ਆਪਣੇ ਮਾਮਾ ਕੋਲ ਚਲੀ ਗਈ। ਉੱਧਰ ਜਾ ਕੇ ਯੋਗਤਾ ਦੇ ਆਧਾਰ 'ਤੇ ਉਹ ਉੱਥੋਂ ਦੇ ਜੇਲ੍ਹ ਵਿਭਾਗ ਵਿੱਚ ਅਧਿਕਾਰੀ ਚੁਣੀ ਗਈ। ਸੁਖਦੀਪ ਕੌਰ ਸਿਰ 'ਤੇ ਦਸਤਾਰ ਸਜਾ ਕੇ ਆਪਣੀ ਡਿਊਟੀ 'ਤੇ ਜਾਂਦੀ ਹੈ ਤੇ ਉਹ ਵਿਲੱਖਣ ਪਹਿਰਾਵੇ ਵਿੱਚ ਹੋਣ ਕਰਕੇ ਸਭਨਾਂ ਲਈ ਖਿੱਚ ਦਾ ਕੇਂਦਰ ਬਣ ਜਾਂਦੀ ਹੈ।ਹਾਂਗਕਾਂਗ ਦੀ ਲੋ ਵੂ ਕਰੇਸ਼ਨਲ ਇੰਸਟੀਚਿਊਟ ਵਿੱਚ ਨੀਲੀ ਦਸਤਾਰ ਅਤੇ ਨੀਲੇ ਰੰਗ ਦੀ ਵਰਦੀ ਪਹਿਨ ਕੇ ਜੇਲ ਦੇ ਦੂਜੇ ਸਟਾਫ ਨਾਲ ਮਾਰਚ ਕਰਦਿਆਂ ਸਜੀ ਹੋਈ ਸੁਖਦੀਪ ਦੀ ਸਿੱਖੀ ਸ਼ਾਨ ਆਪਣੇ ਵਿਰਸੇ ਦਾ ਮਾਣ ਵਧਾ ਰਹੀ ਸੀ। ਰਿਪੋਰਟਾਂ ਅਨੁਸਾਰ 24 ਸਾਲ ਦੀ ਸੁਖਦੀਪ ਕੌਰ ਦਾ ਕਹਿਣਾ ਹੈ ਕਿ ਹਾਂਗਕਾਂਗ ਦੇ ਇਤਿਹਾਸ ਵਿਚ ਸੀ ਐੱਸ ਡੀ ਵਿਭਾਗ ਵਿੱਚ ਪਹਿਲੀ ਸਿੱਖ ਮਹਿਲਾ ਦੀ ਇਸ ਅਹੁਦੇ 'ਤੇ ਨਿਤੁਕਤੀ ਹੋਈ ਹੈ।

**ਬਾਕੀ ਸਫ਼ਾ 28 'ਤੇ**

# ਮੈਰੀਲੈਂਡ ਸੈਂਟਰ ਫਾਰ ਸੋਸ਼ਲ ਚੇਂਜ ਸੰਸਥਾ ਨੇ ਅੰਗਹੀਣਾਂ ਨਾਲ ਮਨਾਈ ਕ੍ਰਿਸਮਿਸ

## ਵਧੀਆ ਸਜਾਵਟ ਕਰਨ ਵਾਲੇ, ਕ੍ਰਿਸਮਿਸ ਟੀਮ, ਘਰਾਂ ਦੇ ਕੁਆਰਡੀਨੇਟਰਾਂ ਨੂੰ ਕੀਤਾ ਗਿਆ ਸਨਮਾਨਿਤ

**ਮੈਰੀਲੈਂਡ/ਰਾਜ ਗੋਗਨਾ :** ਸੈਂਟਰ ਫਾਰ ਸੋਸ਼ਲ ਚੇਂਜ ਸੰਸਥਾ ਮੈਰੀਲੈਂਡ ਸਟੇਟ ਦੀ ਐਸੀ ਸੰਸਥਾ ਹੈ ਜੋ ਵਿਕਲਾਂਗਾਂ, ਮੰਦਬੁੱਧੀ ਅਤੇ ਦਿਮਾਗੀ ਤੌਰ ਤੇ ਪੱਛੜੇ ਵਿਅਕਤੀਆਂ ਨੂੰ ਸਹੂਲਤਾਂ ਅਤੇ ਉਨ੍ਹਾਂ ਦੀ ਸਹਾਇਤਾ ਕਰਦੀ ਹੈ। ਜਿੱਥੇ ਉਹ ਇਨ੍ਹਾਂ ਨੂੰ ਟ੍ਰੇਨਿੰਗ ਦੇ ਤੰਦਰੁਸਤ ਕਰ ਰਹੀ ਹੈ, ਉੱਥੇ ਇਹ ਸੰਸਥਾ ਇਨ੍ਹਾਂ ਨੂੰ ਹੁਨਰ ਵਿੱਚ ਪ੍ਰਪੱਕ ਕਰਕੇ ਰੋਜ਼ਗਾਰ ਦੇ ਕਾਬਲ ਵੀ ਬਣਾ ਰਹੀ ਹੈ।ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕ੍ਰਿਸਮਿਸ ਦਾ ਤਿਉਹਾਰ ਵਿਸ਼ੇਸ਼ ਰੂਪ ਵਿੱਚ ਮਨਾਇਆ ਗਿਆ। ਜਿਸ ਵਿੱਚ ਸਾਰੇ ਹੀ ਹਿੱਸਾ ਲੈਣ ਵਾਲੇ ਮੈਰੀਕ੍ਰਿਸ ਡਰੈੱਸ ਵਿੱਚ ਤਿਆਰ ਹੋ ਕੇ ਆਏ। ਜਿੱਥੇ ਇਨ੍ਹਾਂ ਵੱਲ ਵੱਖ-ਵੱਖ ਅਮਰੀਕਨ ਗੀਤਾਂ ਤੇ ਨਾਚ ਕਰਕੇ ਖੂਬੀ ਖੁਸ਼ੀ ਮਨਾਈ। ਉਪਰੰਤ ਸਾਜਿਦ ਤਰਾਰ ਅਤੇ ਜਸਦੀਪ ਸਿੰਘ ਜੱਸੀ ਸੀ. ਈ. ਓ.ਨੇ ਇਕੱਲੇ-ਇਕੱਲੇ ਨਾਲ ਮੁਲਕਾਤ ਕੀਤੀ ਤੇ ਉਨ੍ਹਾਂ ਦਾ ਹਾਲ ਚਾਲ ਪੁੱਛਿਆ ਤੇ ਕ੍ਰਿਸਮਿਸ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ।ਪ੍ਰੋਗਰਾਮ ਦੇ ਡਾਇਰੈਕਟਰ ਦੇਨਾ ਅਤੇ ਸੁਖਮਨੀ ਕੌਰ ਵਲੋਂ ਵੱਖ-ਵੱਖ ਘਰਾਂ ਦੀ ਸਜਾਵਟ, ਕ੍ਰਿਸਮਿਸ ਟ੍ਰੀ ਦੀ ਸਜਾਵਟ ਅਤੇ ਲਾਈਟਾਂ ਦੇ ਨਜ਼ਾਰੇ ਵਾਲੇ ਘਰਾਂ ਦੇ ਵਿਅਕਤੀਆਂ ਨੂੰ ਸਨਮਾਨਿਤ ਕੀਤਾ।ਜਸਦੀਪ ਸਿੰਘ ਜੱਸੀ ਸੀ. ਈ. ਓ. ਕ੍ਰਿਸਮਿਸ ਦੇ ਤਿਉਹਾਰ ਤੇ ਸਮੂੰਹ ਨੂੰ ਵਧਾਈਆਂ ਦਿੱਤੀਆਂ। ਸਾਜਿਦ ਤਰਾਰ ਨੇ ਅੱਜ ਦੇ ਦਿਨ ਨੂੰ ਸ਼ੁਭ ਇੱਛਾਵਾਂ ਦਾ ਪ੍ਰਤੀਕ ਦੱਸਿਆ। ਉਨ੍ਹਾਂ ਅੱਗੇ ਕਿਹਾ ਕਿ ਇਸ ਦਿਨ ਹਰੇਕ ਲਈ ਖੁਸ਼ੀ ਅਤੇ ਚੰਗੀ ਕਾਮਨਾ ਦੀ ਬਰਸਾਤ ਹੁੰਦੀ ਹੈ। ਜਿਸ ਲਈ ਤੁਸੀਂ ਸਾਰੇ ਭਾਗੀਦਾਰ ਹੋ ਤੇ ਵਧਾਈ ਦੇ ਪਾਤਰ ਹੋ। ਸਾਰਿਆਂ ਵਲੋਂ ਆਪਸੀ ਮਿਲਣੀ ਦੌਰਾਨ ਇੱਕ ਦੂਜੇ ਨੂੰ ਵਧਾਈਆਂ ਦਿੱਤੀਆਂ ਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਨਾਚ ਰਾਹੀਂ ਖੂਬ ਖੁਸ਼ੀਆਂ ਸਾਂਝੀਆਂ ਕੀਤੀਆਂ। ਉਪਰੰਤ ਰਾਤਰੀ ਭੋਜ ਦੌਰਾਨ ਸੈਂਟਾਂ-ਕਲਾਜ ਰਾਹੀਂ ਉਪਹਾਰ ਪ੍ਰਾਪਤ ਕੀਤੇ। ਜਿਸ ਨਾਲ ਸਾਰਿਆਂ ਵਿੱਚ ਖੁਸ਼ੀ ਦਾ ਮਹੌਲ ਬਣਿਆ ਰਿਹਾ। ਇੱਕ ਦੂਜੇ ਲਈ ਵਧੀਆ ਸਿਹਤ ਤੇ ਚੰਗੇ ਭਵਿੱਖ ਦੀ ਕਾਮਨਾ ਨਾਲ ਸਮਾਗਮ ਦੀ ਸਮਾਪਤੀ ਹੋਈ। ਜਿਸ ਦੀ ਤਾਰੀਫ ਹਰ ਪਾਸਿਉਂ ਹੋਈ। ਇਨ੍ਹਾਂ ਸਾਰੇ ਪ੍ਰਬੰਧਾਂ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।



# ਕੀ ਕਦੇ ਇਨਸਾਫ਼ ਮਿਲ ਸਕੇਗਾ ਕਰੁਣਾਜੀਤ ਕੌਰ ਵਰਗੀਆਂ ਅਣਖੀ ਲੜਕੀਆਂ ਨੂੰ

**ਮਨਜਿੰਦਰ ਸਿੰਘ ਸਰੌਦ**, 9463463136

ਪਹਾੜੀ ਸੂਬੇ ਉੱਤਰਾਖੰਡ ਦੇ ਪਿੰਡ ਮਲਾਰੀ ਵਿਖੇ ਇੰਡੋ-ਤਿੱਬਤ ਬਾਰਡਰ ਪੁਲੀਸ ਵਿੱਚ ਡਿਪਟੀ ਕਮਾਂਡੈਂਟ ਦੇ ਅਹੁਦੇ 'ਤੇ ਤਾਇਨਾਤ ਕਰੁਣਾਜੀਤ ਕੌਰ ਨਾਲ ਲਗਭਗ 7 ਮਹੀਨੇ ਪਹਿਲਾਂ 9 ਅਤੇ 10 ਜੂਨ ਦੀ ਰਾਤ ਨੂੰ ਵਾਪਰੀ ਮੰਦਭਾਗੀ ਘਟਨਾ ਸਬੰਧੀ ਇਨਸਾਫ਼ ਦੀ ਲੜਾਈ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਹੋਣ ਤੋਂ ਬਾਅਦ ਵੀ ਗੱਲ ਕਿਸੇ ਤਣ- ਪੱਤਣ ਨਾ ਲੱਗੀ। ਉਸ ਨਾਲ ਵਾਪਰੀ ਬੇਹੱਦ ਘਿਨਾਉਣੀ ਘਟਨਾ ਤੋਂ ਬਾਅਦ, ਉਸ ਨੇ ਫੈਸਲਾ ਕੀਤਾ ਕਿ ਸੁਰੱਖਿਆ ਫੋਰਸਾਂ ਵਿੱਚ ਸੰਤਾਪ ਭੋਗ ਰਹੀਆਂ ਹੋਰਨਾਂ ਲੜਕੀਆਂ ਦੀ ਆਵਾਜ਼ ਬਣਕੇ ਉਸ ਨੂੰ ਸੰਘਰਸ਼ ਕਰਨਾ ਚਾਹੀਦਾ ਹੈ, ਇਸ ਲਈ ਉਸ ਨੇ ਡਿਪਟੀ ਕਮਾਂਡੈਂਟ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਪਹਿਲਾਂ ਆਪਣੇ ਉੱਚ ਅਧਿਕਾਰੀਆਂ ਕੋਲ ਅਤੇ ਬਾਅਦ ਵਿੱਚ ਅਦਾਲਤ ਰਾਹੀ ਇਨਸਾਫ ਦੀ ਜੰਗ ਸ਼ੁਰੂ ਕੀਤੀ ਹੈ।



ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਸੰਵੇਦਨਸ਼ੀਲ ਅਤੇ ਔਰਤਾਂ ਦੀ ਰੱਖਿਆ ਨਾਲ ਜੁੜਿਆ ਮਾਮਲਾ ਹੋਣ ਦੇ ਬਾਵਜੂਦ ਵੀ ਉਸ ਦੇ ਨਾਲ ਵਧੀਕੀ ਕਰਨ ਵਾਲੇ ਉਸ ਦੇ ਜੂਨੀਅਰ ਪੁਲਿਸ ਜਵਾਨ ਨੂੰ ਅੱਜ ਤੱਕ ਸਬੰਧਤ ਵਿਭਾਗ ਨੇ ਕੋਈ ਸਜ਼ਾ ਨਹੀਂ ਦਿੱਤੀ। ਲੰਘੀ 9 ਅਤੇ 10 ਜੂਨ ਦੀ ਵਿਚਕਾਰਲੀ ਰਾਤ ਨੂੰ ਚੀਨ ਦੇ ਬਾਰਡਰ ਨਾਲ ਖਹਿੰਦੀਆਂ ਪਹਾੜੀਆਂ 'ਤੇ ਡਿਊਟੀ ਦੌਰਾਨ ਇੰਡੋ-ਤਿੱਬਤ ਪੁਲਿਸ ਦੀ ਡਿਪਟੀ ਕਮਾਂਡੈਂਟ ਬੀਬੀ ਕਰੁਣਾਜੀਤ ਕੌਰ ਨਾਲ ਉਥੇ ਹੀ ਡਿਊਟੀ 'ਤੇ ਤਾਇਨਾਤ ਪੁਲਿਸ ਦੇ ਇਕ ਜਵਾਨ ਵੱਲੋਂ ਬੇਹੱਦ ਮਾੜੀ ਘਟਨਾ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ ਜਿਸ ਨੂੰ ਬੀਬੀ ਕਰੁਣਾਜੀਤ ਕੌਰ ਨੇ ਬੜੀ ਦਲੇਰੀ ਨਾਲ ਨਕਾਰ ਦਿੱਤਾ ਸੀ, ਫਿਰ ਉਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਕੇ ਸੰਘਰਸ਼ ਸ਼ੁਰੂ ਕੀਤਾ, ਅੰਤ ਇਹ ਮਾਮਲਾ ਮੀਡੀਆ ਵਿੱਚ ਆਉਣ ਤੋਂ ਬਾਅਦ ਬੀਬੀ ਕਰੁਣਾਜੀਤ ਕੌਰ ਨੂੰ ਇਨਸਾਫ਼ ਦਿਵਾਉਣ ਲਈ ਵੱਡੇ ਪੱਧਰ 'ਤੇ ਚਰਚਾ ਹੋਈ।

ਸਮਾਜਿਕ 'ਤੇ ਮਨੁੱਖੀ ਅਧਿਕਾਰ ਜਥੇਬੰਦੀਆਂ 'ਚ ਇਹ ਮਾਮਲਾ ਲੰਬੇ ਸਮੇਂ ਤੋਂ ਲੋਕ ਵਿਸ਼ਾ ਬਣਿਆ ਹੋਇਆ ਹੈ, ਪਰ ਅਜੇ ਤੱਕ ਹੋਇਆ ਕੁਝ ਨਹੀਂ ਸ਼ਾਇਦ ਬਾਕੀ ਕੇਸਾਂ ਵਾਂਗ ਇਸ ਕੇਸ 'ਤੇ ਵੀ ਮਿੱਟੀ ਦੀ ਧੂੜ ਜੰਮ ਜਾਵੇਗੀ। ਇਸ ਤੋਂ ਇਲਾਵਾਂ ਦੇਸ਼ ਅੰਦਰ ਕਿੰਨੀਆਂ ਹੀ ਮਾਸੂਮ ਲੜਕੀਆਂ ਨਾਲ ਜਬਰ ਜ਼ਨਾਹ ਕੀਤੇ ਗਏ ਅਤੇ ਕਿੰਨੇ ਹੀ ਭੋਲੇ ਭਾਲੇ ਚਿਹਰਿਆਂ ਨੂੰ ਤੇਜ਼ਾਬ ਪਾ ਕੇ ਫੂਕ ਦਿੱਤਾ ਗਿਆ, ਬਹੁਤ ਸਾਰੀਆਂ ਮਾਸੂਮ ਜਿੰਦਾਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣ ਤੋਂ ਬਾਅਦ ਅੱਗ ਦੇ ਹਵਾਲੇ ਕਰਕੇ ਸ਼ੈਤਾਨ ਲੋਕਾਂ ਨੇ ਸਬੂਤ ਮਿਟਾਉਣ ਦੀ ਕੋਸ਼ਿਸ਼ ਵੀ ਕੀਤੀ ,ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਫਾਈਲਾਂ 'ਤੇ ਵੀ ਅੱਜ ਤੱਕ ਮੁੜ ਕੇ ਗੌਰ ਨਹੀਂ ਕੀਤਾ ਗਿਆ।

ਦਿੱਲੀ , ਨੋਇਡਾ ਕਠੂਆ ਅਤੇ ਹੈਦਰਾਬਾਦ ਦੀਆਂ ਘਟਨਾਵਾਂ 'ਤੇ ਜੇਕਰ ਝਾਤ ਮਾਰੀਏ ਕਲੇਜਾ ਮੂੰਹ ਨੂੰ ਆਉਂਦਾ ਹੈ ਅਤੇ ਰੂਹ ਕੰਬ ਜਾਂਦੀ ਹੈ ਇਨ੍ਹਾਂ ਘਟਨਾਵਾਂ ਨੂੰ ਯਾਦ ਕਰਕੇ। ਸਰਕਾਰਾਂ ਨੇ ਕਦੇ ਇਹ ਸੋਚਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਨ੍ਹਾਂ ਸਾਰੀਆਂ ਘਟਨਾਵਾਂ ਦੌਰਾਨ ਅਤੇ ਇਸ ਤੋਂ ਬਿਨਾਂ ਕਿਸੇ ਨਾ ਕਿਸੇ ਢੰਗ ਨਾਲ ਦਰਿੰਦਿਆਂ ਦਾ ਸ਼ਿਕਾਰ ਹੋਈਆਂ ਮਾਸੂਮ ਅਤੇ ਨੌਜਵਾਨ ਲੜਕੀਆਂ ਨੂੰ 'ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਨਸਾਫ ਲੈਣ ਲਈ ਤਿਹਰੀ ਜੰਗ ਲੜਨੀ ਪੈ ਰਹੀ ਹੈ , ਪਹਿਲੀ ਜੰਗ ਤਾਂ ਇਨ੍ਹਾਂ ਅਭਾਗੀਆਂ ਨੇ ਆਪਣੇ ਨਾਲ ਹੋਈ ਅਣਹੋਣੀ ਘਟਨਾ ਸਮੇਂ ਲੜੀ ਜਿਸ ਨਾਲ ਇਨ੍ਹਾਂ ਦੇ ਅਰਮਾਨ ਤਾਰ ਤਾਰ ਹੋਏ। ਦੂਸਰੀ ਜੰਗ ਦਾ ਸਾਹਮਣਾ ਇਨ੍ਹਾਂ ਨੂੰ ਸਰਕਾਰਾਂ ਅਤੇ ਅਦਾਲਤਾਂ ਕੋਲੋਂ ਇਨਸਾਫ ਮੰਗਣ ਦੌਰਾਨ ਹੋ ਰਹੀ ਬੇ ਹਿਸਾਬ ਦੇਰੀ ਸਮੇਂ ਕਰਨਾ ਪੈ ਰਿਹਾ ਹੈ, ਕੋਰਟ ਕਚਹਿਰੀਆਂ ਦੇ ਚੱਕਰ ਮਾਰਦਿਆਂ ਹੌਸਲਾ ਟੁੱਟ ਚੁੱਕਿਆ ਹੈ ਇਨ੍ਹਾਂ ਲੜਕੀਆਂ ਦਾ।

ਤੀਸਰੀ ਜੰਗ ਇਨ੍ਹਾਂ ਨੂੰ ਆਪਣੇ ਪਰਿਵਾਰਾਂ ਅਤੇ ਆਪਣੇ ਆਪ ਦੇ ਲਈ ਰੋਜ਼ੀ-ਰੋਟੀ ਦਾ ਸਾਧਨ ਪੈਦਾ ਕਰਨ ਨੂੰ ਲੈ ਕੇ ਕਰਨੀ ਪੈ ਰਹੀ ਹੈ। ਕਦੇ ਨੇੜਿਓ ਵੇਖੋ ਇਨ੍ਹਾਂ ਅਬਲਾਵਾਂ ਦੇ ਸੀਨਿਓਂ ਨਿਕਲੇ ਦਰਦ ਨੂੰ ਕਿ ਇਨ੍ਹਾਂ ਦੇ ਵੀ ਅਰਮਾਨ ਸਨ ਜੋ ਹੁਣ ਟੁੱਟ ਚੁੱਕੇ ਨੇ, ਇਨ੍ਹਾਂ ਦੇ ਦਿਲ ਦੀ ਇੱਛਾ ਸੀ ਜੋ ਹੁਣ ਮਰ ਚੁੱਕੀ ਹੈ। ਕਦੇ ਬਲਾਤਕਾਰ , ਕਦੇ ਤੇਜ਼ਾਬ , ਕਦੇ ਸਰੀਰਕ ਸੋਸ਼ਣ ਆਖਰ ਕਦੋਂ ਤੱਕ ਇਹ ਸਭ ਕੁਝ ਹੁੰਦਾ ਰਹੇਗਾ ਅਤੇ ਸਾਡੀ ਜੱਗ ਜਨਨੀ ਇਨਸਾਫ ਲਈ ਜੰਗ ਕਰਦੀ ਰਹੇਗੀ। ਲੋੜ ਹੈ ਇਸ ਮਾੜੇ ਵਰਤਾਰੇ ਨੂੰ ਰੋਕਣ ਦੀ ਅਤੇ ਇਸ ਅਲਾਮਤ ਦੀ ਜੜ੍ਹ ਤੱਕ ਜਾਣ ਦੀ ਕਿ ਇਹ ਸਭ ਕੁਝ ਕਿਉਂ ਹੋ ਰਿਹੈ ਮੇਰੇ ਦੇਸ਼ ਅੰਦਰ, ਇਨਸਾਫ਼ ਦੀ ਤਰਾਜੂ ਤੇਜ਼ੀ ਨਾਲ ਚੱਲੇ ਅਤੇ ਸਰਕਾਰਾਂ ਵੱਡੇ ਫੈਸਲੇ ਲੈਣ ਤਾਂ ਕਿ ਇਹ ਪਸ਼ੂ ਪ੍ਰਵਿਰਤੀ ਵਰਤਾਰਾ ਰੁਕ ਸਕੇ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਬਹੁਤੇ ਹਿੰਦੀ, ਪੰਜਾਬੀ ਟੀਵੀ ਚੈਨਲ ਜੋਤਸ਼ੀਆਂ ਨੂੰ ਉਤਸ਼ਾਹਿਤ ਕਰ ਕੇ ਫੈਲਾ ਰਹੇ ਨੇ ਅੰਧ ਵਿਸ਼ਵਾਸ

## ਜੋਤਸ਼ੀਆਂ ਤੇ ਅੰਧ-ਵਿਸ਼ਵਾਸਾਂ ਦਾ ਧੰਦਾ ਚਮਕਾਉਣ 'ਚ ਅਖ਼ਬਾਰਾਂ ਦੀ ਵੀ ਹੈ ਵੱਡੀ ਭੂਮਿਕਾ

**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916




ਭਾਰਤ ਦੇ ਬਹੁਤੇ ਹਿੰਦੀ, ਪੰਜਾਬੀ ਟੀਵੀ ਚੈਨਲ ਦੇਸਾਂ-ਵਿਦੇਸ਼ਾਂ ਵਿਚ ਜੋਤਸ਼ੀਆਂ ਨੂੰ ਉਤਸ਼ਾਹਿਤ ਕਰਕੇ ਅੰਧ-ਵਿਸ਼ਵਾਸ ਫੈਲਾ ਰਹੇ ਹਨ। ਟੀਵੀ ਚੈਨਲਾਂ 'ਤੇ ਪ੍ਰਸਾਰਿਤ ਹੁੰਦੇ ਜੋਤਿਸ਼, ਵਾਸਤੂ ਸ਼ਾਸਤਰ ਅਤੇ ਡਰ-ਖੌਫ਼ ਵਾਲੇ ਸੀਰੀਅਲ ਸਮਾਜ ਅੱਗੇ ਅੰਧ-ਵਿਸ਼ਵਾਸ ਪਰੋਸ ਰਹੇ ਹਨ। ਇਨ੍ਹਾਂ ਲੜੀਵਾਰਾਂ ਦਾ ਵਿਸ਼ਾ-ਵਸਤੂ ਭੂਤ-ਪ੍ਰੇਤ, ਆਤਮਾਵਾਂ, ਨਾਗ-ਨਾਗਣੀਆਂ ਦਾ ਬਦਲਾਲਊ ਦ੍ਰਿਸ਼ਾਂ ਵਾਲੀ ਕਹਾਣੀ 'ਤੇ ਟਿਕਿਆ ਹੁੰਦਾ ਹੈ। ਇਹ ਲੜੀਵਾਰ ਲੋਕ ਮਨਾਂ ਖ਼ਾਸ ਕਰ ਬਾਲ ਮਾਨਸਿਕਤਾ 'ਤੇ ਅੰਧ-ਵਿਸ਼ਵਾਸਾਂ ਤਹਿਤ ਡਰ ਤੇ ਵਹਿਮ ਪੈਦਾ ਕਰਦੇ ਹਨ। ਟੀਵੀ ਚੈਨਲਾਂ ਦੇ ਖਰੀਦ ਕੀਤੇ ਪ੍ਰੋਗਰਾਮ, ਜਿਨ੍ਹਾਂ ਵਿਚ ਤਾਂਤਰਿਕਾਂ, ਜੋਤਸ਼ੀਆਂ, ਬਾਬਿਆਂ ਵਲੋਂ ਵੱਖ-ਵੱਖ ਉਪਾਅ, ਟੋਟਕਿਆਂ ਆਦਿ ਨਾਲ ਲੋਕਾਂ ਦੇ ਸਰੀਰਕ ਅਤੇ ਮਾਨਸਿਕ ਕਸ਼ਟ ਦੂਰ ਕਰਨ ਦਾ ਦਾਅਵਾ ਕੀਤਾ ਜਾ ਰਿਹਾ ਹੁੰਦਾ ਹੈ। ਕਈ ਵਾਰ ਤਾਂ ਇਨ੍ਹਾਂ ਪ੍ਰੋਗਰਾਮਾਂ ਵਿਚ ਦਰਸ਼ਕਾਂ ਨੂੰ ਚੈਨਲ 'ਤੇ ਬਿਰਾਜਮਾਨ ਜੋਤਸ਼ੀਆਂ ਨਾਲ ਸਿੱਧੇ ਸੰਵਾਦ ਵੀ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਇਹ ਜੋਤਸ਼ੀ ਤੇ ਟੀਵੀ ਚੈਨਲ ਦੇ ਮਾਲਕ ਲੋਕਾਂ ਨਾਲ ਠੱਗੀ ਕਰਦੇ ਹਨ।

ਇਤਿਹਾਸਕਾਰ ਅਤੇ ਪ੍ਰਸਿੱਧ ਲੇਖਕ ਮੀਰਾ ਨੰਦਾ ਦਾ ਕਹਿਣਾ ਹੈ 'ਕਿ ਭਾਰਤ ਵਿਗਿਆਨ ਦੇ ਖੇਤਰ ਵਿਚ ਓਨੀ ਦੇਰ ਸ਼ਕਤੀਸ਼ਾਲੀ ਮੁਲਕ ਵਜੋਂ ਨਹੀ ਉੱਭਰ ਸਕੇਗਾ ਜਿੰਨੀ ਦੇਰ ਤੱਕ ਅਸੀਂ ਅੰਧ-ਵਿਸ਼ਵਾਸ, ਟੂਣੇ-ਟੋਟਕੇ, ਭਵਿੱਖਬਾਣੀਆਂ ਆਦਿ ਦਾ ਖ਼ਾਤਮਾ ਨਹੀਂ ਕਰ ਲੈਂਦੇ'।

ਜੇਕਰ ਪ੍ਰੈਸ ਕੌਂਸਲ ਆਫ ਇੰਡੀਆ ਦੀਆਂ ਅਗਵਾਈ ਲੀਹਾਂ ਨੂੰ ਆਧਾਰ ਬਣਾ ਕੇ ਗੱਲ ਕਹਿਣੀ ਹੋਵੇ ਤਾਂ ਇਨ੍ਹਾਂ ਵਿਚ ਸਪੱਸ਼ਟ ਜ਼ਿਕਰ ਕੀਤਾ ਹੈ ਕਿ ਜੋਤਿਸ਼-ਭਵਿੱਖਬਾਣੀ ਵਿਗਿਆਨ ਦੇ ਸੁਭਾਅ ਦੇ ਉਲਟ ਹੈ ਜੋ ਪ੍ਰਸਾਰਿਤ ਨਹੀਂ ਕੀਤੀ ਜਾਣੀ ਚਾਹੀਦੀ।

ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਲੋਂ ਸਾਲ 2013 ਵਿਚ ਇਕ ਸੂਚਨਾ ਜਾਰੀ ਕਰਕੇ ਇਕ ਹੋਰ ਪਹਿਲੂ ਤੋਂ ਵੀ ਅਜਿਹੇ ਪ੍ਰੋਗਰਾਮਾਂ ਦਾ ਵਿਰੋਧ ਕੀਤਾ ਗਿਆ ਸੀ ਕਿ 'ਮੰਤਰਾਲੇ ਦੇ ਧਿਆਨ ਵਿਚ ਆਇਆ ਹੈ ਕਿ ਜੋਤਿਸ਼, ਵਾਸਤੂ ਸ਼ਾਸਤਰ ਅਤੇ ਲੋਕਾਂ ਦੀਆਂ ਦੁੱਖ ਤਕਲੀਫਾਂ ਦੂਰ ਕਰਨ ਲਈ ਆਪੂ ਬਣੇ ਕਥਿਤ ਵੈਦ ਹਕੀਮਾਂ ਨੂੰ ਟੈਲੀਵਿਜ਼ਨ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਲੋਕਾਂ ਨੂੰ ਇੰਜ ਲੱਗੇ ਕਿ ਉਹ ਇਸ਼ਤਿਹਾਰ ਨਹੀਂ ਸਗੋਂ ਟੈਲੀਵਿਜ਼ਨ ਦੇ ਹੀ ਪ੍ਰੋਗਰਾਮ ਦੇਖ ਰਹੇ ਹੋਣ ਜਦੋਂ ਕਿ ਅਸਲ ਵਿਚ ਉਹ ਪ੍ਰਾਪੇਗੰਡਾ ਜਾਂ ਇਸ਼ਤਿਹਾਰ ਸਮੱਗਰੀ ਦੇਖ ਰਹੇ ਹੁੰਦੇ ਹਨ। ਇਹ 'ਕੇਬਲ ਟੈਲੀਵਿਜ਼ਨ ਨੈੱਟਵਰਕ ਨਿਯਮਾਂਵਲੀ 1994 ਦੇ ਸੈਕਸ਼ਨ 7(5)' ਦੀ ਸਰਾਸਰ ਉਲੰਘਣਾ ਹੈ'।

**ਅਖ਼ਬਾਰਾਂ ਦੀ ਭੂਮਿਕਾ**

ਇਸੇ ਤਰ੍ਹਾਂ ਪ੍ਰਿੰਟ ਮੀਡੀਆ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਅਨੇਕਾਂ ਅਖ਼ਬਾਰਾਂ ਵਿਚ ਵੀ ਖ਼ਾਸ ਕਰ ਕਲਾਸੀਫਾਈਡ ਪੰਨਿਆਂ ਉੱਤੇ ਅਜਿਹੇ ਕਈ ਇਸ਼ਤਿਹਾਰਾਂ ਨੂੰ ਰੋਜ਼ਾਨਾ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ, ਜਿਹੜੇ ਕਿ ਤਾਂਤਰਿਕਾਂ, ਬਾਬਿਆਂ ਅਤੇ ਜੋਤਸ਼ੀਆਂ ਵੱਲੋਂ ਦਿੱਤੇ ਗਏ ਹੁੰਦੇ ਹਨ।

ਅਖ਼ਬਾਰਾਂ ਵਿੱਚ ਵੀ ਖ਼ਾਸ ਕਰ ਕਲਾਸੀਫਾਈਡ ਪੰਨਿਆਂ ਉੱਤੇ ਅਜਿਹੇ ਕਈ ਇਸ਼ਤਿਹਾਰਾਂ ਨੂੰ ਰੋਜ਼ਾਨਾ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ, ਜਿਹੜੇ ਕਿ ਤਾਂਤਰਿਕਾਂ, ਬਾਬਿਆਂ ਅਤੇ ਜੋਤਸ਼ੀਆਂ ਵੱਲੋਂ ਦਿੱਤੇ ਗਏ ਹੁੰਦੇ ਹਨ। ਇਸ ਕਿਸਮ ਦੇ ਇਸ਼ਤਿਹਾਰ ਜ਼ਿਆਦਾਤਰ ਘਰੇਲੂ, ਸਰੀਰਿਕ ਅਤੇ ਆਰਥਿਕ ਸਮੱਸਿਆਵਾਂ ਨਾਲ ਜੁੜੇ ਹੋਏ ਹੁੰਦੇ ਹਨ, ਜਿਨ੍ਹਾਂ ਵਿੱਚ ਪ੍ਰੇਮ ਵਿਆਹ, ਸੌਂਕਣ ਦੁਸ਼ਮਨ ਛੁਟਕਾਰਾ, ਸੰਤਾਨ ਹੀਨਤਾ, ਕਿਸੇ ਨੂੰ ਬਿਮਾਰੀ ਲਵਾਉਣਾ, ਲਾਟਰੀ ਨੰਬਰ ਅਤੇ ਦੱਬਿਆ ਧਨ ਆਦਿ ਨਾਲ ਜੁੜੀਆਂ ਸਮੱਸਿਆਵਾਂ ਨੂੰ ਜਾਦੂਈ ਢੰਗ-ਤਰੀਕਿਆਂ ਨਾਲ ਹੱਲ ਕਰਨ ਦੀ ਗੱਲ ਖਿੱਚਵੇਂ ਢੰਗ ਨਾਲ ਕਰਕੇ ਪਾਠਕਾਂ ਦੀ ਭਾਵੁਕਤਾ ਨੂੰ ਟੁੰਬਣ ਅਤੇ ਉਨ੍ਹਾਂ ਨੂੰ ਭਰਮਾਉਣ ਦਾ ਯਤਨ ਕੀਤਾ ਗਿਆ ਹੁੰਦਾ ਹੈ।

ਕਾਨੂੰਨਾਂ ਅਤੇ ਮੀਡੀਆ ਦੇ ਨੈਤਿਕ ਨਿਯਮਾਂ ਦੀ ਗੱਲ ਕੀਤੀ ਜਾਵੇ ਤਾਂ ਕਾਨੂੰਨ ਤਹਿਤ ਦਵਾਈਆਂ ਤੇ ਜਾਦੂਈ ਇਲਾਜ (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਕਾਨੂੰਨ 1954 ਮੌਜੂਦ ਹੈ। ਇਸ ਕਾਨੂੰਨ ਦੀ ਧਾਰਾ 2 ਅਨੁਸਾਰ ਜਾਦੂਈ ਇਲਾਜ ਨਾਲ ਸਬੰਧਿਤ ਇਸ਼ਤਿਹਾਰਬਾਜ਼ੀ ਕਰਨਾ ਗ਼ੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ। ਬਿਜਲਈ ਮੀਡੀਆ ਤਹਿਤ ਟੈਲੀਵਿਜ਼ਨ ਨੈੱਟਵਰਕ ਲਈ ਬਣੇ ਕੇਬਲ ਟੈਲੀਵਿਜ਼ਨ ਨੈੱਟਵਰਕਸ (ਰੈਗੂਲੇਸ਼ਨ) ਐਕਟ 1995 ਦੇ ਨਿਯਮਾਂ ਮੁਤਾਬਿਕ ਕੋਈ ਵੀ ਚੈਨਲ ਆਪਣੇ ਪ੍ਰੋਗਰਾਮ ਅਤੇ ਵਿਗਿਆਪਨ ਵਿਚ ਅਜਿਹੀ ਸਮੱਗਰੀ ਨਹੀਂ ਪੇਸ਼ ਕਰ ਸਕਦਾ, ਜਿਹੜੀ ਅੰਧ-ਵਿਸ਼ਵਾਸ ਨੂੰ ਵਧਾਉਂਦੀ ਹੋਵੇ।

ਉਪਰੋਕਤ ਕਾਨੂੰਨਾਂ ਅਤੇ ਨੈਤਿਕ ਨਿਯਮਾਂ ਨੂੰ ਜੇਕਰ ਮੀਡੀਆ ਦੀ ਕਾਰਗੁਜ਼ਾਰੀ ਨਾਲ ਮਿਲਾ ਕੇ ਪਰਖਿਆ ਜਾਵੇ ਤਾਂ ਮੀਡੀਆ ਦਾ ਕਾਫੀ ਹਿੱਸਾ ਇਸ ਦੀ ਕਸੌਟੀ 'ਤੇ ਖ਼ਰਾ ਉੱਤਰਦਾ ਪ੍ਰਤੀਤ ਨਹੀਂ ਹੁੰਦਾ।

ਭਾਰਤੀ ਸੰਵਿਧਾਨ ਵਿੱਚ ਦਰਜ 1954 ਦਾ ਮੈਜਿਕ ਰੈਮੇਡੀਜ਼ ਐਕਟ ਜਾਦੂਈ ਇਸ਼ਤਿਹਾਰਬਾਜ਼ੀ ਅਤੇ ਕਿਸੇ ਵੀ ਕਿਸਮ ਦੀ ਦੈਵੀ ਸ਼ਕਤੀ ਦੇ ਦਾਅਵੇਦਾਰਾਂ ਦੇ ਗੈਰ ਵਿਗਿਆਨਕ ਪ੍ਰਚਾਰ 'ਤੇ ਰੋਕ ਲਾਉਂਦਾ ਹੈ। ਇਸ ਐਕਟ ਅਨੁਸਾਰ ਉਲੰਘਣਾ ਕਰਨ ਵਾਲਿਆਂ ਲਈ ਸਜ਼ਾਵਾਂ ਨਿਸ਼ਚਿਤ ਹਨ, ਪਰ ਅੰਧ ਵਿਸ਼ਵਾਸ ਦਾ ਧੰਦਾ ਲਗਾਤਾਰ ਵਧ ਫੁੱਲ ਰਿਹਾ ਹੈ। ਇਹ ਧੰਦਾ ਸਵੇਰ ਹੀ ਸ਼ੁਰੂ ਹੋ ਜਾਂਦਾ ਹੈ। ਜਿਹੜੇ ਮਰਜ਼ੀ ਟੀ ਵੀ ਚੈਨਲ ਨੂੰ ਚਲਾਈਏ, ਹਰੇਕ ਉਤੇ ਕਰਮਾਂ ਕਾਂਡਾਂ, ਨਗਾਂ ਰਾਸ਼ੀਆਂ ਨਾਲ ਜੀਵਨ ਨੂੰ ਸਫਲ ਬਣਾਉਣ ਦਾ ਝੂਠਾ ਪ੍ਰਚਾਰ ਸ਼ੁਰੂ ਹੁੰਦਾ ਹੈ। ਪੰਜਾਬ ਦੇ ਪਿੰਡਾਂ ਵਿੱਚ ਸਿਹਤ, ਸਿੱਖਿਆ ਦੀ ਸਰਕਾਰੀ ਸਹੂਲਤ ਭਾਵੇਂ ਨਾ ਹੋਵੇ, ਪਰ ਹਰ ਪਿੰਡ ਵਿੱਚ ਧਾਗੇ, ਤਵੀਤਾਂ, ਜਾਦੂ ਮੰਤਰ ਤੇ ਹੱਥ ਹਥੌਲਿਆਂ ਨਾਲ ਇਲਾਜ ਕਰਨ ਵਾਲੀਆਂ ਦੁਕਾਨਾਂ ਦੀ ਕਮੀ ਨਹੀਂ। ਡਾਕਟਰੀ ਵਿਗਿਆਨ ਨੇ ਮਨੁੱਖੀ ਸਰੀਰ ਦੀ ਹਰ ਬਿਮਾਰੀ ਦਾ ਇਲਾਜ ਸੰਭਵ ਬਣਾਇਆ ਹੈ, ਪਰ ਲੋਕੀਂ ਨਾਮੁਰਾਦ ਬਿਮਾਰੀਆਂ ਦੇ ਇਲਾਜ ਲਈ ਡੇਰਿਆਂ, ਤਾਂਤਰਿਕਾਂ, ਚੇਲਿਆਂ ਤੇ ਗੈਬੀ ਸ਼ਕਤੀਆਂ ਦੇ ਅਖੌਤੀ ਦਾਅਵੇਦਾਰਾਂ ਕੋਲ ਭਟਕ ਰਹੇ ਹਨ। ਆਪਣੀ ਮਾਨਸਿਕ, ਸਰੀਰਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਜਿਨ੍ਹਾਂ ਕੋਲ ਬਿਮਾਰੀਆਂ ਦੇ ਇਲਾਜ ਦਾ ਕੋਈ ਗਿਆਨ ਨਹੀਂ ਤੇ ਨਾ ਇਲਾਜ ਕਰ ਸਕਣ ਦਾ ਕਾਨੂੰਨੀ ਅਧਿਕਾਰ ਹੈ, ਉਹ ਬਿਨਾਂ ਕਿਸੇ ਕਾਨੂੰਨੀ ਡਰ ਡੁੱਕਰ ਦੇ ਬੇਸ਼ਕੀਮਤੀ ਮਨੁੱਖੀ ਜਾਨਾਂ ਨਾਲ ਖਿਲਵਾੜ ਕਰ ਰਹੇ ਹਨ। ਕੁਝ ਮਹੀਨੇ ਪਹਿਲਾਂ ਬਠਿੰਡਾ ਜ਼ਿਲੇ ਦੇ ਕੋਟ ਫੱਤਾ ਪਿੰਡ ਵਿੱਚ ਵਾਪਰੀ ਦਰਦਨਾਕ ਬਾਲਾਂ ਦੀ ਬਲੀ ਘਟਨਾ ਇਸ ਦੀ ਗਵਾਹ ਹੈ।

ਇਹ ਸਿਰਫ ਪੰਜਾਬ ਦੇ ਇਕ ਪਿੰਡ ਦੀ ਗਾਥਾ ਨਹੀਂ, ਸਗੋਂ ਅਜਿਹੇ ਕੂੜ ਦਾ ਪਾਸਾਰ ਪਿੰਡ-ਪਿੰਡ ਹੋ ਰਿਹਾ ਹੈ। ਪੰਜਾਬ ਦੇ ਹਰ ਪਿੰਡ ਵਿੱਚ ਮਿਥੇ ਦਿਨਾਂ ਉਤੇ ਅਨਪੜ੍ਹ, ਜਾਹਲ ਤੇ ਚਤੁਰ ਸੈਨ ਚੇਲਿਆਂ ਦੀਆਂ ਚੌਂਕੀਆਂ ਸਜਦੀਆਂ ਹਨ, ਜਿਥੇ ਗਰੀਬ, ਭੋਲੇ ਭਾਲੇ, ਅਨਪੜ੍ਹ ਅਗਿਆਨੀ ਤੇ ਮਹਿੰਗਾ ਇਲਾਜ ਕਰਵਾ ਸਕਣ ਤੋਂ ਅਸਮਰੱਥ ਲੋਕ ਧਾਗੇ ਤਵੀਤਾਂ ਤੇ ਮੰਤਰਾਂ ਨਾਲ ਆਪਣੇ ਦੁੱਖਾਂ ਦਾ ਹੱਲ ਲੱਭਣ ਆਉਂਦੇ ਹਨ। ਓਥੇ ਹਰ ਮਰਜ਼ ਦਾ ਇਲਾਜ ਕਰਨ ਦਾ ਦੰਭ ਕੀਤਾ ਜਾਂਦਾ ਹੈ, ਥੁੜ੍ਹਾਂ ਮਾਰੇ ਸਮਾਜ ਵਿੱਚ ਵਿਤਕਰਿਆਂ ਦਾ ਸ਼ਿਕਾਰ ਬਣੇ ਮਾਨਸਿਕ ਰੋਗੀਆਂ ਨਾਲ ਕੀਤਾ ਜਾਂਦਾ ਅਣ ਮਨੁੱਖੀ ਵਿਹਾਰ ਆਮ ਗੱਲ ਹੈ। ਡੇਰਿਆਂ ਦਾ ਇਹ ਦਸਤੂਰ ਆਵਾਜ਼ ਪ੍ਰਦੂਸ਼ਣ ਦਾ ਕਾਰਨ ਹੀ ਨਹੀਂ ਬਣਦਾ, ਸਗੋਂ ਹੋਰਨਾਂ ਲੋਕਾਂ ਦੀ ਜ਼ਿੰਦਗੀ ਵਿੱਚ ਖਲਲ ਪਾ ਕੇ ਡਰ ਤੇ ਭੈਅ ਦਾ ਵੀ ਮਾਹੌਲ ਵੀ ਸਿਰਜਦਾ ਹੈ।

ਭਾਰਤੀ ਸੰਵਿਧਾਨ ਵਿੱਚ ਦਰਜ ਮੈਜਿਕ ਰੈਮਿਡੀਜ਼ ਐਕਟ ਅਨੁਸਾਰ ਬਿਨਾਂ ਯੋਗਤਾ, ਡਿਗਰੀ ਦੇ ਇਲਾਜ ਕਰਨ ਦੇ ਦਮ ਭਰਨਾ ਗੈਰ ਕਾਨੂੰਨੀ ਹੈ, ਫਿਰ ਵੀ ਇਸ ਗੈਰ ਕਾਨੂੰਨੀ ਧੰਦੇ ਨੂੰ ਲੋਕਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਪਾਬੰਦ ਸਿਹਤ ਵਿਭਾਗ, ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਾਲਾ ਪ੍ਰਸ਼ਾਸਨ ਚੁੱਪ ਚਾਪ ਵੇਖਦਾ ਹੈ। ਫਰਜ਼ ਅਤੇ ਕਾਨੂੰਨ ਉਨ੍ਹਾਂ ਲਈ ਸ਼ਾਇਦ ਕੋਈ ਮਾਅਨੇ ਨਹੀਂ ਰੱਖਦਾ। ਇਸੇ ਲਈ ਦਾਰੂ, ਭੰਗ ਤੇ ਚਿਲਮਾਂ ਦੇ ਨਸ਼ੇ ਵਿੱਚ ਚੂਰ ਹੋ ਕੇ ਅੰਧ ਵਿਸ਼ਵਾਸਾਂ ਦਾ ਧੰਦਾ ਕਰਨ ਵਾਲੇ ਚੇਲੇ, ਅਖੌਤੀ ਬਾਬੇ ਸਮਾਜ ਵਿੱਚ ਸਿਆਣਿਆਂ ਦੇ ਰੁਤਬੇ ਨਾਲ ਐਸ਼ ਭਰਿਆ ਜੀਵਨ ਬਤੀਤ ਕਰ ਰਹੇ ਹਨ।

ਪੰਜਾਬੀ ਸੱਥ ਦੇ ਡਾ. ਨਿਰਮਲ ਸਿੰਘ ਦਾ ਕਹਿਣਾ ਹੈ ਕਿ ਮੈਜਿਕ ਰੈਮਿਡੀਜ਼ ਐਕਟ ਦੀ ਭਾਵਨਾ ਨੂੰ ਮੁੱਖ ਰੱਖਦਿਆਂ ਮਹਾਰਾਸ਼ਟਰ ਦੀ ਤਰਜ਼ ਉੱਤੇ ਪੰਜਾਬ ਵਿੱਚ ਵੀ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲੋਕਾਂ ਦੀ ਮਾਨਸਿਕਤਾ ਤੇ ਸਿਹਤ ਨਾਲ ਖਿਲਵਾੜ ਕਰਨ ਵਾਲੇ ਅੰਧ ਵਿਸ਼ਵਾਸ ਦੇ ਪ੍ਰਚਾਰਕਾਂ ਖਿਲਾਫ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾਵੇ ਤੇ ਹਰ ਬਿਮਾਰੀ ਦਾ ਇਲਾਜ ਕਰਨ ਦੇ ਝੂਠੇ ਦਾਅਵੇਦਾਰਾਂ ਲਈ ਸਜ਼ਾਵਾਂ ਮਿਥੀਆਂ ਜਾਣ। ਲੋਕ ਜਾਗਰੂਕਤਾ ਲਈ ਸਕੂਲ ਪੱਧਰ ਤੋਂ ਵਿਗਿਆਨਕ ਚੇਤਨਾ ਲਈ ਸੁਹਿਰਦ ਯਤਨ ਆਰੰਭੇ ਜਾਣ।

ਐਡਵੋਕੇਟ ਹਰਪਾਲ ਸਿੰਘ ਪਾਲੀ ਦਾ ਕਹਿਣਾ ਹੈ ਕਿ ਭਾਰਤ ਵਿੱਚ ਮੌਜੂਦ ਮੀਡੀਆ ਵੱਲੋਂ ਨਿਭਾਏ ਜਾ ਰਹੇ ਅਜਿਹੇ ਅਨੈਤਿਕ ਕਾਰਜਾਂ ਉੱਤੇ ਲਗਾਮ ਕੱਸਣ ਲਈ ਬਣਾਏ ਗਏ ਕਾਨੂੰਨਾਂ ਅਤੇ ਮੀਡੀਆ ਦੇ ਨੈਤਿਕ ਨਿਯਮਾਂ ਦੀ ਗੱਲ ਕੀਤੀ ਜਾਵੇ ਤਾਂ ਕਾਨੂੰਨ ਤਹਿਤ ਦਵਾਈਆਂ ਅਤੇ ਜਾਦੂਈ ਇਲਾਜ (ਇਤਰਾਜ਼ਯੋਗ ਇਸ਼ਤਿਹਾਰਬਾਜ਼ੀ) ਕਾਨੂੰਨ 1954 ਮੌਜੂਦ ਹੈ।ਇਸ ਕਾਨੂੰਨ ਦੀ ਧਾਰਾ 2 ਅਨੁਸਾਰ ਜਾਦੂਈ ਇਲਾਜ ਨਾਲ ਸੰਬੰਧਤ ਇਸ਼ਤਿਹਾਰਬਾਜ਼ੀ ਕਰਨਾ ਗ਼ੈਰ ਕਾਨੂੰਨੀ ਕਰਾਰ ਦਿੱਤਾ ਗਿਆ ਹੈ। ਬਿਜਲਈ ਮੀਡੀਆ ਤਹਿਤ ਟੈਲੀਵਿਜ਼ਨ ਨੈੱਟਵਰਕ ਲਈ ਬਣੇ ਕੇਬਲ ਟੈਲੀਵਿਜ਼ਨ ਨੈੱਟਵਰਕਸ (ਰੈਗੂਲੇਸ਼ਨ) ਐਕਟ 1995 ਦੇ ਨਿਯਮਾਂ ਮੁਤਾਬਿਕ ਕੋਈ ਵੀ ਚੈਨਲ ਆਪਣੇ ਪ੍ਰੋਗਰਾਮ ਅਤੇ ਵਿਗਿਆਨ ਵਿੱਚ ਅਜਿਹੀ ਸਮੱਗਰੀ ਨਹੀਂ ਪੇਸ਼ ਕਰ ਸਕਦਾ, ਜਿਹੜੀ ਅੰਧ-ਵਿਸ਼ਵਾਸਾਂ ਨੂੰ ਵਧਾਉਂਦੀ ਹੋਵੇ। ਇਸ ਕਾਨੂੰਨ ਦੇ ਨਿਯਮਾਂ ਦੀ ਸੁਰੱਖਿਆ ਲਈ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਨ ਮੰਤਰਾਲਾ ਨੇ ਇਲੈਕਟ੍ਰਾਨਿਕ ਮੀਡੀਆ ਮਾਨੀਟਰਿੰਗ ਸੈਂਟਰ ਦੀ ਸਥਾਪਨਾ 9 ਜੂਨ, 2008 ਨੂੰ ਕੀਤੀ ਸੀ। ਇਹ ਸੈਂਟਰ ਭਾਰਤੀ ਟੀ ਵੀ ਚੈਨਲਾਂ ਉੱਤੇ ਇਹ ਨਜ਼ਰ ਰੱਖਣ ਦਾ ਕੰਮ ਕਰਦਾ ਹੈ ਕਿ ਕਿਧਰੇ ਉਹ ਆਪਣੇ ਪ੍ਰੋਗਰਾਮਾਂ ਅਤੇ ਇਸ਼ਤਿਹਾਰਾਂ ਵਿੱਚ ਕੇਬਲ ਟੀ ਵੀ ਨੈੱਟਵਰਕ ਦੀਆਂ ਧਾਰਾਵਾਂ ਅਤੇ ਸੈਟੇਲਾਈਟ ਟੀ ਵੀ ਚੈਨਲਾਂ ਨਾਲ ਸੰਬੰਧਿਤ ਹੋਰ ਕਾਨੂੰਨਾਂ ਦੀ ਉਲੰਘਣਾਂ ਤਾਂ ਨਹੀਂ ਕਰ ਰਹੇ ਹਨ। ਇਸੇ ਤਰ੍ਹਾਂ ਹੀ ਭਾਰਤੀ ਪ੍ਰਿੰਟ ਮੀਡੀਆ ਉੱਤੇ ਨਜ਼ਰ ਰੱਖਣ ਵਾਲਾ ਅਦਾਰਾ ਪ੍ਰੈੱਸ ਕਾਊਂਸਲ ਆਫ਼ ਇੰਡੀਆ ਨੇ ਵੀ ਆਪਣੇ ਨਿਯਮਾਂ ਤਹਿਤ ਪ੍ਰਿੰਟ ਮੀਡੀਆ ਨੂੰ ਹਦਾਇਤ ਕੀਤੀ ਹੋਈ ਹੈ ਕਿ ਅੰਧ-ਵਿਸ਼ਵਾਸ ਅਤੇ ਵਹਿਮ ਭਰਮ ਸੰਬੰਧੀ ਸਮੱਗਰੀ ਨੂੰ ਪ੍ਰਕਾਸ਼ਤ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਇਨ੍ਹਾਂ ਅਦਾਰਿਆਂ ਤੋਂ ਬਿਨਾਂ ਭਾਰਤ ਵਿੱਚ ਐਡਵਰਟਾਈਜ਼ਿੰਗ ਸਟੈਂਡਰਡਸ ਕਾਊਂਸਲ ਆਫ਼ ਇੰਡੀਆ ਨਾਮ ਦਾ ਗ਼ੈਰ ਸਰਕਾਰੀ ਅਦਾਰਾ ਵੀ ਮੌਜੂਦ ਹੈ, ਜਿਸ ਨੇ ਵੀ ਮੀਡੀਆ ਲਈ ਕੁਝ ਨੈਤਿਕ ਨਿਯਮ ਘੜੇ ਹੋਏ ਹਨ, ਜੋ ਇਸ਼ਤਿਹਾਰਾਂ ਨਾਲ ਸੰਬੰਧਿਤ ਹਨ। ਮੀਡੀਆ ਲਈ ਬਣਾਏ ਨੈਤਿਕ ਨਿਯਮਾਂ ਅਤੇ ਕਾਨੂੰਨਾਂ ਤੋਂ ਬਿਨਾਂ ਭਾਰਤੀ ਸੰਵਿਧਾਨ ਦੀ ਧਾਰਾ 51-ਏ ਤਹਿਤ ਇੱਥੋਂ ਦਿਆਂ ਨਾਗਰਿਕਾਂ ਨੂੰ ਵੀ ਵਿਗਿਆਨਕ ਨਜ਼ਰੀਆ ਪੈਦਾ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪਰ ਮੀਡੀਆ ਦਾ ਕਾਫੀ ਹਿੱਸਾ ਇਸ ਕਾਨੂੰਨ ਦੀ ਉਲੰਘਣਾ ਕਰ ਰਿਹਾ ਹੈ।



# ਸਰਕਾਰੀ-ਤੰਤਰ, ਅਦਾਲਤੀ-ਤੰਤਰ ਅਤੇ ਪੰਜਾਬੀ ਪ੍ਰਵਾਸੀ

**ਗੁਰਮੀਤ ਸਿੰਘ ਪਲਾਹੀ**

ਪ੍ਰਵਾਸ ਹੰਢਾਉਂਦਿਆਂ, ਆਪਣੇ ਪਿਛਲੇ ਰਿਸ਼ਤੇਦਾਰਾਂ ਸਕੇ-ਸਬੰਧੀਆਂ, ਦੋਸਤਾਂ, ਮਿੱਤਰਾਂ, ਇਥੋਂ ਤੱਕ ਕਿ ਸਰਕਾਰੀ ਅਧਿਕਾਰੀਆਂ, ਭੂ-ਮਾਫੀਆ ਵਲੋਂ ਜਦੋਂ ਪ੍ਰਵਾਸੀਆਂ ਦੀਆਂ ਜ਼ਮੀਨਾਂ, ਜਾਇਦਾਦਾਂ ਉਤੇ ਕਬਜ਼ਿਆਂ ਦੀਆਂ ਖ਼ਬਰਾਂ ਨੇ ਉਹਨਾ ਨੂੰ ਪ੍ਰੇਸ਼ਾਨ ਕੀਤਾ, ਤਾਂ ਆਪਣੇ ਜੱਦੀ ਘਰਾਂ, ਜ਼ਮੀਨਾਂ ਦੀ ਸਾਰ ਲੈਣ ਉਹ ਪੰਜਾਬ ਦੇ ਆਪਣੇ ਪਿੰਡਾਂ, ਸ਼ਹਿਰਾਂ ਵੱਲ ਪਰਤੇ। ਇਥੇ ਪੰਜਾਬ ਵਿੱਚ ਆਕੇ ਉਹਨਾ ਨੇ ਅਜੀਬ ਕਿਸਮ ਦੇ ਨਜ਼ਾਰੇ ਵੇਖੇ, ਰਿਸ਼ਤੇਦਾਰਾਂ, ਦੋਸਤਾਂ, ਜਾਅਲੀ ਮੁਖਤਾਰਨਾਮੇ ਤਿਆਰ ਕਰ-ਕਰਾਕੇ ਉਹਨਾ ਦੀਆਂ ਜ਼ਮੀਨ ਹਥਿਆ, ਘਰ ਆਪਣੇ ਨਾਮ ਕਰ ਲਏ, ਉਹਨਾਂ ਵਲੋਂ ਭੇਜੇ ਪੈਸੇ ਨਾਲ ਆਪਣੇ ਨਾਮ ਜ਼ਮੀਨਾਂ ਖਰੀਦ ਲਈਆਂ। ਉਹ ਹੱਕੇ-ਬੱਕੇ ਰਹਿ ਗਏ। ਮੁੜ ਪੰਜਾਬ ਆ ਕੇ ਉਹਨਾ ਨੂੰ ਵੱਡੀਆਂ ਦਿੱਕਤਾਂ ਵੀ ਆਈਆਂ। ਕਈਆਂ ਉਤੇ ਰਿਸ਼ਤੇਦਾਰਾਂ, ਇਥੋਂ ਤੱਕ ਕਿ ਭੈਣਾਂ-ਭਰਾਵਾਂ ਨੇ ਝੂਠੇ ਮੁਕੱਦਮੇ ਦਰਜ਼ ਕਰਵਾ ਦਿੱਤੇ। ਅਦਾਲਤਾਂ ਨੇ ਉਹਨਾਂ ਨੂੰ ਭਗੌੜੇ ਕਰਾਰ ਦੇ ਦਿੱਤਾ ਅਤੇ ਉਹਨਾ ਦਾ ਪੰਜਾਬ ਚੋਂ ਆਉਣਾ ਜਾਣਾ ਬੰਦ ਕਰ ਦਿੱਤਾ। ਸਖ਼ਤ ਮਿਹਨਤ ਨਾਲ ਕੀਤੀ ਉਹਨਾ ਦੀ ਵਿਦੇਸ਼ੀ ਕਮਾਈ ਲੁੱਟੀ ਜਾਂਦੀ ਉਹਨਾ ਆਪਣੇ ਅੱਖੀਂ ਵੀ ਵੇਖੀ। ਪ੍ਰੇਸ਼ਾਨੀ ਦੇ ਇਸ ਆਲਮ ਵਿੱਚ ਉਹਨਾ ਦੇ ਦਰਦ ਨੂੰ ਵੇਖਦਿਆਂ ਪੰਜਾਬ ਸਰਕਾਰ ਅਤੇ ਪ੍ਰਵਾਸੀ ਵੀਰਾਂ ਦੀਆਂ ਸਮੱਸਿਆਵਾਂ ਨੂੰ ਸਮਝਣ ਵਾਲੇ ਪ੍ਰਵਾਸੀ ਹਿਤੈਸ਼ੀਆਂ ਨੇ ਐਨ.ਆਰ.ਆਈ. ਸਭਾ ਦਾ ਗਠਨ ਕੀਤਾ। 1996 'ਚ ਹੋਂਦ ਵਿੱਚ ਆਈ ਐਨ.ਆਰ.ਆਈ. ਸਭਾ ਜਲੰਧਰ ਪ੍ਰਵਾਸੀ ਵੀਰਾਂ ਲਈ ਆਸ ਦੀ ਇੱਕ ਕਿਰਨ ਲੈ ਕੇ ਆਈ ਸੀ।

ਇਸ ਐਨ.ਆਰ.ਆਈ. ਸਭਾ ਦਾ ਉਦੇਸ਼ ਜਿਥੇ ਪ੍ਰਵਾਸੀ ਵੀਰਾਂ ਦੀ ਜਾਇਦਾਦ ਦੀ ਸੁਰੱਖਿਅਤਾ ਲਈ ਮਦਦ ਕਰਨਾ ਸੀ, ਉਥੇ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਪ੍ਰਵਾਸ ਦੌਰਾਨ ਸਹੂਲਤਾਂ ਦੇਣਾ ਵੀ ਸੀ ਤਾਂ ਕਿ ਸਰਕਾਰੇ-ਦਰਬਾਰੇ ਉਹਨਾ ਦੀ ਸੁਣੀ ਜਾਏ। ਇਸਦਾ ਮਨੋਰਥ ਪ੍ਰਵਾਸੀ ਪੰਜਾਬੀਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰਨਾ ਵੀ ਸੀ ਕਿ ਉਹ ਆਪਣੇ ਕਾਰੋਬਾਰ ਆਪਣੇ ਵਿਦੇਸ਼ਾਂ ਦੀ ਰਿਹਾਇਸ਼ ਦੌਰਾਨ ਕਮਾਏ ਧਨ ਨਾਲ, ਪੰਜਾਬ 'ਚ ਖੋਲਣ ਅਤੇ ਇਧਰਲੇ ਪੰਜਾਬੀ ਵੀਰਾਂ ਨੂੰ ਰੁਜ਼ਗਾਰ ਮੁਹੱਈਆਂ ਕਰਨ। ਇਸ ਸਭਾ ਦਾ ਉਦੇਸ਼ ਵਿਦੇਸ਼ ਵਸਦੇ ਪੰਜਾਬੀਆਂ ਦੇ ਬੱਚਿਆਂ ਨੂੰ ਪੰਜਾਬ ਨਾਲ ਜੋੜੀ ਰੱਖਣ ਲਈ ਪ੍ਰੋਗਰਾਮ ਉਲੀਕ ਕੇ ਉਹਨਾ ਉਤੇ ਅਮਲ ਕਰਨਾ ਵੀ ਸੀ। ਇਸ ਸੰਸਥਾ ਨੇ ਪ੍ਰਵਾਸੀ ਵੀਰਾਂ ਨੂੰ ਪ੍ਰੇਰਿਤ ਕਰਕੇ ਵੱਡੇ ਫੰਡ ਇੱਕਠੇ ਕੀਤੇ। ਜਲੰਧਰ 'ਚ ਆਪਣਾ ਦਫ਼ਤਰ ਸਥਾਪਿਤ ਕੀਤਾ। ਪ੍ਰਵਾਸੀ ਵੀਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਪੁਲਿਸ, ਪ੍ਰਸ਼ਾਸ਼ਨ ਤੱਕ ਪਹੁੰਚ ਕਰਨ ਦਾ ਉਪਰਾਲਾ ਕੀਤਾ। ਸਭਾ ਨੇ ਆਪਣਾ ਸੰਵਿਧਾਨ ਬਣਾਇਆ ਅਤੇ ਇਸ ਸੰਵਿਧਾਨ ਅਨੁਸਾਰ ਪ੍ਰਵਾਸੀ ਵੀਰਾਂ ਨੇ ਆਪਣੇ ਨੁਮਾਇੰਦੇ ਚੁਣੇ ਤਾਂ ਕਿ ਇਹ ਨੁਮਾਇੰਦੇ ਸਮੇਂ-ਸਮੇਂ ਤੇ ਪ੍ਰਵਾਸੀ ਵੀਰਾਂ ਅਤੇ ਸਰਕਾਰ ਦਰਮਿਆਨ ਇਕ ਪੁਲ ਦਾ ਕੰਮ ਕਰਨ ਸਕਣ, ਉਹਨਾ ਦੀਆਂ ਸਮੱਸਿਆਵਾਂ ਦਾ ਹੱਲ ਕਰ ਸਕਣ। 1996 ਤੋਂ ਹੁਣ ਤੱਕ ਐਡਵੋਕੇਟ ਪ੍ਰੇਮ ਸਿੰਘ, ਗਿਆਨੀ ਰੇਸ਼ਮ ਸਿੰਘ ਹੇਅਰ, ਪ੍ਰੀਤਮ ਸਿੰਘ ਨਾਰੰਗਪੁਰ, ਕਮਲਜੀਤ ਸਿੰਘ ਹੇਅਰ, ਜਸਵੀਰ ਸਿੰਘ ਗਿੱਲ ਇਸਦੇ ਪ੍ਰਧਾਨ ਚੁਣੇ ਗਏ। ਜਸਬੀਰ ਸਿੰਘ ਗਿੱਲ 2013 'ਚ ਸਤਵੇਂ ਪ੍ਰਧਾਨ ਚੁਣੇ ਗਏ ਸਨ ਅਤੇ ਉਹਨਾ 2015 ਤੱਕ ਪ੍ਰਧਾਨ ਵਲੋਂ ਟਰਮ ਪੂਰੀ ਕੀਤੀ। ਉਹਨਾ ਤੋਂ ਬਾਅਦ ਸਭਾ, ਪ੍ਰਧਾਨ ਤੋਂ ਸੱਖਣੀ ਹੋ ਗਈ ਅਤੇ ਹੁਣ 20 15 ਤੋਂ ਬਾਅਦ 2020 'ਚ 7 ਮਾਰਚ ਨੂੰ ਐਨ. ਆਰ. ਆਈ. ਸਭਾ ਦੀ ਚੋਣ ਹੋਣੀ ਸਰਕਾਰ ਵਲੋਂ ਨੀਅਤ ਕੀਤੀ ਗਈ ਹੈ। ਇਸ ਸੰਸਥਾ ਦੇ 23,000 ਤੋਂ ਵੱਧ ਮੈਂਬਰ ਹਨ, ਜਿਹੜੇ ਅਮਰੀਕਾ, ਕੈਨੇਡਾ, ਬਰਤਾਨੀਆ, ਯੂਰਪ, ਅਫ਼ਰੀਕਾ ਅਤੇ ਅਰਬ ਮੁਲਕਾਂ ਨਾਲ ਸੰਬੰਧਤ ਪ੍ਰਵਾਸੀ ਪੰਜਾਬੀ ਹਨ। ਲਗਭਗ 24 ਸਾਲ ਦੀ ਉਮਰ ਵਾਲੀ ਐਨ.ਆਰ.ਆਈ. ਸਭਾ ਦੀਆਂ ਮੁਢਲੇ ਦੌਰ 'ਚ ਵੱਡੀਆਂ ਪ੍ਰਾਪਤੀਆਂ ਰਹੀਆਂ ਪਰ ਹੁਣ ਪਿਛਲੇ ਪੰਜ ਸਾਲਾਂ ਤੋਂ ਇਹ ਸਭਾ ਇੱਕ ਕਾਗਜ਼ੀ-ਪੱਤਰੀ ਸਭਾ ਵਜੋਂ ਹੀ ਕੰਮ ਕਰਦੀ ਨਜ਼ਰ ਆ ਰਹੀ ਹੈ। ਜਦਕਿ ਇਸ ਸਭਾ ਨੇ ਮੁਢਲੇ ਦੌਰ 'ਚ ਸਰਕਾਰੀ ਸਰਪ੍ਰਸਤੀ ਚਾਹੇ ਉਹ ਕਾਂਗਰਸ ਸਰਕਾਰ ਦੀ ਸੀ ਜਾਂ ਫਿਰ ਅਕਾਲੀ-ਭਾਜਪਾ ਸਰਕਾਰ ਦੀ, ਹਰ ਵਰ੍ਹਾ ਪੰਜਾਬੀ ਪ੍ਰਵਾਸੀ ਸੰਮੇਲਨ ਕਰਕੇ ਪ੍ਰਵਾਸੀਆਂ ਦੇ ਮਨ 'ਚ ਆਪਣੀ ਥਾਂ ਬਣਾਈ। ਭਾਵੇਂ ਕਿ ਇਹ ਸਰਕਾਰੀ ਪ੍ਰਵਾਸੀ ਸੰਮੇਲਨ ਸਮੇਂ-ਸਮੇਂ ਤੇ ਚੰਗੀ-ਮੰਦੀ ਚਰਚਾ 'ਚ ਵੀ ਆਉਂਦੇ ਰਹੇ। ਪ੍ਰਵਾਸੀ ਸੰਮੇਲਨ 'ਚ ਹਾਕਮ ਧਿਰ ਵਲੋਂ ਆਪਣੇ ਚਹੇਤਿਆਂ ਨੂੰ ਮਾਣ-ਤਾਣ ਦੇਣਾ, ਸੰਮੇਲਨ ਦੇ ਨਾਮ ਉਤੇ ਸਰਕਾਰੀ ਧਨ ਦੀ ਵੱਡੀ ਵਰਤੋਂ ਅਤੇ ਦੋ ਚਾਰ ਦਿਨਾਂ ਦੀ ਬੱਲੇ-ਬੱਲੇ ਤੋਂ ਬਾਅਦ ਬੱਸ ਸਾਲ ਭਰ ਲਈ ਚੁੱਪ ਕਰ ਜਾਣਾ, ਕੁਝ ਇਹੋ ਜਿਹੇ ਇਲਜਾਮ ਇਹਨਾ ਸੰਮੇਲਨਾਂ ਉਤੇ ਲੱਗਦੇ ਰਹੇ। ਇਲਜ਼ਾਮ ਇਹ ਵੀ ਲੱਗਦੇ ਰਹੇ ਕਿ ਐਨ.ਆਰ.ਆਈ. ਸਭਾ ਉਤੇ ਮੌਕੇ ਦੀ ਹਾਕਮ ਧਿਰ ਆਪਣੇ ਬੰਦਿਆਂ ਦਾ ਕਬਜ਼ਾ ਕਰਵਾਕੇ ਆਪਣੇ ਢੰਗ ਨਾਲ ਇਸ ਸੰਸਥਾ ਨੂੰ ਵਰਤਦੀ ਹੈ। ਅਸਲ ਵਿੱਚ ਮੁੱਢ ਤੋਂ ਹੀ ਇਹ ਸੰਸਥਾ ਸਰਕਾਰੀ ਤੰਤਰ ਦੇ ਹੱਥਾਂ 'ਚ ਖੇਡਕੇ ਆਪਣੇ ਸੁਤੰਤਰ ਹੋਂਦ ਗੁਆ ਬੈਠੀ ਅਤੇ ਜਿਸ ਮੰਤਵ ਨਾਲ ਇਸਦੀ ਸਥਾਪਨਾ ਕੀਤੀ ਗਈ, ਉਹ ਲਗਭਗ ਖ਼ਤਮ ਹੋਕੇ ਰਹਿ ਗਿਆ। ਪ੍ਰਵਾਸੀ ਵੀਰਾਂ ਦੀਆਂ ਸਮੱਸਿਆਵਾਂ ਵੱਡੀਆਂ ਹਨ। ਉਹ ਦਹਾਕਿਆਂ ਤੋਂ ਪ੍ਰਵਾਸ ਹੰਢਾ ਰਹੇ ਹਨ, ਉਹਨਾਂ ਦੀ ਸੰਤਾਨ ਪੰਜਾਬ ਵੱਲ ਮੂੰਹ ਨਹੀਂ ਕਰ ਰਹੀ, ਉਹਨਾ ਨੂੰ ਆਪਣੀ ਜਾਇਦਾਦ ਸੰਭਾਲਣ ਦੀ ਚਿੰਤਾ ਹੈ। ਕੁਝ ਇੱਕ ਤਾਂ ਇਸ ਜਾਇਦਾਦ ਨੂੰ ਭੂ-ਮਾਫੀਆ ਦਾ ਸ਼ਿਕਾਰ ਹੋਕੇ ਕੌਡੀਆਂ ਦੇ ਭਾਅ ਗੁਆ ਬੈਠੇ ਹਨ, ਕੁਝ ਆਪਣੀ ਜ਼ਮੀਨ ਜਾਇਦਾਦ ਸਿਆਸੀ-ਪੁਲਿਸ ਭੂ-ਮਾਫੀਏ ਵਲੋਂ ਕੀਤੇ ਕਬਜ਼ਿਆਂ ਕਾਰਨ ਪ੍ਰੇਸ਼ਾਨੀ ਹੰਢਾ ਰਹੇ ਹਨ। ਸਰਕਾਰ ਵਲੋਂ ਬਣਾਏ ਗਏ ਐਨ.ਆਰ.ਆਈ. ਥਾਣੇ, ਜਾਂ ਅਦਾਲਤਾਂ ਉਹਨਾ ਦੇ ਕਿਸੇ ਕੰਮ ਨਹੀਂ ਆ ਰਹੇ। ਕਿੰਨੀ ਤਰਸਯੋਗ ਹਾਲਤ ਹੈ

ਬਾਕੀ ਸਫ਼ਾ 28 'ਤੇ

# ਕੀ ਪੁਲਿਸ ਮੁਕਾਬਲੇ ਹੀ ਸਮੱਸਿਆਵਾਂ ਦਾ ਹੱਲ ਹਨ ?

**ਅਭੈ ਕੁਮਾਰ**

7 ਸਾਲ ਪਹਿਲਾਂ ਹੋਏ ਨਿਰਭੈਆ ਕਾਂਡ ਤੋਂ ਜੋ ਰੋਸ ਪੈਦਾ ਹੋਇਆ ਸੀ, ਉਸ ਨੇ ਦਿੱਲੀ ਦੀ ਸ਼ੀਲਾ ਦੀਕਸ਼ਤ ਸਰਕਾਰ ਅਤੇ ਕੇਂਦਰ ਦੀ ਡਾ: ਮਨਮੋਹਨ ਸਿੰਘ ਦੀ ਸਰਕਾਰ ਨੂੰ ਹਰਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਉਸ ਸਮੇਂ ਜਨਤਾ ਦੇ ਉਨ੍ਹਾਂ ਅੰਦੋਲਨਾਂ ਦਾ ਲਾਭ ਵਿਰੋਧੀ ਦਲ ਨੂੰ ਮਿਲਿਆ ਸੀ। ਅੱਜ ਇਸੇ ਤਰ੍ਹਾਂ ਦੇ ਅੰਦੋਲਨਕਾਰੀ ਰੁਖ਼ ਦਾ ਨਿਸ਼ਾਨਾ ਭਾਜਪਾ ਅਤੇ ਹੋਰ ਗ਼ੈਰ-ਕਾਂਗਰਸ ਸਰਕਾਰਾਂ ਬਣ ਸਕਦੀਆਂ ਹਨ। ਇਸ ਲਈ ਹਰ ਕਿਸਮ ਦੀਆਂ ਚਾਲਾਂ ਚੱਲ ਕੇ ਹੈਦਰਾਬਾਦ ਵਿਚ ਹੋਏ ਨਿਰਭੈਆ ਵਰਗੇ ਕਾਂਡ ਦੇ ਰਾਜਨੀਤਕ ਪ੍ਰਭਾਵ ਨੂੰ ਬੇਅਸਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਸ਼ਾਇਦ ਹੀ ਕਦੇ ਸਾਡੇ ਦੇਸ਼ ਦੀ ਸੰਪੂਰਨ ਵਿਵਸਥਾ, ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਨੇ ਮਿਲ ਕੇ ਇਸ ਤਰ੍ਹਾਂ ਇਕ ਤੀਰ ਨਾਲ ਕਈ ਸ਼ਿਕਾਰ ਕੀਤੇ ਹੋਣ। ਹੈਦਰਾਬਾਦ ਵਿਚ ਜਬਰ ਜਨਾਹ ਅਤੇ ਹੱਤਿਆ ਦੇ ਚਾਰ ਦੋਸ਼ੀਆਂ ਦਾ ਜਿਵੇਂ ਹੀ 'ਪੁਲਿਸ ਮੁਕਾਬਲੇ ' ਵਿਚ ਖ਼ਾਤਮਾ ਕੀਤਾ ਗਿਆ, ਉਵੇਂ ਹੀ ਸਿਆਸੀ ਅਤੇ ਪ੍ਰਸ਼ਾਸਨਿਕ ਨਿਜ਼ਾਮ ਦੇ ਖਿਲਾਫ਼ ਦੇਸ਼ ਭਰ ਵਿਚ ਭੜਕਿਆ ਗੁੱਸਾ ਤਕਰੀਬਨ ਠੰਢਾ ਹੋ ਗਿਆ। ਜਿਹੜੇ ਪੁਲਿਸ ਵਾਲੇ ਖਲਨਾਇਕਾਂ ਦੀ ਤਰ੍ਹਾਂ ਦੇਖੇ ਜਾ ਰਹੇ ਸਨ, ਉਨ੍ਹਾਂ 'ਤੇ ਫੁੱਲਾਂ ਦੀ ਵਰਖਾ ਹੋਣ ਲੱਗੀ। ਸਾਰੀਆਂ ਸਰਕਾਰਾਂ ਅਤੇ ਹਰ ਤਰ੍ਹਾਂ ਦੀ ਸਿਆਸੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਨੇ ਵੀ ਸੁਖ ਦਾ ਸਾਹ ਲਿਆ। ਕਿਉਂਕਿ ਹੁਣ ਨਾ ਤਾਂ ਜਬਰ ਜਨਾਹ ਦੀ ਸ਼ਿਕਾਰ ਉਹ ਲੜਕੀ ਬਚੀ ਅਤੇ ਨਾ ਹੀ ਉਸ ਅਪਰਾਧ ਵਿਚ ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤੇ ਗਏ ਉਹ 4 ਲੜਕੇ ਬਚੇ। ਪੁਲਿਸ ਨੂੰ ਹੁਣ ਨਾ ਤਾਂ ਸਬੂਤ ਜਮ੍ਹਾਂ ਕਰਨੇ ਪੈਣਗੇ, ਨਾ ਦੋਸ਼ ਪੱਤਰ ਦਾਖ਼ਲ ਕਰਨਾ ਪਵੇਗਾ, ਨਾ ਹੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਜੇਕਰ ਅਜਿਹਾ ਨਾ ਹੁੰਦਾ ਤਾਂ ਕੀ ਹੁੰਦਾ ? ਦਰਅਸਲ ਜੇਕਰ ਹੈਦਰਾਬਾਦ ਪੁਲਿਸ ਨੇ ਇਹ 'ਮੁਕਾਬਲਾ ' ਕਰਨ ਦਾ ਸਾਹਸ ਨਾ ਕੀਤਾ ਹੁੰਦਾ ਤਾਂ ਦੇਸ਼ ਭਰ ਵਿਚ ਜਲੂਸਾਂ, ਮੱਧ ਵਰਗੀ ਲੋਕਾਂ ਦੇ ਗੁੱਸੇ, ਉਸ 'ਤੇ ਹੋਣ ਵਾਲੇ ਟੀ.ਵੀ. ਪ੍ਰੋਗਰਾਮਾਂ, ਅਖ਼ਬਾਰੀ ਲੇਖਾਂ, ਨਾਗਰਿਕ ਸਮਾਜ ਦੀਆਂ ਸਰਗਰਮੀਆਂ ਅਤੇ ਉਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਅਸੰਤੋਖ ਅਤੇ ਗੁੱਸੇ ਦਾ ਹੜ੍ਹ ਆ ਸਕਦਾ ਸੀ। ਜਨਤਕ ਜੀਵਨ ਵਿਚ ਉਹ ਪੂਰੀ ਤਰ੍ਹਾਂ ਗ਼ੈਰ-ਰਾਜਨੀਤਕ ਦਖ਼ਲਅੰਦਾਜ਼ੀ ਹੁੰਦੀ, ਜੋ ਮਹਿੰਗਾਈ, ਬੇਰੁਜ਼ਗਾਰੀ ਅਤੇ ਆਰਥਿਕ ਸੰਕਟ ਦੇ ਨਾਲ ਮਿਲ ਕੇ ਇਕ ਅਜਿਹਾ 'ਟ੍ਰਿਗਰ ਪੁਆਇੰਟ' ਬਣ ਸਕਦਾ ਸੀ, ਜਿਸ ਦੇ ਕੇਂਦਰ ਤੋਂ ਨਵੀਆਂ ਸਿਆਸੀ ਸ਼ਕਤੀਆਂ ਦਾ ਜਨਮ ਹੋ ਸਕਦਾ ਸੀ। ਠੀਕ ਉਵੇਂ ਦੇ ਹਾਲਾਤ ਬਣ ਸਕਦੇ ਸੀ, ਜਿਵੇਂ 2011-12 ਦੌਰਾਨ ਬਣੇ ਸਨ, ਜਦੋਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਚੱਲ ਰਿਹਾ ਸੀ। ਉਸ ਅੰਦੋਲਨ ਨੇ ਇਕ ਅਜਿਹੀ ਆਵਾਜ਼ ਬੁਲੰਦ ਕੀਤੀ ਸੀ, ਜੋ ਪੂਰੀ ਵਿਵਸਥਾ ਦੇ ਨੈਤਿਕ ਕਿਰਦਾਰ 'ਤੇ ਸਵਾਲੀਆ ਨਿਸ਼ਾਨ ਲਾਉਂਦੀ ਸੀ। ਉਸ ਆਵਾਜ਼ ਦਾ ਕਹਿਣਾ ਸੀ ਕਿ 'ਸਭ ਚੋਰ ਹਨ ' । ਗੱਲ ਅਤਿਕਥਨੀ ਭਰੀ ਸੀ ਪਰ ਉਸ ਵਿਚ ਲੋਕਤੰਤਰੀ ਵਿਵਸਥਾ ਵਿਚ ਸੁਧਾਰ ਲਿਆਉਣ ਦੀ ਗੁੰਜਾਇਸ਼ ਸੀ। ਹੈਦਰਾਬਾਦ ਵਿਚ ਹੋਏ ਜਬਰ ਜਨਾਹ ਅਤੇ ਹੱਤਿਆ ਦੇ ਖਿਲਾਫ਼ ਜਨਤਾ ਉੱਚੀ ਆਵਾਜ਼ ਵਿਚ ਇਹ ਕਹਿ ਸਕਦੀ ਸੀ ਕਿ ਔਰਤਾਂ ਦੀ ਸੁਰੱਖਿਆ ਦੇ ਮਾਮਲੇ ਵਿਚ ਸਾਰੇ ਸਹਿ-ਅਪਰਾਧੀ ਹਨ। ਨਿਰਭੈਆ ਕਾਂਡ ਤੋਂ ਬਾਅਦ ਬਣੇ ਫੰਡ ਦਾ 90 ਫ਼ੀਸਦੀ ਹਿੱਸਾ ਬਿਨਾਂ ਕਿਸੇ ਵਰਤੋਂ ਤੋਂ ਪਿਆ ਹੋਇਆ ਹੈ ਅਤੇ ਦੇਸ਼ ਦੇ ਸਾਰੇ ਕੋਨਿਆਂ ਵਿਚ ਔਰਤਾਂ ਨੂੰ ਹਰ ਪਲ ਇਕ ਹੋਰ ਨਿਰਭੈਆ ਬਣਨ ਦਾ ਖਦਸ਼ਾ ਤੰਗ ਕਰ ਰਿਹਾ ਹੈ। ਨਾ ਸੜਕਾਂ 'ਤੇ ਰੌਸ਼ਨੀ ਹੈ, ਨਾ ਹੈਲਪਲਾਈਨ ਨੰਬਰ ਚਲਦੇ ਹਨ ਅਤੇ ਨਾ ਹੀ ਸੀ.ਸੀ.ਟੀ.ਵੀ. ਕੈਮਰੇ ਚਲਦੇ ਹਨ, ਨਾ ਹੀ ਪੁਲਿਸ ਨੂੰ 'ਲਿੰਗਕ ਸੰਵੇਦਨਸ਼ੀਲਤਾ'ਦੀ ਕੋਈ ਸਿਖਲਾਈ ਦਿੱਤੀ ਗਈ ਹੈ। ਸਭ ਕੁਝ ਇਸੇ ਤਰ੍ਹਾਂ ਚੱਲ ਰਿਹਾ ਹੈ, ਜਿਵੇਂ ਕੋਈ ਨਿਰਭੈਆ ਕਾਂਡ ਕਦੇ ਵਾਪਰਿਆ ਹੀ ਨਾ ਹੋਵੇ।



ਦਰਅਸਲ, ਹੈਦਰਾਬਾਦ ਵਿਚ ਵਾਪਰੀ ਘਟਨਾ ਨਿਰਭੈਆ ਕਾਂਡ ਤੋਂ ਵੀ ਖ਼ਤਰਨਾਕ ਹੈ। ਇਸ ਨੇ ਭਾਰਤੀ ਸਮਾਜ ਅਤੇ ਰਾਜਤੰਤਰ ਦੇ ਉਸ ਜ਼ਖ਼ਮ ਨੂੰ ਕੁਰੇਦ ਦਿੱਤਾ ਹੈ, ਜਿਸ ਨੂੰ 'ਮੁਕਾਬਲਾ ' ਕਿਹਾ ਜਾਂਦਾ ਹੈ। ਇਹ ਮੁਕਾਬਲਾ ਅਸਲੀ ਸੀ ਜਾਂ ਫ਼ਰਜ਼ੀ, ਇਹ ਤਾਂ ਨਿਆਇਕ ਜਾਂਚ ਤੈਅ ਕਰੇਗੀ। ਪਰ ਮੁੱਖ ਮੰਤਰੀ ਪੱਧਰ ਦੇ ਆਗੂਆਂ, ਸੰਸਦ ਮੈਂਬਰਾਂ ਅਤੇ ਸਮਾਜ ਦੀਆਂ ਵੱਡੀਆਂ-ਵੱਡੀਆਂ ਹਸਤੀਆਂ ਤੋਂ ਲੈ ਕੇ ਵੱਡੇ-ਵੱਡੇ ਘਰਾਂ ਵਿਚ ਰਹਿਣ ਵਾਲੇ ਖ਼ੁਸ਼ਹਾਲ ਲੋਕਾਂ ਦੀ ਦੁਨੀਆ ਨੇ ਜਿਸ ਅੰਦਾਜ਼ ਵਿਚ ਇਸ 'ਤੇ ਖ਼ੁਸ਼ੀ ਪ੍ਰਗਟ ਕੀਤੀ ਹੈ, ਉਸ ਨੇ ਸਮਾਜ ਅਤੇ ਰਾਜ ਦੀ ਦਸ਼ਾ ਤੇ ਦਿਸ਼ਾ ਤੈਅ ਕਰ ਦਿੱਤੀ ਹੈ। ਪਹਿਲਾਂ ਵੀ ਇਸ ਤਰ੍ਹਾਂ ਦੇ ਕਈ 'ਮੁਕਾਬਲੇ' ਹੋਏ ਹਨ ਅਤੇ ਸਮਾਜ ਨੇ ਉਸ ਦਾ ਸਮਰਥਨ ਵੀ ਕੀਤਾ ਹੈ ਪਰ ਇਸ ਦੇ ਪ੍ਰਤੀਕਰਮ ਵਿਚ ਦਿਖਾਈ ਗਈ ਖ਼ੁਸ਼ੀ ਪਹਿਲੀ ਵਾਰ ਦੇਖੀ ਗਈ ਹੈ। ਮੈਨੂੰ ਆਪਣੇ ਬਚਪਨ ਦੀ ਇਕ ਘਟਨਾ ਯਾਦ ਹੈ। 70ਵਿਆਂ ਵਿਚ ਉੱਤਰ ਪ੍ਰਦੇਸ਼ ਦੇ ਇਟਾਵਾ ਜ਼ਿਲ੍ਹੇ ਵਿਚ ਖੇਤਾਂ ਵਿਚ ਲੁਕੇ ਇਕ ਖ਼ੂੰਖਾਰ ਡਾਕੂ ਅਤੇ ਉਸ ਦੇ 10-12 ਸਾਲ ਦੇ ਭਤੀਜੇ ਨੂੰ ਪੁਲਿਸ ਨੇ ਇਕ ਅਜਿਹੇ ਹੀ ਇਕ 'ਮੁਕਾਬਲੇ' ਵਿਚ ਮਾਰ ਦਿੱਤਾ ਸੀ। ਜਦੋਂ ਪੁਲਿਸ ਵਾਲੇ ਪੱਤਰਕਾਰਾਂ ਨੂੰ ਆਪਣੀ ਉਹ 'ਬਹਾਦਰੀ' ਦਿਖਾ ਕੇ ਉਸ 'ਤੇ ਸਮਾਜ ਦੀ ਮੋਹਰ ਲਗਵਾਉਣ ਲੈ ਗਏ ਤਾਂ ਇਕ ਪੱਤਰਕਾਰ ਨੇ ਪੁਲਿਸ ਦੀ ਕਹਾਣੀ 'ਤੇ ਸ਼ੱਕ ਕਰਦਿਆਂ ਉਸ ਨੂੰ ਪਰਖ ਦੀ ਕਸੌਟੀ 'ਤੇ ਪਰਖਣਾ ਸ਼ੁਰੂ ਕੀਤਾ। ਨਤੀਜਾ ਕੀ ਨਿਕਲਿਆ ? ਉਹ ਪੱਤਰਕਾਰ ਇਕੱਲਾ ਰਹਿ ਗਿਆ। ਕੁਝ ਇਨਸਾਫ਼ ਪਸੰਦ ਵਕੀਲਾਂ ਨੂੰ ਛੱਡ ਕੇ ਕਿਸੇ ਨੇ ਉਸ ਦਾ ਸਾਥ ਨਹੀਂ ਦਿੱਤਾ। ਉਸ ਨੂੰ ਛੇ ਮਹੀਨਿਆਂ ਤੱਕ ਇਕੱਲਿਆਂ ਸੰਘਰਸ਼ ਕਰਨਾ ਪਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਉਸ ਦੇ ਸਥਾਨਕ ਅਖ਼ਬਾਰ ਦੇ ਇਸ਼ਤਿਹਾਰ ਬੰਦ ਕਰ ਦਿੱਤੇ। ਜੇਕਰ ਉੱਚ ਅਦਾਲਤ ਤੋਂ ਰਾਹਤ ਨਾ ਮਿਲਦੀ ਅਤੇ ਉਸ ਪੱਤਰਕਾਰ ਕੋਲ ਆਪਣਾ ਆਜ਼ਾਦੀ ਘੁਲਾਟੀਆ ਅਤੇ ਸਿਆਸੀ ਅਤੀਤ ਨਾ ਹੁੰਦਾ ਤਾਂ ਉਸ ਨੂੰ ਬਰਬਾਦੀ ਅਤੇ ਜ਼ਲਾਲਤ ਤੋਂ ਇਲਾਵਾ ਕੁਝ ਨਾ ਮਿਲਦਾ। ਅੱਜ ਦੇ ਦਿਨ ਤਾਂ ਅਜਿਹੇ ਕਿਸੇ ਪੱਤਰਕਾਰ ਜਾਂ ਸਮਾਜ ਸੇਵੀ ਦੇ ਇਕੱਲੇ ਰਹਿ ਜਾਣ ਦਾ ਖ਼ਤਰਾ ਹੋਰ ਵੀ ਜ਼ਿਆਦਾ ਹੋ ਗਿਆ ਹੈ।

ਧਿਆਨ ਰਹੇ ਕਿ ਜੇਕਰ ਇਟਾਵਾ ਵਿਚ ਉਸ ਪੱਤਰਕਾਰ ਦੀ ਗੱਲ ਸੁਣੀ ਗਈ ਹੁੰਦੀ ਤਾਂ ਉੱਤਰ ਪ੍ਰਦੇਸ਼ ਵਿਚ 'ਦਸਯੂ ਉਨਮੂਲਨ' ਦੀ ਉਹ ਭਿਆਨਕ ਮੁਹਿੰਮ ਨਾ ਚਲਦੀ, ਜਿਸ ਨੇ ਤਤਕਾਲੀ ਵੀ.ਪੀ. ਸਿੰਘ ਸਰਕਾਰ ਦੀ ਬਲੀ ਲੈ ਲਈ ਸੀ ਅਤੇ ਨਾ ਹੀ ਪੂਰੀ ਦੀ ਪੂਰੀ ਵਿਰੋਧੀ ਧਿਰ ਅਮਨੈਸਟੀ ਇੰਟਰਨੈਸ਼ਨਲ ਨੂੰ ਚਿੱਠੀ ਲਿਖਣ ਲਈ ਤਿਆਰ ਹੁੰਦੀ। ਜੇਕਰ ਕੋਈ ਅਜਿਹੇ 'ਮੁਕਾਬਲਿਆਂ' ਦੀ ਸੂਚੀ ਬਣਾਵੇ ਤਾਂ ਉਹ ਬਹੁਤ ਲੰਮੀ ਹੋਵੇਗੀ। ਭਾਵੇਂ ਇਟਾਵਾ ਦੇ ਖੇਤ ਹੋਣ, ਚਾਹੇ ਮਾਓਵਾਦ ਤੋਂ ਪੀੜਤ ਜੰਗਲ ਅਤੇ ਪਹਾੜ ਹੋਣ, ਚਾਹੇ ਅੱਤਵਾਦ ਤੋਂ ਪੀੜਤ ਕਸ਼ਮੀਰ ਹੋਵੇ, ਚਾਹੇ ਪੰਜਾਬ ਵਿਚਲਾ ਅੱਤਵਾਦ ਹੋਵੇ, ਭਾਰਤੀ ਰਾਜ ਦੇ ਖਿਲਾਫ਼ ਲੜਨ ਵਾਲੇ ਉੱਤਰ-ਪੂਰਬੀ ਹਥਿਆਰਬੰਦ ਸਮੂਹ ਹੋਣ ਜਾਂ ਇਸਲਾਮੀ ਅੱਤਵਾਦ ਹੋਵੇ, ਭਾਰਤੀ ਰਾਜ ਦੇ ਕੋਲ ਉਨ੍ਹਾਂ ਨਾਲ ਨਿਪਟਣ ਲਈ ਇਸੇ ਤਰ੍ਹਾਂ ਦੇ 'ਮੁਕਾਬਲੇ' ਹਨ। ਹੈਦਰਾਬਾਦ ਦੀ ਘਟਨਾ ਨੇ ਰਾਜ ਅਤੇ ਵਿਵਸਥਾ ਲਈ ਇਸੇ ਤਰ੍ਹਾਂ ਦੇ ਮੁਕਾਬਲਿਆਂ ਦੀ 'ਉਪਯੋਗਤਾ ' ਇਕ ਵਾਰ ਫਿਰ ਸਾਬਤ ਕਰ ਦਿੱਤੀ ਹੈ। ਇਕ 'ਮੁਕਾਬਲਾ' ਅਤੇ ਸਮੱਸਿਆ ਹੱਲ। ਸਾਰੇ ਲੋਕ ਖ਼ੁਸ਼ ਅਤੇ ਲੋਕਤੰਤਰ ਆਪਣੀ ਰਫ਼ਤਾਰ ਨਾਲ ਜਾਰੀ। ਲੋਕਾਂ ਵਲੋਂ ਜਤਾਈ ਜਾ ਰਹੀ ਖ਼ੁਸ਼ੀ ਦੱਸਦੀ ਹੈ ਕਿ ਹੁਣ ਸਾਨੂੰ ਅਜਿਹੇ ਹੋਰ 'ਮੁਕਾਬਲਿਆਂ'ਲਈ ਤਿਆਰ ਰਹਿਣਾ ਪਵੇਗਾ।

ਅੰਮ੍ਰਿਤਸਰ ਟਾਈਮਜ਼ AMRITSAR TIMES

25 ਦਸੰਬਰ 2019 ਤੋਂ 31 ਦਸੰਬਰ 2019

## ਕਾਰਵਾਈ ਜਾਰੀ ਹੈ !

ਭਾਰਤ ਦੀ ਕੇਂਦਰੀ ਕੈਬਨਿਟ ਨੇ ਆਪਣੀ ਤਾਜ਼ਾ ਮੀਟਿੰਗ ਵਿਚ ਸਾਲ 2021 ਦੀ ਮਰਦਮਸ਼ੁਮਾਰੀ ਕਰਾਉਣ ਅਤੇ ਕੌਮੀ ਅਬਾਦੀ ਰਜਿਸਟਰ ਅਪਡੇਟ ਕਰਨ ਸਬੰਧੀ ਫੈਸਲਾ ਲੈ ਕੇ ਇਕ ਵਾਰ ਫਿਰ ਕੌਮੀ ਨਾਗਰਿਕਤਾ ਰਜਿਸਟਰ ਅਤੇ ਨਾਗਰਿਕਤਾ ਤਰਮੀਮੀ ਐਕਟ ਨੂੰ ਚਰਚਾ ਵਿਚ ਲੈਆਂਦਾ ਹੈ। ਭਾਵੇਂ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਅਤੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਤੁਰੰਤ ਹੀ ਇਹ ਬਿਆਨ ਦੇ ਦਿੱਤਾ ਕਿ ਕੌਮੀ ਅਬਾਦੀ ਰਜਿਸਟਰ ਦਾ ਨਾਗਰਿਕਤਾ ਨਾਲ ਕੋਈ ਸਬੰਧ ਨਹੀਂ, ਇਹ ਹਰ 10 ਸਾਲ ਬਆਦ ਹੋਣ ਵਾਲੀ ਸੁਭਾਵਿਕ ਕਾਰਵਾਈ ਹੈ ਪਰ ਜਿਸ ਤਰੀਕੇ ਨਾਲ ਕੈਬਨਿਟ ਨੇ ਕਾਹਲੀ ਵਿਚ ਇਹ ਫੈਸਲਾ ਲਿਆ ਹੈ ਉਸ ਤੋਂ ਭਾਰਤ ਦੀ ਕੇਂਦਰੀ ਸੱਤਾ ਤੇ ਕਾਬਜ ਬੀਜੇਪੀ ਦੀ ਨੀਤ ਸਾਫ਼ ਵਿਖਾਈ ਨਹੀਂ ਦਿੰਦੀ।

ਭਾਰਤੀ ਪਾਰਲੀਮੈਂਟ ਵਲੋਂ ਦਸੰਬਰ ਦੇ ਪਹਿਲੇ ਹਫ਼ਤੇ ਅਜਲਾਸ ਦੇ ਆਖਰੀ ਦਿਨਾਂ ਵਿਚ ਨਾਗਰਿਕਤਾ ਤਰਮੀਮੀ ਬਿੱਲ ਪਾਸ ਕਰਕੇ ਦੇਸ਼ ਭਰ ਵਿਚ ਵਿਵਾਦ ਛੇੜ ਦਿੱਤਾ ਸੀ ਜਿਸ ਦੇ ਵਿਰੋਧ ਵਿਚ ਵਿਦਿਅਕ ਅਦਾਰਿਆਂ ਖਾਸ ਕਰਕੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਵਿਚ ਬੇਚੈਨੀ ਪੈਦਾ ਹੋ ਗਈ ਅਤੇ ਨੌਜਵਾਨ ਸੜਕਾਂ ’ਤੇ ਉਤਰ ਆਏ ਸਨ। ਦੇਸ਼ ਪਰ ਖਾਸ ਕਰਕੇ ਉੱਤਰ ਪੂਰਬੀ ਸੂਬਿਆਂ ਵਿਚ ਇਸ ਦੇ ਸਖਤ ਵਿਰੋਧ ਮਗਰੋਂ ਭਾਵੇਂ ਬੀਜੇਪੀ ਨੇ ਸੰਵਿਧਾਨ ਦੀ ਤਰਮੀਮ ਸਬੰਧੀ ਆਪਣਾ ਰੁਖ ਕੁਝ ਨਰਮ ਕਰਦਿਆਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇਸ ਦਾ ਅਰਥ ਬਾਹਰਲੇ ਮੁਲਕਾਂ ਤੋਂ ਤੰਗ ਪ੍ਰੇਸ਼ਾਨ ਹੋ ਕੇ ਆਏ ਹਿੰਦੂ, ਸਿੱਖਾਂ ਅਤੇ ਹੋਰ ਧਾਰਮਿਕ ਭਾਈਚਾਰਿਆਂ ਦੇ ਲੋਕਾਂ ਨੂੰ ਦੇਸ਼ ਦੀ ਪੱਕੀ ਨਾਗਰਿਕਤਾ ਦੇਣਾ ਹੈ, ਕਿਸੇ ਦੀ ਨਾਗਰਿਕਤਾ ਰੱਦ ਕਰਨਾ ਨਹੀਂ ਹੈ। ਪਰ ਜੇ ਐਕਟ ਦੇ ਖਰੜੇ ਨੂੰ ਵਾਚਿਆ ਜਾਵੇ ਤਾਂ ਉਸ ਤੋਂ ਸਪੱਸ਼ਟ ਹੈ ਕਿ ਇਸ ਵਿਚ ਮੁਸਲਿਮ ਭਾਈਚਾਰੇ ਨੂੰ ਸ਼ਾਮਲ ਨਹੀਂ ਕੀਤਾ ਗਿਆ। ਬੀਜੇਪੀ ਅਤੇ ਇਸ ਦੀਆਂ ਕੁਝ ਹੋਰ ਸਾਥੀ ਪਾਰਟੀਆਂ ਨਾਗਰਿਕਤਾ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਦੇਸ਼ ਵਿਰੋਧੀ ਕਹਿ ਰਹੀਆਂ ਹਨ ਅਤੇ ਇਸ ਨੂੰ ਕਾਂਗਰਸ ਦੀ ਸ਼ਹਿ ਨਾਲ ਹੋ ਰਿਹਾ ਅੰਦੋਲਨ ਵੀ ਦੱਸ ਰਹੀਆਂ ਹਨ ਹਾਲਾਂਕਿ ਕਾਂਗਰਸ ਨੰਗੇ ਚਿੱਟੇ ਰੂਪ ਵਿਚ ਇਸ ਕਾਨੂੰਨ ਦਾ ਵਿਰੋਧ ਕਰ ਰਹੀ ਹੈ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਨੇਤਾਵਾਂ ਨੇ ਤਾਂ ਇਹ ਵੀ ਕਹਿ ਦਿੱਤਾ ਕਿ ਉਹ ਕਾਂਗਰਸ ਦੀ ਸੱਤਾ ਵਾਲੇ ਸੂਬਿਆਂ ਵਿਚ ਇਹ ਕਾਨੂੰਨ ਲਾਗੂ ਨਹੀਂ ਕਰਨਗੇ। ਹੁਣ ਜਦ ਕੇਂਦਰੀ ਮੰਤਰੀ ਮੰਡਲ ਨੇ ਕੌਮੀ ਅਬਾਦੀ ਰਜਿਸਟਰ ਅਗਲੇ ਸਾਲ ਭਾਵ 2020 ਵਿਚ ਅਪਡੇਟ ਕਰਨ ਦਾ ਫੈਸਲਾ ਲੈ ਲਿਆ ਹੈ ਤਾਂ ਇਸ ਨੂੰ ਕੌਮੀ ਨਾਗਰਿਕਤਾ ਰਜਿਸਟਰ ਨਾਲ ਜੋੜਨ ਦੀ ਚਰਚਾ ਸ਼ੁਰੂ ਹੋਣੀ ਵੀ ਕੁਦਰਤੀ ਹੈ। ਅਸਲ ਵਿਚ ਕੌਮੀ ਨਾਗਰਿਕਤਾ ਰਜਿਸਟਰ ਦੀ ਹੋਂਦ ਦੇਸ਼ ਦੇ ਨਾਗਰਿਕਤਾ ਕਾਨੂੰਨਾਂ ਨਾਲ ਜੁੜੀ ਹੋਈ ਹੈ। ਜਦ ਅਸਾਮ ਵਿਚ ਇਸ ਰਜਿਸਟ੍ਰੇਸ਼ਨ ਦੀ ਕਵਾਇਦ ਮਗਰੋਂ ਮੂਲ ਭਾਰਤੀਆਂ ਅਤੇ ਬੰਗਲਾਦੇਸ਼ੀਆਂ ਤੇ ਰੋਹੰਗੀਆਂ ਸਬੰਧੀ ਅੰਕੜੇ ਆਉਣੇ ਸ਼ੁਰੂ ਹੋਏ ਤਾਂ ਆਮ ਲੋਕਾਂ ਨੂੰ ਵੀ ਇਸ ਪਾਸੇ ਜਾਣਨ ਦੀ ਦਿਲਚਸਪੀ ਪੈਦਾ ਹੋਈ।

ਕੌਮੀ ਆਬਾਦੀ ਰਜਿਸਟਰ ਅਸਲ ਵਿਚ ਆਸਾਮ ਨੂੰ ਛੱਡ ਕੇ ਦੇਸ਼ ਦੇ ਆਮ ਬਾਸ਼ਿੰਦਿਆਂ ਨਾਲ ਸਬੰਧਤ ਹੈ ਜਿਸ ਵਿਚ ਨਾਗਰਿਕ ਦੀ ਜਨਮ ਤਰੀਕ, ਸਥਾਨ ਅਤੇ ਉਨ੍ਹਾਂ ਦੇ ਮਾਂ ਬਾਪ ਦੇ ਵੇਰਵੇ ਦਰਜ ਹੁੰਦੇ ਹਨ। ਇਸ ਤੋਂ ਇਲਾਵਾ ਉਸ ਦੀ ਸ਼ਨਾਖ਼ਤ ਦੇ ਵੇਰਵੇ ਆਧਾਰ, ਪਾਸਪੋਰਟ ਜਾਂ ਡਰਾਈਵਿੰਗ ਲਾਇਸੈਂਸ ਵਗੈਰਾ ਨੂੰ ਦਰਜ ਕੀਤਾ ਜਾਂਦਾ ਹੈ। ਇਹ ਸਾਰੇ ਅੰਕੜੇ ਨਾਗਰਿਕ ਦੀ ਖ਼ੁਦ ਤਸਦੀਕ ਦੇ ਆਧਾਰ ’ਤੇ ਦਰਜ ਕੀਤੇ ਜਾਂਦੇ ਹਨ ਅਤੇ ਇਸ ਵਿਚ ਕੋਈ ਦਸਤਾਵੇਜ਼ ਨਹੀਂ ਮੰਗਿਆ ਜਾਂਦਾ। ਆਪਣੀ ਸ਼ਨਾਖ਼ਤ ਦੇ ਵੇਰਵੇ ਜਿਵੇਂ ਆਧਾਰ, ਪਾਸਪੋਰਟ ਜਾਂ ਡਰਾਈਵਿੰਗ ਲਾਇਸੈਂਸ ਵਗੈਰਾ ਸਵੈ ਇਛੁੱਕ ਹਨ ਜੇ ਕੋਈ ਨਾਗਰਿਕ ਦਰਜ ਕਰਵਾਉਣਾ ਚਾਹੇ ਤਾਂ ਉਹ ਕਰਵਾ ਸਕਦਾ ਹੈ। ਕੌਮੀ ਆਬਾਦੀ ਰਜਿਸਟਰ ਤਿਆਰ ਕਰਨ ਦਾ ਅਮਲ 10 ਸਾਲ ਪਹਿਲਾਂ ਪਿਛਲੀ ਮਰਦਮਸ਼ੁਮਾਰੀ ਵੇਲੇ 2010 ’ਚ ਸ਼ੁਰੂ ਕੀਤਾ ਗਿਆ ਸੀ ਅਤੇ 2015 ਵਿਚ ਇਸ ਰਜਿਸਟਰ ਨੂੰ ਅਪਡੇਟ ਕੀਤਾ ਗਿਆ। ਇਸ ਵਿਚ ਨਾਗਰਿਕ ਦੇ ਬਾਇਓ ਮੀਟਰਿਕ ਵੇਰਵੇ ਵੀ ਦਰਜ ਨਹੀਂ ਕੀਤੇ ਜਾਂਦੇ।

ਵਿਰੋਧੀ ਪਾਰਟੀਆਂ ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਨੇ ਖਦਸ਼ਾ ਜ਼ਾਹਿਰ ਕੀਤਾ ਹੈ ਕਿ ਕੌਮੀ ਆਬਾਦੀ ਰਜਿਸਟਰ ਨੂੰ ਅਪਡੇਟ ਕਰਨ ਪਿਛੇ ਬੀਜੇਪੀ ਸਰਕਾਰ ਦੀ ਮਨਸ਼ਾ ਨੂੰ ਕੌਮੀ ਨਾਗਰਿਕਤਾ ਰਜਿਸਟਰ (ਐਨਆਰਸੀ) ਨਾਲ ਜੋੜਨਾ ਹੈ। ਸੀਪੀਐਮ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਨੇ ਕਿਹਾ ਹੈ ਕਿ ਆਬਾਦੀ ਰਜਿਸਟਰ ਨੂੰ ਮਹਿਜ਼ ਮਰਦਮਸ਼ੁਮਾਰੀ ਨਾ ਸਮਝਿਆ ਜਾਵੇ ਸਗੋਂ ਇਹ ਨਾਗਰਿਕਤਾ ਰਜਿਸਟਰੇਸ਼ਨ ਦੀ ਕਾਰਵਾਈ ਹੀ ਹੈ। ਇਸੇ ਤਰ੍ਹਾਂ ਕਾਂਗਰਸ ਨੇ ਇਸ ਨੂੰ ਐਨਆਰਸੀ ਦਾ ਪਹਿਲਾ ਪੜਾਅ ਦਸਿਆ ਹੈ। ਦੂਜੇ ਪਾਸੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਕਹਿਣਾ ਹੈ ਕਿ ਸਰਕਾਰ ਦੇ ਪੱਧਰ ’ਤੇ ਐਨਆਰਸੀ ਨੂੰ ਰਾਸ਼ਟਰ ਵਿਆਪੀ ਬਣਾਉਣ ਸਬੰਧੀ ਕੋਈ ਚਰਚਾ ਹੀ ਨਹੀਂ ਹੋਈ ਅਤੇ ਨਾ ਹੀ ਇਸ ਬਾਰੇ ਕਿਧਰੇ ਕੋਈ ਟਿੱਪਣੀ ਹੋਈ ਹੈ। ਇਸੇ ਤਰ੍ਹਾਂ ਭਾਰਤ ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਵੀ ਖੁਲਾਸਾ ਕੀਤਾ ਹੈ ਕਿ ਫਿਲਹਾਲ ਸਰਕਾਰ ਦੇ ਪੱਧਰ ’ਤੇ ਐਨਆਰਸੀ ਬਣਾਉਣ ਦੀ ਕੋਈ ਕਾਰਵਾਈ ਨਹੀਂ ਹੋ ਰਹੀ। ਇਸ ਸਭ ਕਾਸੇ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤ ਸਰਕਾਰ ਸਿਆਸੀ ਤੌਰ ’ਤੇ ਅਤੇ ਪ੍ਰਸ਼ਾਸ਼ਨ ਦੇ ਪੱਧਰ ’ਤੇ ਜ਼ਰੂਰ ਕੋਈ ਕਰਵਟ ਲੈ ਰਹੀ ਹੈ ਕਿਉਂਕਿ ਜੇ ਸਿਆਸੀ ਪਾਰਟੀਆਂ ਕੇਂਦਰ ਸਰਕਾਰ ਦੀਆਂ ਕਾਰਵਾਈਆਂ ਦਾ ਨੋਟਿਸ ਲੈ ਰਹੀਆਂ ਹਨ ਇਸ ਦਾ ਮਤਲਬ ਹੈ ਕਿ ਜ਼ਰੂਰ ਕੋਈ ਸੰਜੀਦਾ ਕਾਰਵਾਈ ਹੋ ਰਹੀ ਹੈ। ਜਿਸ ਤਰੀਕੇ ਨਾਲ ਭਾਰਤੀ ਜਨਤਾ ਪਾਰਟੀ ਦੇ ਵੱਖ ਵੱਖ ਨੇਤਾ ਆਪਾ ਵਿਰੋਧੀ ਬਿਆਨ ਦੇ ਰਹੇ ਹਨ ਉਸ ਤੋਂ ਵੀ ਪਾਰਟੀ ਅਤੇ ਸੰਗਠਨ ਅੰਦਰਲੀ ਸਥਿਤੀ ਦੀ ਸਮਝ ਪੈਂਦੀ ਹੈ। ਪਾਰਲੀਮੈਂਟ ਵਿਚ ਲਗਾਤਾਰ ਦੂਜੀ ਵਾਰ ਭਾਰੀ ਬਹੁਮੱਤ ਹਾਸਲ ਕਰਨ ਮਗਰੋਂ ਬੀਜੇਪੀ ਨੇ ਜਿਸ ਤਰੀਕੇ ਨਾਲ ਦੇਸ਼ ਨੂੰ ਇਕ ਖ਼ਾਸ ਭਾਈਚਾਰੇ ਦੀ ਸਰ ਜ਼ਮੀਂ ਬਣਾਉਣ ਦਾ ਅਮਲ ਸ਼ੁਰੂ ਕੀਤਾ ਹੈ ਉਹ ਤੋਂ ਪਾਰਟੀ ਦੇ ਕੌਮੀ ਪੈਂਤੜੇ ਦੀ ਸਪਸ਼ਟ ਤਸਵੀਰ ਨਜ਼ਰ ਆ ਰਹੀ ਹੈ ਪਰ ਕੀ ਅਜੋਕੇ ਰਾਜ ਪ੍ਰਬੰਧ ਸਿਲਸਿਲੇ ਅਤੇ ਆਲਮੀ ਮਹੌਲ ਵਿਚ ਇਹ ਸਾਰਾ ਕੁਝ ਕਰ ਸਕਣਾ ਬੀਜੇਪੀ ਜਾਂ ਇਸ ਦੀਆਂ ਹਮਾਇਤੀ ਧਿਰਾਂ ਲਈ ਸੰਭਵ ਹੋਵੇਗਾ ਇਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਬੇਸ਼ੱਕ 2021 ਵਿਚ ਹੋਣ ਵਾਲੀ ਮਰਦਮ ਸ਼ੁਮਾਰੀ ਹੋਵੇ ਜਾਂ ਉਸ ਤੋਂ ਪਹਿਲਾਂ 2020 ਵਿਚ ਕੌਮੀ ਆਬਾਦੀ ਰਜਿਸਟਰ ਦੀ ਤਿਆਰੀ, ਕੋਈ ਵੀ ਧਿਰ ਇਲਾਕਾਈ ਜਾਂ ਖੇਤਰੀ ਆਸਾਂ ਉਮੰਗਾਂ ਦੇ ਉਲਟ ਜਾ ਕੇ ਇਕਤਰਫ਼ਾ ਕਾਰਵਾਈ ਨਹੀਂ ਕਰ ਸਕਦੀ। ਸਿਰਫ਼ 6-7 ਮਹੀਨੇ ਪਹਿਲਾਂ ਦੇਸ਼ ਭਰ ’ਚ ਭਾਰੀ ਬਹੁਮੱਤ ਹਾਸਲ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਦਾ ਸੂਬਿਆਂ ਵਿਚ ਹੁਣ ਜੋ ਹਾਲ ਹੋ ਰਿਹਾ ਹੈ ਇਸ ਤੋਂ ਕੌਮੀ ਨੇਤਾਵਾਂ ਨੂੰ ਇਹ ਗੱਲ ਸਮਝ ਪੈ ਜਾਣੀ ਚਾਹੀਦੀ ਹੈ ਭਾਰਤ ਦੇ ਫੈਡਰਲ ਸਰੂਪ ਨੂੰ ਇਕੋਦਮ ਬਦਲਣਾ ਏਨਾ ਸੁਖਾਲਾ ਨਹੀਂ ਹੈ।

1947 ਵਿਚ ਹਿੰਦੋਸਤਾਨ ਦੀ ਤਕਸੀਮ ਤੋਂ ਬਾਅਦ ਭਾਰਤ ਦਾ ਜੋ ਸਰੂਪ ਬਚਿਆ ਹੈ ਇਸ ਨੂੰ ਫੈਡਰਲ ਢਾਂਚੇ ਵਿਚ ਰੱਖ ਕੇ ਹੀ ਬਚਾਇਆ ਜਾ ਸਕਦਾ ਹੈ, ਕੇਂਦਰੀਕਰਨ ਦੀਆਂ ਕੋਸ਼ਿਸ਼ਾਂ ਇਲਾਕਾਪ੍ਰਸਤੀ ਨੂੰ ਹੋਰ ਮਜ਼ਬੂਤ ਕਰ ਸਕਦੀਆਂ ਹਨ ਜੋ ਭਾਰਤ ਵਰਗੇ ਬਹੁ-ਕੌਮੀ ਅਤੇ ਵਿਭਿੰਨਤਾ ਵਾਲੇ ਮੁਲਕ ਲਈ ਸਾਜ਼ਗਰ ਨਹੀਂ ਹੋਵੇਗਾ।

# ਕਸ਼ਮੀਰ ਵਿਚ ਛਾਇਆ ਡੂੰਘਾ ਸੰਨਾਟਾ ਕਿਸੇ ਸੰਭਾਵੀ ਅਨਹੋਣੀ ਦਾ ਸੰਕੇਤ

**ਕਸ਼ਮੀਰ ਵਿਚ ਲੋਕ ਰਾਇ ਦੀ ਸੰਕੇਤਕ ਸੂਈ ਹੁਣ ਭਾਰਤ ਤੋਂ ਪਾਕਿਸਤਾਨ ਵੱਲ, ਮੇਲ-ਮਿਲਾਪ ਦੀ ਭਾਵਨਾ ਤੋਂ ਵੱਖਵਾਦ ਦੀ ਹਮਾਇਤ ਵੱਲ ਅਤੇ ਕਸ਼ਮੀਰੀਅਤ ਦੀ ਪਛਾਣ ਤੋਂ ਇਕ ਮਜ਼ਬੂਤ ਇਸਲਾਮੀ ਸ਼ਾਨ ਵੱਲ ਮੁੜ ਚੱਲੀ ਹੈ ਅਤੇ ਇਹ ਸਭ ਹੋਇਆ ਹੈ ਰਾਸ਼ਟਰੀ ਏਕਤਾ ਤੇ ਅਖੰਡਤਾ ਦੇ ਦਾਅਵੇ ਨਾਲ। ਤਾਂ ਅਜਿਹੇ ਦਾਅਵੇ ਦਾ ਕੋਈ ਕੀ ਕਰੇ ? ਪਹਿਲਾਂ ਦੇ ਸਮੇਂ ਕਸ਼ਮੀਰ ਘਾਟੀ ਵਿਚ ਲੋਕ ਰਾਇ ਦੀ ਸੂਈ ਨਰਮ ਪੰਥ ਦੀ ਹਮਾਇਤ ਅਤੇ ਵੱਖਵਾਦ ਦੀ ਭਾਵਨਾ ਦਰਮਿਆਨ ਡੋਲਦੀ ਸੀ। ਮੁੱਖਧਾਰਾ ਦੀ ਸਿਆਸਤ ਵਿਚ ਅਬਦੁੱਲਾ ਪਰਿਵਾਰ ਅਤੇ ਮਹਿਬੂਬਾ ਮੁਫ਼ਤੀ ਦੇ ਧੜੇ ਦਾ ਜ਼ੋਰ ਸੀ। ਅਬਦੁੱਲਾ ਪਰਿਵਾਰ ਨਰਮ ਪੰਥ ਦੇ ਸਿਰੇ ਤੋਂ ਸਿਆਸਤ ਕਰਦਾ ਸੀ ਅਤੇ ਮਹਿਬੂਬਾ ਮੁਫ਼ਤੀ ਦਾ ਧੜਾ ਦੱਖਣਪੰਥੀ ਸੀ। ਇਹ ਧੜਾ ਸਮੇਂ-ਸਮੇਂ ’ਤੇ ਭਾਰਤੀ ਰਾਜ ਸੱਤਾ ਨੂੰ ਲੈ ਕੇ ਆਪਣਾ ਰੋਸ ਜ਼ਾਹਰ ਕਰਦਾ ਸੀ ਪਰ ਇਸ ਰੋਸ ਵਿਚ ਵੱਖਵਾਦ ਦੀ ਭਾਵਨਾ ਨਹੀਂ ਹੁੰਦੀ ਸੀ।**

**ਯੋਗੇਂਦਰ ਯਾਦਵ**

‘ਤੁਹਾਨੂੰ ਪਤਾ ਹੈ, ਅਫ਼ਸੋਸ ਮਠਿਆਈ ਕੀ ਹੁੰਦੀ ਹੈ ? ’ ਮੈਨੂੰ ਪਤਾ ਨਹੀਂ ਸੀ ਪਰ ਛੇਤੀ ਹੀ ਪਤਾ ਲੱਗ ਗਿਆ ਕਿ ਮੈਂ ਅਫ਼ਸੋਸ ਮਠਿਆਈ ਨੂੰ ਕਿਸੇ ਹੋਰ ਨਾਂਅ ਨਾਲ ਜਾਣਦਾ ਹਾਂ।



ਬਚਪਨ ਵਿਚ ਅਸੀਂ ਇਸ ਮਠਿਆਈ ਨੂੰ ‘ਬੁੱਢੀ ਔਰਤ ਦੇ ਵਾਲ ’ ਕਹਿੰਦੇ ਸੀ। ਇਹ ਤਾਂ ਖ਼ੈਰ ਬਹੁਤ ਬਾਅਦ ਵਿਚ ਪਤਾ ਲੱਗਾ ਕਿ ਅੰਗਰੇਜ਼ੀ ਵਿਚ ਇਸ ਨੂੰ ‘ਕੈਂਡੀ ਫਲਾਜ਼’ ਕਿਹਾ ਜਾਂਦਾ ਹੈ। ‘ਸਾਡੇ ਕਸ਼ਮੀਰੀਆਂ ਲਈ ਧਾਰਾ 370 ਅਫ਼ਸੋਸ ਮਠਿਆਈ ਦੀ ਤਰ੍ਹਾਂ ਸੀ। ਵੇਖਣ ਨੂੰ ਬਹੁਤ ਖ਼ੂਬ ਅਤੇ ਸੁੰਦਰ, ਪਰ ਬਾਅਦ ਵਿਚ ਪਤਾ ਲਗਦਾ ਸੀ ਕਿ ਇਹ ਮਠਿਆਈ ਤਾਂ ਬਸ ਕਹਿਣ ਨੂੰ ਹੀ ਹੈ। ਫਿਰ ਅਫ਼ਸੋਸ ਹੁੰਦਾ ਸੀ।’ ਮੈਂ ਕਰੀਮ (ਬਦਲਿਆ ਹੋਇਆ ਨਾਂਅ) ਨਾਲ ਮੁਖ਼ਾਤਿਬ ਸੀ। 30 ਦੀ ਉਮਰ ਪਾਰ ਕਰ ਚੁੱਕੇ ਇਸ ਨੌਜਵਾਨ ਦੀਆਂ ਤੇਜ਼ ਨਜ਼ਰਾਂ ਜਿਵੇਂ ਮੇਰੀ ਚਮੜੀ ਨੂੰ ਵਿੰਨ੍ਹ ਰਹੀਆਂ ਸਨ।

ਮੈਂ 3 ਦਿਨਾਂ ਤੱਕ ਕਸ਼ਮੀਰ ਵਿਚ ਸੀ। ਉਦੇਸ਼ ਇਹ ਸੀ ਕਿ ਸੇਬ ਦੀ ਫ਼ਸਲ ਪੈਦਾ ਕਰਨ ਵਾਲੇ ਕਿਸਾਨਾਂ ਦਾ ਹਾਲ-ਚਾਲ ਪੁੱਛਿਆ ਜਾਵੇ। ਪਤਾ ਕੀਤਾ ਜਾਵੇ ਕਿ ਉਨ੍ਹਾਂ ਦੀ ਫ਼ਸਲ ਨੂੰ ਕਿੰਨਾ ਨੁਕਸਾਨ ਪੁੱਜਾ ਹੈ ? ਪਰ ਕਸ਼ਮੀਰੀਆਂ ਦੀ ਗੱਲਬਾਤ ਹੁਣ ਸਿਰਫ ਸੇਬ ਦੀ ਫ਼ਸਲ ਨੂੰ ਪੁੱਜੇ ਨੁਕਸਾਨ ਤੱਕ ਸੀਮਤ ਨਹੀਂ ਰਹਿੰਦੀ। ਇਸ ਸਾਲ ਦੀ 5 ਅਗਸਤ ਤੋਂ ਬਾਅਦ ਤਾਂ ਬਿਲਕੁਲ ਵੀ ਨਹੀਂ। ਕਸ਼ਮੀਰੀ ਲੋਕ ਰਾਜਨੀਤੀ ਦੇ ਬੜੇ ਜਾਣਕਾਰ ਹੁੰਦੇ ਹਨ। ਰਾਜਨੀਤੀ ਦੀਆਂ ਗੱਲਾਂ ਨੂੰ ਲੈ ਕੇ ਉਨ੍ਹਾਂ ਵਿਚ ਖ਼ੂਬ ਵਾਦ-ਵਿਵਾਦ ਹੁੰਦਾ ਹੈ ਅਤੇ ਰਾਜਨੀਤੀ ਦੀ ਗੱਲ ਕਰਦਿਆਂ ਉਨ੍ਹਾਂ ਦੀ ਬੋਲੀ ਮੁਹਾਵਰੇਦਾਰ ਹੋ ਜਾਂਦੀ ਹੈ। ਬੀਤੇ 100 ਦਿਨ ਦਾ ਅਨੁਭਵ ਪੂਰੀ ਤਰ੍ਹਾਂ ਉਨ੍ਹਾਂ ਦੀ ਜ਼ਬਾਨ ’ਤੇ ਹੈ ਅਤੇ ਜਿਵੇਂ ਹੀ ਕੋਈ ਅਜਿਹਾ ਵਿਅਕਤੀ ਉਨ੍ਹਾਂ ਨੂੰ ਮਿਲਦਾ ਹੈ, ਜਿਸ ’ਤੇ ਉਹ ਵਿਸ਼ਵਾਸ ਕਰ ਸਕਣ ਤਾਂ ਇਹ ਅਨੁਭਵ ਇਕੋ ਦਮ ਉਨ੍ਹਾਂ ਦੀ ਜ਼ਬਾਨ ਤੋਂ ਨਿਕਲ ਪੈਂਦਾ ਹੈ। ਮੈਂ ਬੜੀ ਦਿਲਚਸਪੀ ਨਾਲ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਸੀ। ਕਰੀਮ ਨੇ ਧਾਰਾ 370 ਦੀ ਤੁਲਨਾ ਅਫ਼ਸੋਸ ਮਠਿਆਈ ਨਾਲ ਕੀਤੀ। ਇਸ ਦਾ ਭਾਵ, ਨਹੀਂ ਕਿ ਆਮ ਕਸ਼ਮੀਰੀ ਨੂੰ ਧਾਰਾ 370 ਦੇ ਹਟਣ ਨਾਲ ਕੋਈ ਮਲਾਲ ਨਹੀਂ ਹੈ ਜਾਂ ਫਿਰ ਧਾਰਾ 370 ਹਟਾਉਣ ਤੋਂ ਬਾਅਦ ਬਾਕੀ ਭਾਰਤ ਨਾਲ ਉਨ੍ਹਾਂ ਦੇ ‘ਲਗਾਅ ’ ਨੂੰ ਲੈ ਕੇ ਉਨ੍ਹਾਂ ਦੇ ਮਨ ਵਿਚ ਪਿਆਰ ਪੈਦਾ ਹੋ ਰਿਹਾ ਹੋਵੇ। ਇਸ ਦੇ ਠੀਕ ਉਲਟ ਮੈਨੂੰ ਇਕ ਵੀ ਵਿਅਕਤੀ ਅਜਿਹਾ ਨਹੀਂ ਮਿਲਿਆ, ਜੋ ਕੇਂਦਰ ਸਰਕਾਰ ਦੇ ਇਸ ਕਦਮ ਦੀ ਹਮਾਇਤ ਕਰੇ। ਮੈਂ ਆਖ਼ਰ ਨੂੰ ਕਸ਼ਮੀਰੀ ਦੋਸਤਾਂ ਦੀ ਇਕ ਟੋਲੀ ਨੂੰ ਪੁੱਛ ਹੀ ਲਿਆ ਕਿ ਕੀ ਘਾਟੀ ਵਿਚ ਕੋਈ ਅਜਿਹਾ ਵਿਅਕਤੀ ਵੀ ਹੈ, ਜੋ ਨਵੀਂ ਨੀਤੀ ਦੀ ਹਮਾਇਤ ਕਰਦਾ ਹੋਵੇ ? ਤਾਂ ਇਕਦਮ ਜਵਾਬ ਮਿਲਿਆ ਕਿ ‘ਕੋਈ ਗਧਾ ਵੀ ਹਮਾਇਤ ਨਹੀਂ ਕਰੇਗਾ, ਘਾਟੀ ਵਿਚ ਰਹਿ ਰਹੇ ਕੁਝ ਕੁ ਕਸ਼ਮੀਰੀ ਪੰਡਿਤ ਹੋ ਸਕਦੇ ਹਨ ਪਰ ਮੈਂ ਉਨ੍ਹਾਂ ਦੀ ਰਾਇ ਨਹੀਂ ਜਾਣ ਸਕਿਆ।

ਮੈਨੂੰ ਘਾਟੀ ਵਿਚ ਇਕ ਵੀ ਅਜਿਹਾ ਆਦਮੀ ਨਾ ਮਿਲਿਆ ਜੋ ਇਸ ਸਰਕਾਰੀ ਤਰਕ ਨੂੰ ਹਜ਼ਮ ਕਰ ਸਕਿਆ ਹੋਵੇ ਕਿ ਧਾਰਾ 370 ਦਾ ਹਟਣਾ ਜੰਮੂ-ਕਸ਼ਮੀਰ ਵਿਚ ਵਿਕਾਸ ਦਾ ਨਵਾਂ ਰਾਹ ਸਾਬਤ ਹੋਵੇਗਾ। ਇਸ ਗੱਲ ਨੂੰ ਜਾਂਚਣ-ਪਰਖਣ ਲਈ ਅਸੀਂ ਕਸ਼ਮੀਰ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਅਧਿਕਾਰੀਆਂ ਨੂੰ ਮਿਲੇ। ਇਕ ਨੌਜਵਾਨ ਕਾਰੋਬਾਰੀ ਨੇ ਅਧਿਕਾਰੀਆਂ ਨਾਲ ਚੱਲੀ ਸਾਡੀ ਲਗਪਗ ਇਕ ਘੰਟੇ ਦੀ ਗੱਲਬਾਤ ਦੇ ਨਿਚੋੜ ਦੇ ਤੌਰ ’ਤੇ ਕਿਹਾ ਕਿ ‘ਸਾਨੂੰ ਨਹੀਂ ਪਤਾ ਸੀ ਕਿ ਕਿਸ ਦੇ ਵਿਕਾਸ ਦੀਆਂ ਗੱਲਾਂ ਹੋ ਰਹੀਆਂ ਹਨ। ਹਾਂ, ਚਾਰੇ ਪਾਸੇ ਬੰਦੀ ਜ਼ਰੂਰ ਹੈ। ਸਾਨੂੰ ਇੰਟਰਨੈੱਟ ਹਾਸਲ ਨਹੀਂ, ਕੋਈ ਕਾਰੋਬਾਰ ਨਹੀਂ ਚੱਲ ਰਿਹਾ। ਅਸੀਂ ਆਪਣੇ ਕਰਮਚਾਰੀਆਂ ਨੂੰ ਤਨਖ਼ਾਹ ਦੇ ਰਹੇ ਹਾਂ। ਬੈਂਕਾਂ ਨੂੰ ਸੂਦ ਚੁਕਾ ਰਹੇ ਹਾਂ। ਕਰਜ਼ ਵਸੂਲੀ ਜਾਰੀ ਹੈ ਪਰ ਜਿਸ ਨਿਵੇਸ਼ ਦਾ ਵਾਅਦਾ ਕੀਤਾ ਗਿਆ ਸੀ, ਉਹ ਕਿੱਥੇ ਹੈ ? ਅਰਥਚਾਰੇ ਨੂੰ ਲੈ ਕੇ ਚੱਲਣ ਵਾਲੀ ਗੱਲਬਾਤ ਵਿਚ ਸਾਨੂੰ ਹਿੱਸੇਦਾਰ ਨਹੀਂ ਬਣਾਇਆ ਗਿਆ। ਮੈਨੂੰ ਨਹੀਂ ਲਗਦਾ ਕਿ ਅਗਲੇ 20 ਸਾਲਾਂ ਤੱਕ ਸਾਡੀ ਅਰਥ-ਵਿਵਸਥਾ ਵਿਚ ਕੋਈ ਇਜਾਫ਼ਾ, ਹੋਵੇਗਾ।’ ਘਾਟੀ (ਇਹ ਗੱਲ ਜੰਮੂ ਜਾਂ ਲੱਦਾਖ ਬਾਰੇ ਨਹੀਂ) ਵਿਚ ਸ਼ੁਰੂਆਤੀ 100 ਦਿਨ ਦੇ ਅਨੁਭਵ ਦਾ ਸੰਕੇਤ ਹੈ ਕਿ ਜੰਮੂ-ਕਸ਼ਮੀਰ ਨੂੰ ਲੈ ਕੇ ਜੋ ਵੱਡਾ ਕਦਮ ਚੁੱਕਿਆ ਗਿਆ, ਉਸ ਦੀ ਪ੍ਰਾਪਤੀ ਐਲਾਨੇ ਗਏ ਮਕਸਦ ਤੋਂ ਇਕਦਮ ਉਲਟ ਰਹੀ ਹੈ। ਨਜ਼ਦੀਕੀ ਤਾਂ ਕਾਇਮ ਨਹੀਂ ਹੋ ਸਕੀ ਪਰ ਭਾਵਨਾਵਾਂ ਦੇ ਪੱਧਰ ’ਤੇ ਇਕ ਡੂੰਘੀ ਅਤੇ ਨਾ ਭਰੀ ਜਾ ਸਕਣ ਵਾਲੀ ਖੱਡ ਜ਼ਰੂਰ ਪੈਦਾ ਹੋ ਗਈ ਹੈ। ਕਸ਼ਮੀਰ ਵਿਚ ਲੋਕ ਰਾਇ ਦੀ ਸੰਕੇਤਕ ਸੂਈ ਹੁਣ ਭਾਰਤ ਤੋਂ ਪਾਕਿਸਤਾਨ ਵੱਲ, ਮੇਲ-ਮਿਲਾਪ ਦੀ ਭਾਵਨਾ ਤੋਂ ਵੱਖਵਾਦ ਦੀ ਹਮਾਇਤ ਵੱਲ ਅਤੇ ਕਸ਼ਮੀਰੀਅਤ ਦੀ ਪਛਾਣ ਤੋਂ ਇਕ ਮਜ਼ਬੂਤ ਇਸਲਾਮੀ ਸ਼ਾਨ ਵੱਲ ਮੁੜ ਚੱਲੀ ਹੈ ਅਤੇ ਇਹ ਸਭ ਹੋਇਆ ਹੈ ਰਾਸ਼ਟਰੀ ਏਕਤਾ ਤੇ ਅਖੰਡਤਾ ਦੇ ਦਾਅਵੇ ਨਾਲ। ਤਾਂ ਅਜਿਹੇ ਦਾਅਵੇ ਦਾ ਕੋਈ ਕੀ ਕਰੇ ? ਪਹਿਲਾਂ ਦੇ ਸਮੇਂ ਕਸ਼ਮੀਰ ਘਾਟੀ ਵਿਚ ਲੋਕ ਰਾਇ ਦੀ ਸੂਈ ਨਰਮ ਪੰਥ ਦੀ ਹਮਾਇਤ ਅਤੇ ਵੱਖਵਾਦ ਦੀ ਭਾਵਨਾ ਦਰਮਿਆਨ ਡੋਲਦੀ ਸੀ। ਮੁੱਖਧਾਰਾ ਦੀ ਸਿਆਸਤ ਵਿਚ ਅਬਦੁੱਲਾ ਪਰਿਵਾਰ ਅਤੇ ਮਹਿਬੂਬਾ ਮੁਫ਼ਤੀ ਦੇ ਧੜੇ ਦਾ ਜ਼ੋਰ ਸੀ। ਅਬਦੁੱਲਾ ਪਰਿਵਾਰ ਨਰਮ ਪੰਥ ਦੇ ਸਿਰੇ ਤੋਂ ਸਿਆਸਤ ਕਰਦਾ ਸੀ ਅਤੇ ਮਹਿਬੂਬਾ ਮੁਫ਼ਤੀ ਦਾ ਧੜਾ ਦੱਖਣਪੰਥੀ ਸੀ। ਇਹ ਧੜਾ ਸਮੇਂ-ਸਮੇਂ ’ਤੇ ਭਾਰਤੀ ਰਾਜ ਸੱਤਾ ਨੂੰ ਲੈ ਕੇ ਆਪਣਾ ਰੋਸ ਜ਼ਾਹਰ ਕਰਦਾ ਸੀ ਪਰ ਇਸ ਰੋਸ ਵਿਚ ਵੱਖਵਾਦ ਦੀ ਭਾਵਨਾ ਨਹੀਂ ਹੁੰਦੀ ਸੀ। ਇਸ ਤੋਂ ਇਲਾਵਾ ਹੁਰੀਅਤ ਦੀ ਸਿਆਸਤ ਦੱਖਣਪੰਥੀ ਤੇਵਰ ਦੀ ਸੀ ਅਤੇ ਹੁਰੀਅਤ ਕਸ਼ਮੀਰ ਦੀ ਆਜ਼ਾਦੀ ਅਤੇ ਪਾਕਿਸਤਾਨ ਦੀ ਤਰਫ਼ਦਾਰੀ ਦੇ ਮੁਹਾਵਰੇ ਵਿਚ ਰਾਜਨੀਤੀ ਕਰਦੀ ਸੀ। ਕਸ਼ਮੀਰ ਘਾਟੀ ਵਿਚ 5 ਅਗਸਤ ਤੋਂ ਬਾਅਦ ਲੋਕ ਰਾਇ ਵਿਚ ਇਕ ਵੱਡਾ ਬਦਲਾਅ ਸਾਫ਼ ਦਿਸਦਾ ਹੈ।

ਅਬਦੁੱਲਾ ਪਰਿਵਾਰ ਅਤੇ ਮਹਿਬੂਬਾ ਮੁਫ਼ਤੀ ਦੇ ਧੜੇ ਦੀ ਰਾਜਨੀਤੀ ਉਥੋਂ ਇਕਦਮ ਗਾਇਬ ਹੋ ਚੱਲੀ ਹੈ। ਟੀ.ਵੀ. ’ਤੇ ਫਾਰੂਕ ਅਬਦੁੱਲਾ ਨੇ ਭਾਵੁਕ ਹੁੰਦਿਆਂ ਆਪਣਾ ਅਫ਼ਸੋਸ ਜ਼ਾਹਰ ਕੀਤਾ ਸੀ ਪਰ ਉਨ੍ਹਾਂ ਦੇ ਇਸ ਅਕਸ ਦਾ ਹੁਣ ਕੋਈ ਖ਼ਰੀਦਦਾਰ ਨਹੀਂ ਦਿਸਦਾ। ਘਾਟੀ ਵਿਚ ਲੋਕ ਮੋਹ ਭੰਗ ਦੀ ਦਸ਼ਾ ਵਿਚ ਗੁਜ਼ਰ ਰਹੇ ਹਨ ਅਤੇ ਆਪਣੀ ਇਸ ਦਸ਼ਾ ਨੂੰ ਛੁਪਾਉਣ ਦੀ ਹਰ ਕੋਸ਼ਿਸ਼ ਕਰਦੇ ਦਿਸੇ। ‘ਪ੍ਰੋਫ਼ੈਸਰ ਸਾਹਿਬ ਮੈਂ ਤੁਹਾਡੇ ਲੇਖ ਪੜ੍ਹਦਾ ਸੀ ਅਤੇ ਆਪਣੇ ਵਿਦਿਆਰਥੀਆਂ ਨੂੰ ਭਾਰਤ ਦੀ ‘ਅਵਧਾਰਨਾ’ ਬਾਰੇ ਦੱਸਦਾ ਸੀ ਪਰ ਹੁਣ ਮੈਂ ਉਨ੍ਹਾਂ ਨੂੰ ਕੀ ਦੱਸਾਂਗਾ ?’ ਇਹ ਗੱਲ ਇਕ ਕਸਬੇ ਦੇ ਅਧਿਆਪਕ ਨੇ ਮੈਨੂੰ ਕਹੀ ਪਰ ਮੈਂ ਉਸ ਨੂੰ ਕੋਈ ਉੱਤਰ ਨਾ ਦੇ ਸਕਿਆ। ਮੇਰੇ ਪੁਰਾਣੇ ਮਿੱਤਰ ਪ੍ਰੋਫ਼ੈਸਰ ਇਕ ਫਿੱਕੀ ਜਿਹੀ ਮੁਸਕਰਾਹਟ ਨਾਲ ਬੋਲੇ, ‘ਅਸੀਂ ਕਸ਼ਮੀਰੀ ਆਪਸ ਵਿਚ ਮਜ਼ਾਕ ਕਰਦੇ ਹੁੰਦੇ ਸੀ ਕਿ ਇਹ ਭਾਰਤੀ ਉਨ੍ਹਾਂ ਖ਼ਾਨਾਂ ਅਤੇ ਪਠਾਨਾਂ ਤੋਂ ਕਿਤੇ ਬਿਹਤਰ ਹਨ ਪਰ ਹੁਣ.....।’ ਇਕ ਛੋਟੀ ਜਿਹੀ ਚੁੱਪੀ ਤੋਂ ਬਾਅਦ ਉਨ੍ਹਾਂ ਕਿਹਾ, ‘ਮੈਂ ਕਈ ਵਾਰ ਦਿੱਲੀ ਗਿਆ ਹਾਂ ਪਰ ਇਸ ਵਾਰ ਦਿੱਲੀ ਪੁੱਜਿਆ ਤਾਂ ਲੱਗਾ, ਕਿਸੇ ਪਰਦੇਸ ਤੋਂ ਆਇਆ ਹਾਂ।’

ਮੋਹ ਭੰਗ ਹੀ ਨਹੀਂ, ਕਸ਼ਮੀਰੀਆਂ ਦੇ ਮਨ ਵਿਚ ਗੁੱਸਾ ਵੀ ਉੱਬਲ ਰਿਹਾ ਹੈ। ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੀ ਸ਼ਾਨ ’ਤੇ ਸੱਟ ਮਾਰੀ ਗਈ ਹੈ। ਸੇਬ ਦੀ ਫ਼ਸਲ ਨੂੰ ਪੁੱਜੇ ਨੁਕਸਾਨ ਬਾਰੇ ਸਾਡੀ ਬੈਠਕ ਜ਼ੋਰਦਾਰ ਢੰਗ ਨਾਲ ਚੱਲ ਰਹੀ ਸੀ ਕਿ ਇਸ ਦਰਮਿਆਨ ਨੌਜਵਾਨ ਕਿਸਾਨ ਖੜ੍ਹਾ ਹੋਇਆ ਅਤੇ ਬੋਲਿਆ, ‘ਹਰ ਵਾਰ ਸਾਨੂੰ ਭਾਰਤ ਤੋਂ ਧੋਖੇ ਤੋਂ ਇਲਾਵਾ ਕੀ ਮਿਲਿਆ ਹੈ’ ਸੇਬ ਦੇ ਇਕ ਵਪਾਰੀ ਕੋਲ ਮੁਨਸ਼ੀ ਦਾ ਕੰਮ ਕਰਨ ਵਾਲੇ ਵਿਅਕਤੀ ਨੇ ਪਹਿਲਾਂ ਇਹ ਪਰਖਿਆ ਕਿ ਕਿਤੇ ਮੈਂ ਉਸ ਦੀ ਗੱਲ ਦਾ ਬੁਰਾ ਤਾਂ ਨਹੀਂ ਮੰਨਾਂਗਾ। ਤੱਸਲੀ ਹੋਣ ਤੋਂ ਬਾਅਦ ਉਸ ਨੇ ਆਪਣੇ ਹੱਥ ਜੋੜਦਿਆਂ ਕਿਹਾ, ‘ਤੁਸੀਂ ਸਾਨੂੰ ਇਕੱਲਾ ਕਿਉਂ ਨਹੀਂ ਛੱਡ ਦਿੰਦੇ ?’ ਮੈਂ ਉਸ ਤੋਂ ਅਜਿਹਾ ਕਰਨ ਦਾ ਕਾਰਨ ਜਾਣਨਾ ਚਾਹਿਆ। ਮੇਰੇ ਬਹੁਤ ਜ਼ੋਰ ਦੇਣ ’ਤੇ ਉਸ ਨੇ ਕਿਹਾ, ‘ਮੈਂ ਕਿਵੇਂ ਦਿਖਾਵਾਂ ਕਿ ਮੇਰੇ ਦਿਲ ਵਿਚ ਕਿੰਨਾ ਦਰਦ ਹੈ।’ ਇਸੇ ਦਰਦ ਨੇ ਪਹਿਲੀ ਵਾਰ ਕਸ਼ਮੀਰੀ ਮੁਸਲਮਾਨਾਂ ਨੂੰ ਬਾਕੀ ਭਾਰਤ ਦੇ ਮੁਸਲਮਾਨਾਂ ਦੇ ਨੇੜੇ ਕੀਤਾ ਹੈ। ਪਹਿਲਾਂ ਬਾਕੀ ਭਾਰਤ ਦੇ ਮੁਸਲਮਾਨਾਂ ਨਾਲ ਕਸ਼ਮੀਰੀ ਮੁਸਲਮਾਨਾਂ ਦੇ ਰਿਸ਼ਤੇ ਵਿਚ ਇਕ ਅਜਨਬੀਪਨ ਹੁੰਦਾ ਸੀ। ਪਰ ਹੁਣ ਕਸ਼ਮੀਰੀ ਮੁਸਲਮਾਨਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਸਿਰਫ ਕਸ਼ਮੀਰੀ ਹੋਣ ਕਾਰਨ ਨਹੀਂ, ਸਗੋਂ ਮੁਸਲਮਾਨ ਹੋਣ ਕਾਰਨ ਤੰਗ ਕੀਤਾ ਜਾ ਰਿਹਾ ਹੈ। ਕਸ਼ਮੀਰੀ ਹੁਣ ਨਰਿੰਦਰ ਮੋਦੀ ਨੂੰ ਲੈ ਕੇ ਜ਼ਿਆਦਾ ਨਹੀਂ ਬੋਲਦੇ। ਭਾਰਤ ਦੀ ਰਾਜ ਸੱਤਾ ਦਾ ਨਵਾਂ ਚਿਹਰਾ ਅਮਿਤ ਸ਼ਾਹ ਹਨ। ਕਈ ਕਸ਼ਮੀਰੀਆਂ ਲਈ ਸਮੀਕਰਨ ਹੁਣ ਅਮਿਤ ਸ਼ਾਹ ਬਨਾਮ ਇਮਰਾਨ ਖ਼ਾਨ ਬਣ ਚੁੱਕਾ ਹੈ, ਜਿਸ ਵਿਚ ਪਾਕਿ ਪ੍ਰਧਾਨ ਮੰਤਰੀ ਦੀ

ਬਾਕੀ ਸਫ਼ਾ 29 ’ਤੇ

# ਭਗਵੇਂ ਰਾਸ਼ਟਰਵਾਦ ਦੇ ਵਿਰੋਧੀ ਸਨ ਬਾਬਾ ਸਾਹਿਬ ਅੰਬੇਡਕਰ

ਆਪਣੀ ਪੁਸਤਕ 'ਰਿਡਲਜ਼ ਆਫ ਹਿੰਦੂਇਜ਼ਮ' ਜਿਸ ਦਾ ਪ੍ਰਕਾਸ਼ਨ ਮਹਾਰਾਸ਼ਟਰ ਸਰਕਾਰ ਦੁਆਰਾ ਵੀ 1987 ਵਿਚ ਕੀਤਾ ਗਿਆ ਸੀ, ਵਿਚ ਬਾਬਾ ਸਾਹਿਬ ਅੰਬੇਡਕਰ ਹਿੰਦੂ ਧਰਮ ਦੇ ਬ੍ਰਾਹਮਣਵਾਦੀ ਸਿਸਟਮ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪਣੀ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦੇ ਹਨ, 'ਇਹ ਪੁਸਤਕ ਉਨ੍ਹਾਂ ਵਿਸ਼ਵਾਸਾਂ ਦੀ ਵਿਆਖਿਆ ਕਰਦੀ ਹੈ, ਜਿਨ੍ਹਾਂ ਨੂੰ ਬ੍ਰਾਹਮਣਵਾਦੀ ਧਰਮ ਸ਼ਾਸ਼ਤਰ ਕਿਹਾ ਜਾ ਸਕਦਾ ਹੈ। ਮੈਂ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹਿੰਦੂ ਧਰਮ ਦੇ ਗ੍ਰੰਥਾਂ ਦਾ ਉਦੇਸ਼ ਹਿੰਦੂ ਸਮਾਜ ਨੂੰ ਬ੍ਰਾਹਮਣਾਂ ਦੇ ਤੌਰ ਤਰੀਕਿਆਂ ਤੋਂ ਜਾਣੂ ਕਰਵਾਉਣਾ ਹੈ ਤੇ ਉਨ੍ਹਾਂ ਨੂੰ ਬ੍ਰਾਹਮਣਵਾਦੀ ਸਿਧਾਤਾਂ ਬਾਰੇ ਸੁਚੇਤ ਕਰਨਾ ਹੈ।'

**ਰਾਮ ਪੁਨਿਆਨੀ**

ਭਾਰਤੀ ਸਮਾਜ ਵਿਚ ਆਪਣੀ ਹੋਂਦ ਉਸਾਰਨ ਦੇ ਲਈ ਇਨ੍ਹਾਂ ਦਿਨਾਂ ਦੌਰਾਨ ਆਰ ਐਸ ਐਸ ਫੋਕੇ ਦਾਅਵੇ ਕਰ ਰਹੀ ਹੈ। ਕੁਝ ਮਹੀਨੇ ਪਹਿਲਾਂ ਇਹ ਦਾਅਵਾ ਕੀਤਾ ਗਿਆ ਸੀ ਕਿ ਗਾਂਧੀ ਆਰ ਐਸ ਐਸ ਦੀ ਕਾਰਜ ਪ੍ਰਣਾਲੀ ਤੋਂ ਪ੍ਰਭਾਵਿਤ ਸਨ। ਫਿਰ ਸਫੈਦ ਝੂਠ ਬੋਲਿਆ ਗਿਆ ਕਿ ਬਾਬਾ ਸਾਹਿਬ ਅੰਬੇਡਕਰ ਸੰਘ ਦੀ ਵਿਚਾਰਧਾਰਾ ਵਿਚ ਯਕੀਨ ਕਰਦੇ ਸਨ। ਇਹ ਗੱਪਾਂ ਕਿਸੇ ਛੋਟੇ ਮੋਟੇ ਆਦਮੀ ਨੇ ਨਹੀਂ, ਬਲਕਿ ਆਰ ਐਸ ਐਸ ਦੇ ਸਰਸੰਘ ਚਾਲਕ ਮੋਹਨ ਭਾਗਵਤ ਨੇ ਵੱਖ-ਵੱਖ ਭਾਸ਼ਣਾਂ ਦੌਰਾਨ ਮਾਰੀਆਂ। ਇਹ ਮੀਡੀਆ ਵਿਚ ਵੀ ਛਪੀਆਂ ਤੇ ਪ੍ਰਸਾਰਿਤ ਹੋਈਆਂ। ਆਰ ਐਸ ਐਸ ਤੇ ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਜਿੱਥੇ ਡਾਕਟਰ ਅੰਬੇਡਕਰ ਭਾਰਤੀ ਰਾਸ਼ਟਰਵਾਦ, ਧਰਮ ਨਿਰਪੱਖਤਾ, ਸੰਵਿਧਾਨਕ ਧਰਮ ਤੇ ਸਾਮਾਜਿਕ ਨਿਆਂ ਦੇ ਸਿਧਾਂਤਾਂ ਵਿਚ ਯਕੀਨ ਕਰਦੇ ਹਨ, ਉੱਥੇ ਆਰ ਐਸ ਐਸ ਦੀ ਵਿਚਾਰਧਾਰਾ ਕੇਵਲ ਦੋ ਮੁੱਦਿਆਂ 'ਤੇ ਟਿਕੀ ਹੋਈ ਹੈ-ਪਹਿਲਾ ਹਿੰਦੂ ਧਰਮ ਦੀ ਬ੍ਰਾਹਮਣਵਾਦੀ ਵਿਆਖਿਆ ਤੇ ਦੂਸਰਾ ਹਿੰਦੂ ਰਾਸ਼ਟਰਵਾਦ। ਬਾਬਾ ਸਾਹਿਬ ਅੰਬੇਡਕਰ ਅਨੁਸਾਰ ਹਿੰਦੂ ਧਰਮ ਦਾ ਆਧਾਰ ਬ੍ਰਾਹਮਣਵਾਦੀ ਧਰਮ ਸ਼ਾਸਤਰ ਹਨ। ਉਨ੍ਹਾਂ ਨੂੰ ਇਹ ਅਹਿਸਾਸ ਹੈ ਕਿ ਹਿੰਦੂ ਧਰਮ ਦਾ ਆਧਾਰ ਜਾਤੀਵਾਦੀ ਵਿਵਸਥਾ ਹੈ ਤੇ ਇਹ ਵਿਵਸਥਾ ਅਛੂਤਾਂ ਨੂੰ ਨਰਕ ਭਰਿਆ ਜੀਵਨ ਦੇ ਰਹੀ ਹੈ। ਸ਼ੁਰੂਆਤ ਵਿਚ ਬਾਬਾ ਸਾਹਿਬ ਅੰਬੇਡਕਰ ਨੇ ਹਿੰਦੂ ਧਰਮ ਦੇ ਅੰਦਰੋਂ ਹੀ ਜਾਤੀਵਾਦ ਦੀਆਂ ਬੇੜੀਆਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਦਲਿਤਾਂ ਨੂੰ ਪੀਣ ਵਾਲੇ ਪਾਣੀ ਦੇ ਸਰੋਤਾਂ ਤੱਕ ਪਹੁੰਚ ਕਰਾਉਣ ਦੇ ਲਈ ਉਨ੍ਹਾਂ ਨੇ ਤਲਾਬ ਤੇ ਮੰਦਰਾਂ ਦੇ ਦਰਵਾਜ਼ੇ ਖੋਲ੍ਹਣ ਦੇ ਲਈ ਅੰਦੋਲਨ ਚਲਾਏ। ਉਨ੍ਹਾਂ ਨੇ ਜਨਤਕ ਤੌਰ 'ਤੇ ਮਨੂਸਿਮ੍ਰਤੀ ਫੂਕਣ ਦੇ ਪ੍ਰੋਗਰਾਮ ਵੀ ਆਯੋਜਿਤ ਕੀਤੇ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਬ੍ਰਾਹਮਣਵਾਦੀ ਗ੍ਰੰਥ ਜਾਤੀਗਤ ਤੇ ਲਿੰਗਕ ਭੇਦਭਾਵ ਦਾ ਪ੍ਰਤੀਕ ਹੈ। ਉਨ੍ਹਾਂ ਨੇ ਬ੍ਰਾਹਮਣਵਾਦ 'ਤੇ ਵਿਚਾਰਧਾਰਕ ਹਮਲੇ ਕੀਤੇ। ਪਰੰਤੂ ਸਮੇਂ ਦੇ ਨਾਲ ਉਹ ਇਸ ਨਤੀਜੇ ਤੱਕ ਪਹੁੰਚੇ ਕਿ ਉਨ੍ਹਾਂ ਨੂੰ ਹਿੰਦੂ ਧਰਮ ਤਿਆਗ ਦੇਣਾ ਚਾਹੀਦਾ ਹੈ।



ਆਪਣੀ ਪੁਸਤਕ 'ਰਿਡਲਜ਼ ਆਫ ਹਿੰਦੂਇਜ਼ਮ' ਜਿਸ ਦਾ ਪ੍ਰਕਾਸ਼ਨ ਮਹਾਰਾਸ਼ਟਰ ਸਰਕਾਰ ਦੁਆਰਾ ਵੀ 1987 ਵਿਚ ਕੀਤਾ ਗਿਆ ਸੀ, ਵਿਚ ਬਾਬਾ ਸਾਹਿਬ ਅੰਬੇਡਕਰ ਹਿੰਦੂ ਧਰਮ ਦੇ ਬ੍ਰਾਹਮਣਵਾਦੀ ਸਿਸਟਮ ਦੇ ਸੰਬੰਧ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ ਹਨ। ਆਪਣੀ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦੇ ਹਨ, 'ਇਹ ਪੁਸਤਕ ਉਨ੍ਹਾਂ ਵਿਸ਼ਵਾਸਾਂ ਦੀ ਵਿਆਖਿਆ ਕਰਦੀ ਹੈ, ਜਿਨ੍ਹਾਂ ਨੂੰ ਬ੍ਰਾਹਮਣਵਾਦੀ ਧਰਮ ਸ਼ਾਸ਼ਤਰ ਕਿਹਾ ਜਾ ਸਕਦਾ ਹੈ। ਮੈਂ ਲੋਕਾਂ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਹਿੰਦੂ ਧਰਮ ਦੇ ਗ੍ਰੰਥਾਂ ਦਾ ਉਦੇਸ਼ ਹਿੰਦੂ ਸਮਾਜ ਨੂੰ ਬ੍ਰਾਹਮਣਾਂ ਦੇ ਤੌਰ ਤਰੀਕਿਆਂ ਤੋਂ ਜਾਣੂ ਕਰਵਾਉਣਾ ਹੈ ਤੇ ਉਨ੍ਹਾਂ ਨੂੰ ਬ੍ਰਾਹਮਣਵਾਦੀ ਸਿਧਾਤਾਂ ਬਾਰੇ ਸੁਚੇਤ ਕਰਨਾ ਹੈ।'

ਡਾਕਟਰ ਅੰਬੇਡਕਰ 1955 ਦੇ ਨੇੜੇ ਤੇੜੇ ਹੀ ਹਿੰਦੂ ਧਰਮ ਤੋਂ ਦੂਰ ਹੋਣ ਲੱਗੇ। ਜਦ ਉਨ੍ਹਾਂ ਨੇ ਜਨਤਕ ਤੌਰ 'ਤੇ ਇਹ ਐਲਾਨ ਕੀਤਾ ਸੀ ਕਿ ਉਹ ਹਿੰਦੂ ਦੇ ਤੌਰ 'ਤੇ ਜਨਮੇ ਜ਼ਰੂਰ ਹਨ, ਪਰੰਤੂ ਹਿੰਦੂ ਦੇ ਤੌਰ 'ਤੇ ਮਰਨਗੇ ਨਹੀਂ। ਸੰਨ 1956 ਵਿਚ ਉਨ੍ਹਾਂ ਨੇ ਇਕ ਸਿਖ ਮਿਸ਼ਨਰੀ ਕਾਨਫਰੰਸ ਵਿਚ ਵੀ ਹਿੱਸਾ ਲਿਆ ਤੇ ਸਿਖ ਧਰਮ ਅਪਨਾਉਣ 'ਤੇ ਵੀ ਵਿਚਾਰ ਕੀਤਾ ਸੀ। ਸੰਨ 1936 ਵਿਚ ਉਨ੍ਹਾਂ ਨੇ 'ਐਨਹਿਲੇਸ਼ਨ ਆਫ ਕਾਸਟ' ਨਾਮ ਦੀ ਪੁਸਤਕ ਪ੍ਰਕਾਸ਼ਿਤ ਕੀਤੀ, ਜੋ ਕਿ ਲਾਹੌਰ ਵਿਚ ਆਯੋਜਿਤ 'ਜਾਤ ਪਾਤ ਤੋੜਕ ਮੰਡਲ' ਦੀ ਸਭਾ ਵਿਚ ਮੁਖੀ ਦੇ ਤੌਰ 'ਤੇ ਉਨ੍ਹਾਂ ਦਾ ਇਹ ਭਾਸ਼ਣ ਸੀ ਜੋ ਉਹ ਦੇ ਨਾ ਸਕੇ। ਆਪਣੇ ਲਿਖਤੀ ਭਾਸ਼ਣ ਦੇ ਅੰਤ ਵਿਚ ਜ਼ੋਰ ਦੇ ਕੇ ਉਨ੍ਹਾਂ ਇਹ ਕਿਹਾ ਕਿ ਉਨ੍ਹਾਂ ਨੇ ਹਿੰਦੂ ਧਰਮ ਨੂੰ ਛੱਡਣ ਦਾ ਫੈਸਲਾ ਲੈ ਲਿਆ ਹੈ। ਮੈਂ ਹਿੰਦੂ ਧਰਮ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹਾਂ। ਮੇਰੀ ਅਣਖ ਮੈਨੂੰ ਹਿੰਦੂ ਧਰਮ ਨਾਲ ਜੁੜੇ ਰਹਿਣ ਦੀ ਇਜਾਜ਼ਤ ਨਹੀਂ ਦਿੰਦੀ। ਭਗਵਾਨ ਰਾਮ ਆਰ. ਐੱਸ. ਐੱਸ. ਦੁਆਰਾ ਪੇਸ਼ ਕੀਤੇ ਸਭਿਆਚਾਰਕ ਰਾਸ਼ਟਰਵਾਦ ਦੇ ਮੁੱਖ ਪ੍ਰਤੀਕ ਹਨ। ਆਓ ਦੇਖੀਏ ਕਿ ਡਾਕਟਰ ਅੰਬੇਡਕਰ ਭਗਵਾਨ ਰਾਮ ਦੇ ਬਾਰੇ ਆਪਣੀ ਪੁਸਤਕ, 'ਰਿਡਲਜ਼ ਆਫ ਰਾਮ ਐਂਡ ਕ੍ਰਿਸ਼ਨ' ਵਿਚ ਕਹਿੰਦੇ ਹਨ, "ਸੀਤਾ ਦੇ ਜੀਵਨ ਤਾਂ ਮੰਨੋ ਕੋਈ ਮਹੱਤਵ ਹੀ ਨਹੀਂ ਹੈ। ਮਹੱਤਵ ਕੇਵਲ ਵਿਅਕਤੀਗਤ ਮਹਾਨਤਾ ਅਤੇ ਨਾਮ ਦਾ ਸੀ। ਰਾਮ ਨੇ ਉੱਚ ਪੁਰਸ਼ ਹੁੰਦੇ ਹੋਏ ਇਨ੍ਹਾਂ ਅਫਵਾਹਾਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ, ਜੋ ਇਕ ਰਾਜਾ ਦੇ ਬਤੌਰ ਉਹ ਕਰ ਸਕਦੇ ਸਨ ਅਤੇ ਜੋ ਇਕ ਅਜਿਹੇ ਪਤੀ ਦੇ ਬਤੌਰ ਜੋ ਆਪਣੀ ਪਤਨੀ ਦੇ ਨਿਰਦੋਸ਼ ਹੋਣ ਦੇ ਸੰਬੰਧ ਵਿਚ ਵਿਸ਼ਵਾਸ ਕਰਨਾ ਉਨ੍ਹਾਂ ਦਾ ਫਰਜ਼ ਸੀ। ਇਕ ਸਥਾਨ 'ਤੇ ਬਾਬਾ ਸਾਹਿਬ ਲਿਖਦੇ ਹਨ ਕਿ 12 ਸਾਲ ਤੱਕ ਰਾਮ ਦੇ ਲੜਕੇ ਲਵ-ਕੁਸ਼ ਮਹਾਂਰਿਸ਼ੀ ਵਾਲਮੀਕਿ ਜੀ ਦੇ ਆਸ਼ਰਮ ਵਿਚ ਰਹਿ ਰਹੇ ਸਨ, ਜੋ ਅਯੁੱਧਿਆ, ਜਿੱਥੇ ਰਾਮ ਦਾ ਰਾਜ ਸੀ, ਤੋਂ ਬਹੁਤ ਦੂਰ ਸੀ। ਇਨ੍ਹਾਂ 12 ਸਾਲਾਂ ਵਿਚ ਇਸ ਆਦਰਸ਼ ਪਤੀ ਤੇ ਪਿਤਾ ਨੇ ਕਦੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਤੱਕ ਨਹੀਂ ਕੀਤੀ ਕਿ ਸੀਤਾ ਕਿੱਥੇ ਹੈ ਜਿੰਦਾ ਹੈ ਜਾਂ ਮਰ ਗਈ? ਸੀਤਾ ਨੇ ਰਾਮ ਦੇ ਕੋਲ ਪਰਤਣ ਦੀ ਥਾਂ ਮਰ ਜਾਣਾ ਸਹੀ ਸਮਝਿਆ। ਕਿਉਂਕਿ ਰਾਮ ਦਾ ਉਨ੍ਹਾਂ ਦੇ ਨਾਲ ਵਿਹਾਰ ਸਹੀ ਨਹੀਂ ਸੀ। ਹਿੰਦੂਵਾਦੀ ਸਭਿਆਚਾਰਕ ਰਾਸ਼ਟਰਵਾਦ ਵਿਚ ਦਲਿਤਾਂ ਦੇ ਨਾਲ ਕੀ ਵਿਹਾਰ ਹੋਵੇਗਾ ਇਹ ਰਾਮ ਦੇ ਜੀਵਨ ਤੋਂ ਸਪੱਸ਼ਟ ਹੈ ਕਿ ਉਹ ਸ਼ੰਭੂਕ ਨਾਂ ਦਾ ਸ਼ੂਦਰ ਸੀ ਜੋ ਤਪੱਸਿਆ ਕਰ ਰਿਹਾ ਸੀ ਤੇ ਉਸ ਨੂੰ ਬਿਨਾਂ ਕਿਸੇ ਸਪੱਸ਼ਟੀਕਰਨ ਦੇ ਉਸ ਦਾ ਸਿਰ ਕੱਟ ਦਿੱਤਾ।

ਬਾਬਾ ਸਾਹਿਬ ਅੰਬੇਡਕਰ ਜਾਤੀਵਾਦ ਨੂੰ ਤੋੜਨ ਦੀ ਗੱਲ ਕਰਦੇ ਸਨ। ਜਦ ਕਿ ਸੰਘ ਪਰਿਵਾਰ ਜਾਤੀਵਾਦ ਨੂੰ ਉਤਸ਼ਾਹਿਤ ਕਰਨ ਤੇ ਮਨੂੰ ਸਿਮ੍ਰਤੀਆਂ ਦੇ ਸੰਵਿਧਾਨ ਨੂੰ ਲਾਗੂ ਕਰਨ ਦੀ ਗੱਲ ਕਰਦਾ ਹੈ। ਇਸ ਤੋਂ ਸਪੱਸ਼ਟ ਹੈ ਕਿ ਅੰਬੇਡਕਰ ਤੇ ਆਰ. ਐੱਸ. ਐੱਸ. ਦੇ ਵਿਚਾਰ ਆਪਸ ਵਿਚ ਨਹੀਂ ਮੇਲ ਖਾਂਦੇ। ਆਰ. ਐੱਸ. ਐੱਸ. ਦੀ ਰਾਜਨੀਤਕ ਵਿਚਾਰਧਾਰਾ ਦਾ ਮੂਲ ਆਧਾਰ ਹੈ ਹਿੰਦੂਤਵ ਜਾਂ ਹਿੰਦੂ ਰਾਸ਼ਟਰਵਾਦ। ਬਾਬਾ ਸਾਹਿਬ ਅੰਬੇਡਕਰ ਨੇ ਇਸ ਮੁੱਦੇ 'ਤੇ ਬਹੁਤ ਡੂੰਘਾਈ ਨਾਲ ਵਿਚਾਰ ਕੀਤਾ। ਉਨ੍ਹਾਂ ਦੇ ਵਿਚਾਰ ਉਨ੍ਹਾਂ ਦੀ ਪੁਸਤਕ, "ਥਾਟਸ ਆਫ ਪਾਕਿਸਤਾਨ" ਵਿਚ ਪਾਕਿਸਤਾਨ ਬਾਰੇ ਵਿਚਾਰ ਮੌਜੂਦ ਹਨ। ਇਸ ਪੁਸਤਕ ਵਿਚ ਉਹ ਆਰ ਐਸ ਐਸ ਦੀ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਦੇ ਸਿਰਜਣਹਾਰ ਸਾਵਰਕਰ ਦੁਆਰਾ ਪੇਸ਼ ਹਿੰਦੂ ਰਾਸ਼ਟਰਵਾਦ ਦੀ ਮੁਸਲਿਮ ਰਾਸ਼ਰਵਾਦ ਦੀ ਵਿਚਾਰਧਾਰਾ ਨਾਲ ਤੁਲਨਾ ਕਰਦੇ ਹੋਏ ਕਹਿੰਦੇ ਹਨ, "ਸਾਵਰਕਰ ਤੇ ਜਿਨਾਹ ਵਿਚ ਕੋਈ ਵਿਰੋਧ ਨਹੀਂ, ਉਹ ਇਕ ਦੂਸਰੇ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਦੋਨੋਂ ਜੋਰ ਦੇ ਕੇ ਇਹ ਕਹਿੰਦੇ ਹਨ ਕਿ ਭਾਰਤ ਵਿਚ ਦੋ ਰਾਸ਼ਟਰ ਹਨ। ਇਕ ਹਿੰਦੂ ਰਾਸ਼ਟਰ ਤੇ ਦੂਸਰਾ ਮੁਸਲਮ ਰਾਸ਼ਟਰ। ਇਨ੍ਹਾਂ ਦੇ ਮਤਭੇਦ ਸਿਰਫ ਇਸ ਮੁੱਦੇ 'ਤੇ ਹਨ ਕਿ ਇਨ੍ਹਾਂ ਦੋਨਾਂ ਰਾਸ਼ਟਰਾਂ ਨੂੰ ਕਿੰਨਾ ਸ਼ਰਤਾਂ ਦੇ ਅਧੀਨ ਰਹਿਣਾ ਹੋਵੇਗਾ। ਜਿਨਾਹ ਦਾ ਕਹਿਣਾ ਹੈ ਕਿ ਭਾਰਤ ਨੂੰ ਪਾਕਿਸਤਾਨ ਤੇ ਭਾਰਤ ਵਿਚ ਵੰਡ ਦੇਣਾ ਚਾਹੀਦਾ ਹੈ। ਮੁਸਲਮ ਰਾਸ਼ਟਰ ਨੂੰ ਪਾਕਿਸਤਾਨ ਵਿਚ ਰਹਿਣਾ ਚਾਹੀਦਾ ਹੈ ਤੇ ਹਿੰਦੂ ਰਾਸ਼ਟਰ ਨੂੰ ਹਿੰਦੁਸਤਾਨ ਵਿਚ। ਦੂਸਰੇ ਪਾਸੇ ਸਾਵਰਕਰ ਦਾ ਜ਼ੋਰ ਇਸ ਗੱਲ 'ਤੇ ਸੀ ਕਿ ਜੇਕਰ ਭਾਰਤ ਵਿਚ ਦੋ ਰਾਸ਼ਟਰ ਹਨ ਤਾਂ ਭਾਰਤ ਦੋ ਭਾਗਾਂ ਵਿਚ ਵੰਡਿਆ ਨਹੀਂ ਜਾਣਾ ਚਾਹੀਦਾ, ਜਿਨ੍ਹਾਂ ਵਿਚ ਇਕ ਭਾਗ ਮੁਸਲਮਾਨਾਂ ਦਾ ਹੋਵੇ ਤੇ ਦੂਸਰਾ ਹਿੰਦੂਆਂ ਦਾ। ਬਲਕਿ ਦੋਨੋਂ ਰਾਸ਼ਟਰ ਇਕ ਹੀ ਦੇਸ਼ ਵਿਚ ਰਹਿਣਗੇ ਜਿਸ ਦਾ ਇਕ ਹੀ ਸੰਵਿਧਾਨ ਹੋਵੇਗਾ ਤੇ ਇਹ ਉਹ ਸੰਵਿਧਾਨ ਇਹੋ ਜਿਹਾ ਹੋਵੇਗਾ ਜੋ ਹਿੰਦੂ ਰਾਸ਼ਟਰ ਨੂੰ ਪ੍ਰਵਾਨ ਹੋਵੇਗਾ ਤੇ ਮੁਸਲਮ ਰਾਸ਼ਟਰ ਨੂੰ ਹਿੰਦੂ ਰਾਸ਼ਟਰ ਦੇ ਅਧੀਨ ਰਹਿਣਾ ਹੋਵੇਗਾ। (ਥਾਟਸ ਆਨ ਪਾਕਿਸਤਾਨ ਖੰਡ 3 ਅਧਿਆਇ 7)

ਬਾਬਾ ਸਾਹਿਬ ਅੰਬੇਡਕਰ ਇਹ ਕਹਿੰਦੇ ਸਨ ਕਿ ਹਿੰਦੂ ਭਾਵੇਂ ਕੁਝ ਵੀ ਕਹਿਣ ਪਰ ਹਿੰਦੂ ਧਰਮ ਸੁਤੰਤਰਤਾ, ਸਮਾਨਤਾ ਤੇ ਭਾਈਚਾਰੇ ਲਈ ਖਤਰਾ ਹੈ। ਇਸ ਕਾਰਨ ਇਹ ਜਮਹੂਰੀਅਤ ਦੇ ਨਾਲ ਧੋਖਾ ਹੈ। ਹਿੰਦੂ ਰਾਜ ਨੂੰ ਕਿਸੇ ਵੀ ਕੀਮਤ 'ਤੇ ਰੋਕਿਆ ਜਾਣਾ ਚਾਹੀਦਾ ਹੈ। ਜਿੱਥੇ ਬਾਬਾ ਸਾਹਿਬ ਅੰਬੇਡਕਰ ਸੰਵਿਧਾਨ ਦੇ ਨਿਰਮਾਤਾ ਸਨ, ਉੱਥੇ ਸੰਘ ਪਰਿਵਾਰ ਭਾਰਤੀ ਸੰਵਿਧਾਨ ਨੂੰ ਹਿੰਦੂ ਵਿਰੋਧੀ ਦੱਸਦਾ ਹੈ ਤੇ ਹਿੰਦੂ ਧਰਮ ਗ੍ਰੰਥਾਂ ਦੇ ਆਧਾਰਿਤ ਨਵਾਂ ਸਿਧਾਂਤ ਰਚਨ ਦੇ ਲਈ ਸਰਗਰਮ ਹੈ। ਆਰ ਐਸ ਐਸ ਦਰਅਸਲ ਬਹੁਜਨ ਸਮਾਜ ਦਾ ਸਮਰੱਥਨ ਹਾਸਲ ਕਰਨਾ ਚਾਹੁੰਦੀ ਹੈ ਜੋ ਅੰਬੇਡਕਰ ਦੀ ਵਿਚਾਰਧਾਰਾ ਨਾਲ ਜੁੜੇ ਹੋਏ ਹਨ ਤਾਂ ਜੋ ਸੱਤਾ 'ਤੇ ਕਬਜ਼ਾ ਕੀਤਾ ਜਾ ਸਕੇ। ਬਹੁਜਨ ਸਮਾਜ ਨੂੰ ਆਰ ਐਸ ਐਸ ਦੀਆਂ ਇਨ੍ਹਾਂ ਸਾਜ਼ਿਸ਼ੀ ਨੀਤੀਆਂ ਨੂੰ ਪਛਾਣਨਾ ਪਵੇਗਾ। ਹਿੰਦੂ ਰਾਸ਼ਟਰ ਦੇ ਆਪਣੇ ਏਜੰਡੇ ਨੂੰ ਅੱਗੇ ਵਧਾਉਂਦੇ ਹੋਏ ਆਰ ਐਸ ਐਸ ਅੱਜ ਦੇਸ਼ ਦਾ ਸਭ ਤੋਂ ਵੱਡਾ ਸੰਗਠਨ ਬਣ ਗਿਆ ਹੈ। ਉਸ ਦੇ ਮੁਖੀ ਆਰ ਐਸ ਐਸ 'ਤੇ ਪੂਰਾ ਕੰਟਰੋਲ ਰੱਖਦੇ ਹੀ ਹਨ, ਅਪ੍ਰਤੱਖ ਰੂਪ ਵਿਚ ਭਾਜਪਾ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਤੇ ਆਰ ਐਸ ਐਸ ਨਾਲ ਸੰਬੰਧਿਤ ਹੋਰ ਸੈਂਕੜੇ ਸੰਗਠਨ ਉਨ੍ਹਾਂ ਦੀ ਮੁੱਠੀ ਵਿਚ ਰਹਿੰਦੇ ਹਨ। ਇਹ ਸੰਗਠਨ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਸਾਮਾਜਿਕ, ਸਿੱਖਿਅਕ, ਰਾਜਨੀਤਕ ਤੇ ਆਰਥਿਕ ਖੇਤਰਾਂ ਵਿਚ ਸਰਗਰਮ ਹੈ।

ਬਾਬਾ ਸਾਹਿਬ ਅੰਬੇਡਕਰ ਜਿਸ ਨੂੰ ਜਾਤੀ ਸੰਘਰਸ਼ ਦੱਸ ਰਹੇ ਹਨ, ਦਰਅਸਲ ਉਹ ਸਾਮਾਜਿਕ ਨਿਆਂ ਦਾ ਸੰਘਰਸ਼ ਹੈ। ਹਿੰਦੂ ਧਰਮ ਦੇ ਜਾਤੀ ਆਧਾਰਿਤ ਢਾਂਚੇ ਦੇ ਵਿਰੋਧ ਵਿਚ ਸਦੀਆਂ ਤੋਂ ਅੰਦੋਲਨ ਖੜੇ ਹੁੰਦੇ ਰਹੇ। ਗੌਤਮ ਬੁੱਧ ਨੂੰ ਅਸੀਂ ਇਸ ਅੰਦੋਲਨ ਦਾ ਸਭ ਤੋਂ ਪੁਰਾਣਾ ਆਗੂ ਕਹਿ ਸਕਦੇ ਹਾਂ। ਇਸ ਦੇ ਬਾਅਦ ਸੰਤ ਕਬੀਰ, ਸੰਤ ਨਾਮਦੇਵ, ਸੰਤ ਰਵੀਦਾਸ, ਗੁਰੂ ਨਾਨਕ ਸਾਹਿਬ ਵਰਗੇ ਸੰਤਾਂ ਨੇ ਵੀ ਜਾਤੀ ਪ੍ਰਥਾ ਦੇ ਵਿਰੁੱਧ ਆਵਾਜ਼ ਉਠਾਈ। ਇਸ ਬ੍ਰਾਹਮਣਵਾਦ ਵਿਰੋਧੀ ਬਹੁਜਨ ਸੰਘਰਸ਼ ਵਿਚ ਜੋਤਿਬਾ ਫੂਲੇ ਦਾ ਅੰਦੋਲਨ ਵੀ ਸ਼ਾਮਲ ਹੈ, ਜਿਸ ਦਾ ਨਿਸ਼ਾਨਾ ਅਛੂਤਾਂ ਨੂੰ ਸਿੱਖਿਅਕ ਕਰਨਾ ਸੀ। ਬਾਬਾ ਸਾਹਿਬ ਅੰਬੇਡਕਰ ਨੇ ਇਸ ਸੰਘਰਸ਼ ਨੂੰ ਅੱਗੇ ਵਧਾਇਆ ਤੇ ਜਾਤੀਗਤ ਸਮਾਨਤਾ ਦੇ ਅੰਦੋਲਨ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਸੁਤੰਤਰਤਾ ਤੋਂ ਪਹਿਲਾਂ, ਹਿੰਦੂ ਮਹਾਂ ਸਭਾ, ਆਰ ਐਸ ਐਸ, ਅਜ਼ਾਦੀ ਅੰਦੋਲਨ ਦੇ ਸਮਾਨਾਂਤਰ ਚਲ ਰਹੇ ਸਮਾਜ ਸੁਧਾਰ ਅੰਦੋਲਨਾਂ ਤੋਂ ਬਹੁਤ ਪਰੇਸ਼ਾਨ ਸੀ ਤੇ ਇਸ ਲਈ ਉਨ੍ਹਾਂ ਨੇ ਹਿੰਦੂਆਂ ਨੂੰ ਇਕ ਹੋਣ ਦਾ ਸੱਦਾ ਦਿੱਤਾ। ਜਾਤੀ ਦੇ ਸੁਆਲ 'ਤੇ ਹਿੰਦੂਤਵ ਵਾਦੀ ਸੰਗਠਨ ਇਕੱਠੇ ਸਨ। ਜਦ ਕਿ ਅੰਬੇਡਕਰ ਜਾਤੀ ਦੇ ਵਿਰੋਧ ਵਿਚ ਖੜੇ ਸਨ। ਇਸੇ ਕਰਕੇ ਉਨ੍ਹਾਂ ਨੇ ਮਨੂੰਸਿਮਰਤੀਆਂ ਨੂੰ ਫੂਕਿਆ ਤੇ ਭਾਰਤੀ ਸੰਵਿਧਾਨ ਦਾ ਖਾਕਾ ਤਿਆਰ ਕਰਨ ਵਾਲੀ ਕਮੇਟੀ ਦੇ ਮੁਖੀ ਤੌਰ 'ਤੇ ਭਾਰਤ ਨੂੰ ਸਮਾਨਤਾ ਦੇ ਆਧਾਰਿਤ ਸੰਵਿਧਾਨ ਦਿੱਤਾ। ਇਸ ਦੇ ਨਾਲ ਹੀ ਸੰਵਿਧਾਨ ਵਿਚ ਦੱਬੇ ਕੁਚਲੇ ਤੇ ਪੱਛੜੇ ਵਰਗਾਂ ਦੇ ਹਿੱਤ ਵਿਚ ਕਾਨੂੰਨ ਵੀ ਪਾਸ ਕੀਤੇ ਤਾਂ ਕਿ ਦੱਬੇ ਕੁਚਲੇ ਲੋਕ ਅਜ਼ਾਦੀ ਦਾ ਆਨੰਦ ਮਾਣ ਸਕਣ। ਹਿੰਦੂ ਰਾਸ਼ਟਰਵਾਦੀ ਰਾਜਨੀਤੀ ਦੱਬੇ ਕੁਚਲੇ ਲੋਕਾਂ ਦੀ ਬਿਹਤਰੀ ਦੇ ਲਈ ਹਾਂ ਪੱਖੀ ਕਦਮਾਂ ਦੀ ਵਿਰੋਧੀ ਸੀ। ਉਹ ਰਾਖਵਾਂਕਰਨ ਦੇ ਹਿੱਤ ਵਿਚ ਨਹੀਂ ਸੀ। ਸਰਕਾਰੀ ਨੌਕਰੀਆਂ ਵਿਚ ਯੋਗਤਾ ਨੂੰ ਉਤਸ਼ਾਹਿਤ ਕਰਨ ਦੇ ਨਾਮ 'ਤੇ ਉਸ ਨੇ ਰਾਖਵਾਂਕਰਨ ਦਾ ਵਿਰੋਧ ਕਰਨ ਦੇ ਲਈ ਯੂਥ ਫਾਰ ਇਕੁਆਲਿਟੀ ਵਰਗੀਆਂ ਸੰਸਥਾਵਾਂ ਬਣਾਈਆਂ। ਹੁਣ ਆਰ ਐਸ ਐਸ ਵੀ ਇਸੇ ਰਾਹ 'ਤੇ ਚਲ ਰਹੀ ਹੈ। ਆਰ ਐਸ ਐਸ ਦੇ ਪੁਰਾਣੇ ਨੇਤਾ ਗੁਰੂ ਗੋਲਵਲਕਰ ਮਨੂੰਸਿਮਰਤੀਆਂ ਦੀ ਪ੍ਰਸ਼ੰਸਾ ਦੇ ਗੀਤ ਗਾਉਂਦੇ ਰਹੇ ਹਨ। ਸੰਘ ਪਰਿਵਾਰ ਨੂੰ ਭਾਰਤੀ ਸੰਵਿਧਾਨ ਪਸੰਦ ਨਹੀਂ ਹੈ।

ਆਰ ਐਸ ਐਸ ਦੀ ਇਹ ਗਲਤ ਧਾਰਨਾ ਹੈ ਕਿ ਭਾਰਤ ਕੇਵਲ ਹਿੰਦੂਆਂ ਦਾ ਦੇਸ਼ ਹੈ। ਕੌਣ ਇਸ ਦੇਸ਼ ਦਾ ਨਾਗਰਿਕ ਹੈ ਤੇ ਕੌਣ ਨਹੀਂ, ਇਸ ਦਾ ਨਿਰਣਾ ਭਾਰਤੀ ਸੰਵਿਧਾਨ ਕਰਦਾ ਹੈ। ਭਾਰਤ ਕਿਸ ਦਾ ਦੇਸ਼ ਹੈ, ਇਹ ਇਸ ਵਿਚ ਸਪੱਸ਼ਟ ਹੈ ਕਿ ਭਾਰਤੀ ਅਜ਼ਾਦੀ ਅੰਦੋਲਨ ਵਿਚ ਸਾਰੀਆਂ ਜਾਤੀਆਂ, ਧਰਮਾਂ, ਵਰਗਾਂ ਦੇ ਲੋਕਾਂ ਨੇ ਹਿੱਸਾ ਲਿਆ ਸੀ। ਭਾਰਤ ਪ੍ਰਾਚੀਨ ਕਾਲ ਤੋਂ ਹੀ ਵੱਖ-ਵੱਖ ਜਾਤੀਆਂ ਤੇ ਧਾਰਮਿਕ ਕੌਮਾਂ ਦਾ ਦੇਸ਼ ਰਿਹਾ ਹੈ। ਭਾਰਤ ਦੇ ਉੱਤਰ ਵਿਚ ਸ਼ਕ, ਹੂਣ ਤੇ ਮੁਸਲਮਾਨ ਹਮਲਾਵਰ ਦੇ ਤੌਰ 'ਤੇ ਆਏ ਤੇ ਉਨ੍ਹਾਂ ਨੇ ਇਸ ਦੇਸ਼ ਨੂੰ ਆਪਣਾ ਘਰ ਬਣਾਇਆ। ਦੱਖਣ ਭਾਰਤ ਵਿਚ ਸਮੁੰਦਰ ਦੇ ਰਸਤੇ ਯਹੂਦੀ, ਮੁਸਲਮਾਨ ਤੇ ਇਸਾਈ ਪਹੁੰਚੇ। ਸੱਚ ਤਾਂ ਇਹ ਹੈ ਕਿ ਹਿੰਦੂ ਸ਼ਬਦ ਮੂਲ ਤੌਰ 'ਤੇ ਭੂਗੋਲਿਕ ਹੈ ਤੇ ਇਹ ਇਕ ਧਰਮ ਦਾ ਨਾਮ ਬਹੁਤ ਬਾਅਦ ਵਿਚ ਬਣਿਆ। ਭਾਰਤ ਵਿਚ ਵੱਖ ਵੱਖ ਧਰਮਾਂ ਦੇ ਲੋਕ ਨਿਵਾਸ ਕਰਦੇ ਹਨ, ਪਰ ਇਹ ਕਹਿਣਾ ਗਲਤ ਹੈ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹਨ, ਤੱਥਾਂ ਦੇ ਨਾਲ ਖਿਲਵਾੜ ਕਰਨ ਵਾਲੀ ਗੱਲ ਹੈ। ਭਾਗਵਤ ਦੇ ਇਸ ਦਾਅਵੇ ਵਿਚ ਕੋਈ ਤਰਕ ਨਹੀਂ ਕਿ ਹਿੰਦੂ ਮੂਲ ਤੌਰ 'ਤੇ ਸਭਨਾਂ ਦਾ ਸਨਮਾਨ ਕਰਦੇ ਤੇ ਬਰਾਬਰੀ ਵਿਚ ਵਿਸ਼ਵਾਸ ਰੱਖਦੇ ਹਨ। ਹਿੰਦੂਤਵ ਚਿੰਤਕ ਸਾਵਰਕਰ ਨੇ ਹਿੰਦੂ ਦੀ ਪਰਿਭਾਸ਼ਾ ਦੇ ਅਨੁਸਾਰ ਮੁਸਲਮਾਨ, ਇਸਾਈ ਹਿੰਦੂ ਨਹੀਂ ਹੋ ਸਕਦੇ। ਸਿਖਾਂ, ਬੋਧੀਆਂ ਤੇ ਜੈਨੀਆਂ ਦਾ ਇਕ ਵੱਡਾ ਤਬਕਾ ਵੀ ਆਪਣੇ ਆਪ ਨੂੰ ਹਿੰਦੂ ਕਹਾਉਣਾ ਨਹੀਂ ਚਾਹੁੰਦਾ। ਭਾਗਵਤ ਇਸ ਅਰਥ ਵਿਚ ਸਹੀ ਕਹਿ ਰਹੇ ਹਨ ਕਿ ਗਾਂਧੀ ਵਰਗੇ ਲੋਕਾਂ ਦੀ ਵਿਚਾਰਧਾਰਾ ਵਿਚ ਢਲੇ ਹਿੰਦੂ ਹੋਰ ਧਰਮਾਂ ਦਾ ਸਨਮਾਨ ਕਰਦੇ ਹਨ ਤੇ ਧਾਰਮਿਕ ਬਹੁਲਤਾਵਾਦ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰਦੇ ਹਨ। ਪਰ ਸੰਘ ਮਾਰਕਾ ਹਿੰਦੂਆਂ ਨੂੰ ਸ਼ਾਂਤੀ ਪਸੰਦ ਨਹੀਂ ਕਿਹਾ ਜਾ ਸਕਦਾ। ਸੰਘ ਪਰਿਵਾਰ ਦਾ ਏਜੰਡਾ ਫਿਰਕੂਵਾਦ 'ਤੇ ਆਧਾਰਿਤ ਹੈ। ਇਹ ਆਰਥਿਕ ਵਿਕਾਸ ਸਾਮਾਜਿਕ ਤੇ ਲਿੰਗਕ ਨਿਆਂ ਦੀ ਗੱਲ ਨਹੀਂ ਕਰਦਾ, ਇਸ ਦਾ ਜ਼ੋਰ ਵੰਡਣ ਵਾਲੇ ਮੁੱਦਿਆਂ 'ਤੇ ਰਹਿੰਦਾ ਹੈ-ਅਜਿਹੇ ਮੁੱਦਿਆਂ 'ਤੇ ਜੋ ਲੋਕਾਂ ਨੂੰ ਹਿੰਸਕ ਬਣਾਉਂਦੇ ਹਨ। ਕੋਈ ਇਹ ਨਹੀਂ ਕਹਿ ਸਕਦਾ ਕਿ ਗਊ ਰੱਖਿਆ, ਰਾਮ ਮੰਦਰ, ਲਵ ਜਿਹਾਦ, ਘਰ ਵਾਪਸੀ, ਵੰਦੇ ਮਾਤਰਮ ਆਦਿ ਵਰਗੇ ਮੁੱਦੇ ਸਾਂਝੀਵਾਲਤਾ ਨੂੰ ਉਤਸ਼ਾਹਿਤ ਕਰਦੇ ਹਨ ਜਾਂ ਮਨੁੱਖਤਾ ਦੇ ਹਿੱਤ ਵਿਚ ਹਨ। ਸੰਘ ਪਰਿਵਾਰ ਦੇ ਮੈਂਬਰ ਜੋ ਕੁਝ ਕਹਿੰਦੇ ਆਏ ਹਨ, ਉਹ ਭਾਰਤੀ ਸੰਵਿਧਾਨ ਦੇ ਸਿਧਾਂਤ ਦੇ ਵਿਰੁਧ ਹੈ। ਉਨ੍ਹਾਂ ਦਾ ਕਥਨ ਵੀ ਘੋਰ ਗ਼ੈਰ ਸੰਵਿਧਾਨਕ ਤੇ ਮਨੁੱਖਤਾ ਵਿਰੋਧੀ ਹੈ ਕਿ ਸਾਰੇ ਭਾਰਤੀਆਂ ਨੂੰ ਭਾਰਤ ਮਾਤਾ ਨੂੰ ਆਪਣੀ ਮਾਂ ਮੰਨਣਾ ਚਾਹੀਦਾ ਹੈ। ਸੰਵਿਧਾਨ ਕਹਿੰਦਾ ਹੈ ਕਿ ਇੰਡੀਆ ਰਾਜਾਂ ਦਾ ਸੰਘ ਹੋਵੇਗਾ। ਇਸ ਵਿਚ ਭਾਰਤ ਮਾਤਾ ਕਿੱਥੋਂ ਆ ਗਈ? ਇਸ ਲਈ ਕੋਈ ਭਾਰਤ ਦੀ ਮਾਤਾ ਜਯ ਕਿਉਂ ਕਹੇ? ਇਸ ਦੇ ਲਈ ਮਜ਼ਬੂਰ ਕੀਤਾ ਜਾਣਾ ਗ਼ੈਰ ਸੰਵਿਧਾਨਕ ਤੇ ਮਨੁੱਖਤਾ ਵਿਰੋਧੀ ਹੈ। ਇਹ ਕਹਿਣਾ ਹੈ ਕਿ ਮੁਸਲਮਾਨ ਵੀ ਹਿੰਦੂ ਹਨ ਤੇ ਸਿਖ ਵੀ, ਈਸਾਈ ਵੀ, ਇਹ ਇਕ ਖਤਰਨਾਕ ਬਿਆਨ ਹੈ। ਪਹਿਲਾਂ ਗ਼ੈਰ ਹਿੰਦੂਆਂ ਨੂੰ ਹਿੰਦੂ ਦੱਸਿਆ ਜਾਵੇਗਾ ਤੇ ਫਿਰ ਕਿਹਾ ਜਾਵੇਗਾ ਕਿ ਉਹ ਹਿੰਦੂ ਗਰੰਥਾਂ ਦਾ ਸਨਮਾਨ ਕਰੇ ਤੇ ਭਗਵਾਨ ਰਾਮ ਤੇ ਗਾਂ ਦੀ ਪੂਜਾ ਕਰਨ। ਇਹ ਇਕ ਮਾਰੂਥਲ ਵਾਲਾ ਰਾਹ ਹੈ ਜੋ ਦੇਸ਼ ਨੂੰ ਵੰਡ ਦੇਵੇਗਾ।

### ਮੋਦੀ ਦੇ ਰਾਜ ਵਿਚ ਫਿਰਕੂਵਾਦ

ਮੋਦੀ ਸਰਕਾਰ ਦੇ ਆਉਣ ਤੋਂ ਬਾਅਦ ਪਿਛਲੇ ਕੁਝ ਸਾਲਾਂ ਵਿਚ ਰਾਜਨੀਤਕ ਹਾਲਾਤ ਹੋਰ ਵਿਗੜੇ ਹਨ। ਭਾਰਤ ਦੀ ਅਗਵਾਈ

ਬਾਕੀ ਸ਼ਫ਼ਾ 28 'ਤੇ

ੴ ਸਤਿਗੁਰ ਪ੍ਰਸਾਦਿ॥

# SIKH GURDWARA OF LOS ANGELES LANKERSHIM

7640 Lankershim BLVD North Hollywood, CA 91605

ਧੰਨ ਧੰਨ ਮਾਤਾ ਗੁਜਰ ਕੌਰ ਜੀ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ
ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ
ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮੂਹ ਗੁਰਦੁਆਰਾ ਸਾਹਿਬ ਦੀ ਸਾਧ ਸੰਗਤ ਅਤੇ
ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਥਾ ਅਤੇ ਕੀਰਤਨ ਦਰਬਾਰ
ਮਿਤੀ 22 ਦਸੰਬਰ 2019, ਦਿਨ ਐਤਵਾਰ
ਨੂੰ ਬੜੀ ਸਰਧਾ ਨਾਲ ਮਨਾਇਆ ਜਾ ਰਿਹਾ ਹੈ।



Sant Anoop Singh Ji
UNA Sahib Wale



Bhai Jatinder Singh Ji
Jot

## KATHA KIRTAN DARBAR

18th to 21st December, 2019
Time 06:30 pm to 08:30 pm
On Sunday, 22nd December, 2019
Time 09:30 am to 01:30 pm



Bhai Harnoor Singh Ji
UNA Sahib Wale

**Programme Details as Follows:**

ON FRIDAY 20TH DECEMBER 2019
Aarambh Shri Akhand Path Sahib Ji 10:00 am
ON SUNDAY 22ND DECEMBER 2019
Bhog Shri Akhand Path Sahib Ji 09:00 am
(Sewa by All Sadh Sangat Ji)

Katha & Kirtan Performed By:-
Sant Anoop Singh Ji UNA Sahib Wale
Bhai Jatinder Singh Jot Hazoori Ragi
Bhai Harnoor Singh Ji UNA Sahib Wale

For More Information Contact:-
Mukhtiar S Kamboj 626-893-5959
Manjit Singh Pandher 818-398-9262
Baba Surjit Singh 818-423-8000
Gurdwara Sahib Ji 818-765-9399

Langar Sewa By: All Sadh Sangat Ji

www. lankershimgurdwara.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਗੁਰਦੁਆਰਾ ਸਾਹਿਬ ਫਰੀਮਾਂਟ
300 Gurdwara Road Fremont CA 94536



## ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਪ੍ਰਤੀ ਨਵੀਆਂ ਵੋਟਾਂ ਬਨਣੀਆਂ ਸ਼ੁਰੂ

## ਵੋਟਾਂ 26 ਜਨਵਰੀ, 2020 ਤੱਕ ਬਨਣਗੀਆਂ

**ਵੋਟਾਂ ਬਣਾਉਣ ਲਈ ਤਰੀਕਾਂ ਅਤੇ ਸਮੇਂ ਦਾ ਵੇਰਵਾ**

| ਐਤਵਾਰ ਵਾਲੇ ਦਿਨ | ਬੁੱਧਵਾਰ ਵਾਲੇ ਦਿਨ |
|---|---|
| 15 ਦਸੰਬਰ, 22 ਦਸੰਬਰ, 29 ਦਸੰਬਰ, 2019 | 11 ਦਸੰਬਰ, 18 ਦਸੰਬਰ, 25 ਦਸੰਬਰ, 2019 |
| 5 ਜਨਵਰੀ, 12 ਜਨਵਰੀ, 19 ਜਨਵਰੀ, 26 ਜਨਵਰੀ, 2020 | 1 ਜਨਵਰੀ, 8 ਜਨਵਰੀ, 15 ਜਨਵਰੀ, 22 ਜਨਵਰੀ, 2020 |
| (ਸਮਾਂ : ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ) | (ਸਮਾਂ : ਸ਼ਾਮ 6 ਵਜੇ ਤੋਂ 8 ਵਜੇ ਤੱਕ) |

### ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

ਗੁਰੂ ਰੂਪ ਪਿਆਰੀ ਸਾਥ ਸੰਗਤ ਜੀ ਆਪ ਜੀ ਨੂੰ ਪਤਾ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ 2020 ਵਿਚ ਹੋ ਰਹੀਆਂ ਹਨ ਅਤੇ ਚੋਣਾਂ ਵਿਚ ਉਹ ਮਾਈ ਭਾਈ ਹੀ ਹਿਸਾ ਲੈ ਸਕਦੇ ਹਨ ਜਿਨ੍ਹਾਂ ਨੇ ਗੁਰੂ ਘਰ ਦੀ ਮੈਂਬਰਸ਼ਿਪ ਰਜਿਸਟਰਡ ਕਰਵਾਈ ਹੋਵੇ। ਸਾਧ ਸੰਗਤ ਨੂੰ ਨਿਮਰਤਾ ਸਹਿਤ ਅਪੀਲ ਕੀਤੀ ਜਾਂਦੀ ਹੈ ਕਿ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਮੈਂਬਰ ਬਣੋ ਤਾਂ ਜੋ ਗੁਰੂ ਘਰ ਵਿਚ ਹੋਣ ਵਾਲੇ ਅਹਿਮ ਫ਼ੈਸਲਿਆਂ ਵਿਚ ਤੁਸੀਂ ਸ਼ਾਮਿਲ ਹੋ ਸਕੋ। ਇਸ ਕਰਕੇ ਉੱਪਰ ਦਿੱਤੀਆਂ ਤਰੀਕਾਂ ਅਤੇ ਸਮਾਂ ਅਨੁਸਾਰ ਪਹੁੰਚ ਕੇ ਆਪਣੀਆਂ ਵੋਟਾਂ ਬਣਵਾਓ।

### ਨਵੀਆਂ ਵੋਟਾਂ ਲਈ ਰਜਿਸਟ੍ਰੇਸ਼ਨ ਹੇਠ ਲਿਖੇ ਅਨੁਸਾਰ ਚੱਲੇਗੀ।

ਮੈਂਬਰਸ਼ਿਪ ਦੀ ਕੋਈ ਫੀਸ ਨਹੀਂ ਹੈ। ਮੈਂਬਰ ਬਨਣ ਲਈ ਹੇਠ ਲਿਖੀਆਂ ਸ਼ਰਤਾਂ ਜ਼ਰੂਰੀ ਹਨ ਅਤੇ ਆਪਣੀ ਰਿਹਾਇਸ਼ ਦਾ ਪਰੂਫ਼ ਅਤੇ ਆਈ.ਡੀ. ਨਾਲ ਲੈ ਕੇ ਆਵੋ ਜੀ। (ਆਪਣੀ ਰਿਹਾਇਸ਼ ਦਾ ਪਰੂਫ਼ ਕੇਵਲ ਉਨ੍ਹਾਂ ਵਿਅਕਤੀਆਂ ਲਈ ਲੈ ਕੇ ਆਉਣਾ ਜ਼ਰੂਰੀ ਹੈ ਜਿਨ੍ਹਾਂ ਦੀ ਆਈ.ਡੀ. ਉਪਰਲਾ ਐਡਰੈੱਸ ਮੌਜੂਦਾ ਐਡਰੈੱਸ ਤੋਂ ਅਲੱਗ ਹੈ। ਜੇਕਰ ਤੁਹਾਡੀ ਆਈ.ਡੀ. ਉਪਰਲਾ ਐਡਰੈੱਸ ਤੁਹਾਡੀ ਮੌਜੂਦਾ ਰਿਹਾਇਸ਼ ਵਾਲਾ ਹੈ ਤਾਂ ਤੁਹਾਨੂੰ ਆਪਣਾ ਪਰੂਫ਼ ਲਿਆਉਣ ਦੀ ਜ਼ਰੂਰਤ ਨਹੀਂ ਹੈ।)

**ਸ਼ਰਤਾਂ :** ਸਿੱਖ ਹੋਣਾ ਲਾਜਮੀ ਹੈ। ਉਮਰ 18 ਸਾਲ ਤੋਂ ਉੱਪਰ ਹੋਵੇ, ਮੈਂਬਰ ਵਿਅਕਤੀ ਐਲਾਮੀਡਾ, ਸੈਂਟਾ ਕਲਾਰਾ, ਸੈਂਟਾ ਕਰੂਜ਼, ਸੋਲਾਨੋ, ਸੈਣ ਮੈਟੀਓ, ਸੈਨ ਫਰਾਂਸਿਸਕੋ ਅਤੇ ਕੋਂਟਰਾ ਕੋਸਟਾ ਕਾਊਂਟੀਆਂ ਦਾ ਵਸਨੀਕ ਹੋਵੇ।

**ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰਦੁਆਰਾ ਸਾਹਿਬ ਫਰੀਮਾਂਟ (510) 790-0177**



# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Asiana Airlines
Daily Flight To New Delhi

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# ਸਰਬ ਥਿਆੜਾ ਯੂਬਾ ਸਿਟੀ ਡਿਸਟ੍ਰਿਕ 5 ਤੋਂ ਕਾਊਂਟੀ ਸੁਪਰਵਾਈਜ਼ਰ ਲਈ ਉਮੀਦਵਾਰ

## ਯੂਬਾ ਸਿਟੀ ਦੇ ਵਾਲਨਟ ਹਾਲ ਵਿਚ ਇਕ ਭਰਵੇਂ ਸਮਾਗਮ ਦੌਰਾਨ ਸਮੁੱਚੇ ਪੰਜਾਬੀ ਭਾਈਚਾਰੇ ਵਲੋਂ ਸ੍ਰੀ ਥਿਆੜਾ ਨੂੰ ਡਟਵੀਂ ਹਮਾਇਤ ਦਾ ਭਰੋਸਾ

**ਯੂਬਾ ਸਿਟੀ/ ਹੁਸਨ ਲੜੋਆ ਬੰਗਾ :** ਬਿਨਾਂ ਸ਼ੱਕ ਅਮਰੀਕਾ ਵਿਚ ਵੱਖ ਵੱਖ ਸੂਬਿਆਂ ਦੇ ਸ਼ਹਿਰਾਂ ਵਿਚ ਪੰਜਾਬੀ ਕਈ ਸਾਲਾਂ ਤੋਂ ਸਿਆਸੀ ਤੌਰ 'ਤੇ ਸਰਗਰਮ ਹਨ ਜਿਸ ਦੇ ਫਲਸਰੂਪ ਕਈ ਥਾਈਂ ਮੇਅਰ, ਕੌਂਸਲ ਮੈਂਬਰ ਅਤੇ ਸਥਾਨਕ ਸਰਕਾਰਾਂ ਵਿਚ ਜਿੱਤਾਂ ਵੀ ਪ੍ਰਾਪਤ ਹੋਈਆਂ ਹਨ। ਇਸੇ ਲੜੀ ਤਹਿਤ ਯੂਬਾ ਸਿਟੀ ਦੇ ਨਾਮਵਰ ਸ਼ਖਸੀਅਤ ਅਤੇ ਉੱਘੇ ਬਿਜਨਸਮੈਨ ਸਰਬ ਥਿਆੜਾ ਉਰਫ਼ ਸਰਬਜੀਤ ਥਿਆੜਾ ਕਾਊਂਟੀ ਸੁਪਰਵਾਈਜ਼ਰ ਦੀ ਉਮੀਦਵਾਰੀ ਲਈ ਮੈਦਾਨ ਵਿਚ ਆਏ ਹਨ ਜੋ ਡਿਸਟ੍ਰਿਕ 5 ਵਿਚ ਆਪਣੀ ਚੋਣ ਲੜਨਗੇ, ਇਸੇ ਸੰਦਰਭ ਵਿਚ ਯੂਬਾ ਸਿਟੀ ਦੇ ਵਾਲਨਟ ਹਾਲ ਵਿਚ ਇਕ ਭਰਵਾਂ ਸਮਾਗਮ ਹੋਇਆ ਜਿਸ ਵਿਚ ਯੂਬਾ ਸਿਟੀ ਦੀਆਂ ਨਾਮਵਰ ਸ਼ਖਸੀਅਤਾਂ ਜਿਨ੍ਹਾਂ ਵਿਚ ਪੰਜਾਬੀ ਅਤੇ ਅਮਰੀਕਨ ਸਾਰੇ ਮਤਭੇਦ ਭੁਲਾ ਕੇ ਇਕੱਠੇ ਹੋਏ। ਇਸ ਮੌਕੇ ਸਰਬਜੀਤ ਥਿਆੜਾ ਨੇ ਹਾਜ਼ਰ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਤਰਜ਼ੀਹ ਸਕਿਓਰਿਟੀ ਅਤੇ ਸੇਫ਼ਟੀ ਹੋਵੇਗੀ ਅਤੇ ਇਲਾਕੇ ਦੀਆਂ ਸੜਕਾਂ ਤੇ ਪੁਲ ਵੀ ਉਨ੍ਹਾਂ ਦੇ ਧਿਆਨ ਵਿਚ ਰਹਿਣਗੇ। ਉਨ੍ਹਾਂ ਕਿਹਾ ਕਿ ਭਾਈਚਾਰੇ ਦੀਆਂ ਲੋੜਾਂ ਲਈ ਵੀ ਉਨ੍ਹਾਂ ਦੀ ਪਹਿਲ ਹੋਵੇਗੀ। ਬਾਕੀ ਬੁਲਾਰਿਆਂ ਵਿਚੋਂ ਸਾਬਕਾ ਮੇਅਰ ਕੈਸ਼ ਗਿੱਲ, ਨਾਹਰ ਸਿੰਘ ਹੀਰ, ਗੈਰੀ ਸਿੰਘ, ਸੈਫ਼ ਕੇਰੀਅਰ ਨੇ ਸੰਬੋਧਨ ਕੀਤਾ। ਇਸ ਮੌਕੇ ਗੁਰਦੁਆਰਾ ਟਾਇਰਾ ਬਿਊਨਾ ਦੇ ਸਾਬਕਾ ਪ੍ਰਬੰਧਕ ਤੇਜਿੰਦਰ ਦੁਸਾਂਝ ਅਤੇ ਪ੍ਰਮਿੰਦਰ ਗਰੇਵਾਲ, ਕਰਮ ਬੈਂਸ ਨੇ ਵੀ ਸਰਬਜੀਤ ਥਿਆੜਾ ਨੂੰ ਤਨਦੇਹੀ ਨਾਲ ਮਦਦ ਕਰਨ ਦਾ ਵਿਸ਼ਵਾਸ ਦਿੱਤਾ।

























# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing



**1415 W Anderson Stockton**

a). 4.5 Acre Lot, include 15000 Square foot warehouse with 10 loading dock, 2000 square foot office.
b). Two bay truck repair shop.

**$4,900,000**



**1943 E Fremont St,**

1924 E park St and 1850 E Oak St Stockton CA 95205, Total 8 APN number, one lot, 7.56 acres paved truck parking.

**$3,000,000**

**1801 E Dr martin luther king jr Blvd, Stockton, CA 95205 APN 155-140-15.
Almost 10 acres paved truck parking with approximately $32000 monthly income.** **$4,399,000**



Ranjit S Mangat
(Lic: 01922089)

## ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700, gbsingh84@gmail.com**

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.

Anthem BlueCross
2014 ACE INDIVIDUAL
CHAMPION LEVEL
KHALSA INSURANCE AGENCY

COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

# ਜਾਮੀਆ 'ਚ ਜੋ ਵਾਪਰਿਆ ਉਹ ਹਿਟਲਰ ਦੀ ਸਟੇਟ ਦਾ ਨਵਾਂ ਚਿਹਰਾ ਹੈ

- ਪੁਲੀਸ ਤੇ ਸਟੇਟ ਦਾ ਚਿਹਰਾ ਵਹਿਸ਼ੀ ਬਣਦਾ ਜਾ ਰਿਹਾ ਏ
- ਸ਼ਾਹੀਨ ਅਬਦੁਲਾ ਨੂੰ ਪੁਲੀਸ ਦਹਿਸ਼ਤਗਰਦੀ ਤੋਂ ਬਚਾਉਣ ਲਈ ਆਇਸ਼ਾ ਤੇ ਫਰਜ਼ਾਨਾ ਸੀਨਾ ਤਾਣ ਕੇ ਖੜੀਆਂ ਹੋ ਗਈਆਂ
- ਜਾਮੀਆ ਦੀਆਂ ਵਿਦਿਆਰਥਣਾਂ ਨੇ ਇਤਿਹਾਸ ਸਿਰਜਿਆ




ਇਹ ਤੁਸੀਂ ਹੋ ਜੋ ਭਾਰਤ ਦੇ ਨੌਜਵਾਨਾਂ ਤੋਂ ਦੂਰ ਹੋ। ਇਨ੍ਹਾਂ ਨੂੰ ਸਮਝ ਸਕਣ ਤੋਂ ਅਸਮਰੱਥ ਹੋ। ਤੁਸੀਂ ਸ਼ੁਰੂ ਤੋਂ ਦੇਖਿਆ ਹੈ ਕਿਵੇਂ ਹੱਥ ਉਠਾ ਕੇ ਅਪਰਾਧੀਆਂ ਦੀ ਤਰ੍ਹਾਂ ਜਾਮੀਆ ਵਿਦਿਆਰਥੀਆਂ ਨੂੰ ਕੱਢਿਆ ਗਿਆ। ਉਸ ਜਾਮੀਆ ਦੀਆਂ ਤਸਵੀਰਾਂ ਹੋਰ ਹਨ, ਸ਼ਾਹੀਨ ਅਬਦੁਲਾ ਨੂੰ ਬਚਾਉਣ ਲਈ ਆਇਸ਼ਾ ਤੇ ਫਰਜ਼ਾਨਾ ਸੀਨਾ ਤਾਣ ਕੇ ਖੜੀਆਂ ਹੋ ਜਾਂਦੀਆਂ ਹਨ। ਲੜਕਿਆਂ ਨੂੰ ਲੜਕੀਆਂ ਬਚਾ ਰਹੀਆਂ ਹਨ। ਜਾਮੀਆ ਦੇ ਹੀ ਗਾਲਬ ਸਟੇਚੂ ਦੇ ਕੋਲ ਉਚਾਈ 'ਤੇ ਵੀ ਆਈਸ਼ਾ ਤੇ ਫਰਜ਼ਾਨਾ ਖੜੀ ਹੈ। ਉਨ੍ਹਾਂ ਦੇ ਨਾਲ ਇਕ ਲੜਕੀ ਚੰਦਨਾ ਖੜੀ ਹੈ। ਇਹ ਉਹ ਤਸਵੀਰ ਹੈ ਜੋ ਦੇਸ ਦੀ ਹਰ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਵਿਚ ਲੱਗਣੀ ਚਾਹੀਦੀ ਹੈ। ਭਾਰਤ ਇਨ੍ਹਾਂ ਦੇ ਸੁਪਨਿਆਂ ਤੇ ਜਜ਼ਬਿਆਂ ਦੀ ਤਰ੍ਹਾਂ ਖ਼ੂਬਸੂਰਤ ਹੋ ਜਾਵੇਗਾ। ਜੇਕਰ ਤੁਸੀਂ ਦਸਤਕ ਦਿੰਦੇ ਹੋਏ ਜਦ ਭਾਰਤ ਨੂੰ ਸਮਝਣਾ ਚਾਹੁੰਦੇ ਹੋ ਤਾਂ ਜਾਮੀਆ ਤੋਂ ਆਈ ਦੋ ਤਸਵੀਰਾਂ ਨੂੰ ਵਾਰ-ਵਾਰ ਸਮਝੋ, ਦੇਖੋ, ਫਾਰਵਰਡ ਕਰੋ। ਤੁਸੀਂ ਚੰਗਾ ਮਹਿਸੂਸ ਕਰੋਗੇ।

**ਰਵੀਸ਼ ਕੁਮਾਰ**



ਜਦ ਵੀ ਇਹ ਦ੍ਰਿਸ਼ ਅੱਖਾਂ ਦੇ ਸਾਹਮਣੇ ਆਉਂਦਾ ਹੈ ਤਾਂ ਮੇਰੇ ਦਿਮਾਗ ਵਿਚ ਇਤਿਹਾਸ ਸਾਹਮਣੇ ਆਉਣ ਲੱਗਦਾ ਹੈ। ਜਦ ਵੀ ਇਹ ਦ੍ਰਿਸ਼ ਧੁੰਦਲਾ ਹੁੰਦਾ ਹੈ ਤਾਂ ਅਤੀਤ ਦਾ ਇਤਿਹਾਸ ਸਾਫ ਹੋ ਜਾਂਦਾ ਸੀ। ਸਾਹਮਣੇ ਬਣ ਰਿਹਾ ਇਤਿਹਾਸ ਸਾਫ ਦਿਖਣ ਲਗਦਾ ਹੈ। ਜੇਕਰ ਤੁਸੀਂ ਵਟਸਐਪ ਯੂਨੀਵਰਸਿਟੀ ਤੋਂ ਇਤਿਹਾਸ ਦੀ ਪੜ੍ਹਾਈ ਨਹੀਂ ਕੀਤੀ ਤਾਂ ਮੇਰੀਆਂ ਗੱਲਾਂ ਸੌਖੇ ਢੰਗ ਨਾਲ ਸਮਝ ਜਾਓਗੇ। ਆਸ ਹੈ ਕਿ ਹੱਥ ਉਪਰ ਕਰਕੇ ਲਿਆਂਦੇ ਗਏ ਵਿਦਿਆਰਥੀ ਖ਼ੁਦ ਨੂੰ ਅਪਮਾਨ ਦੇ ਜਾਲ ਵਿਚ ਫਸਣ ਨਹੀਂ ਦੇਣਗੇ ਤੇ ਸਮਝ ਸਕਣਗੇ ਕਿ ਇਹ ਭਾਰਤੀ ਸਟੇਟ ਦਾ ਨਵਾਂ ਹਿਟਲਰੀ ਚਿਹਰਾ ਹੈ ਤੇ ਇਸ ਚਿਹਰੇ ਤੋਂ ਨਕਾਬ ਹਟਣਾ ਸ਼ੁਰੂ ਹੋਇਆ ਹੈ। ਦਿੱਲੀ ਪੁਲੀਸ ਨੇ ਆਪਣੇ ਇਤਿਹਾਸ ਵਿਚ ਹਜ਼ਾਰਾਂ ਪ੍ਰਦਰਸ਼ਨਾਂ ਨੂੰ ਸੰਭਾਲਿਆ ਹੋਵੇਗਾ। ਹਜ਼ਾਰਾਂ ਪ੍ਰਦਰਸ਼ਨਾਂ ਵਿਚ ਸ਼ਾਮਲ ਲੋਕਾਂ ਨੇ ਦਿੱਲੀ ਪੁਲੀਸ ਨੂੰ ਵੀ ਦੇਖਿਆ ਹੋਵੇਗਾ। ਨਿਰਭੈ ਬਲਾਤਕਾਰ ਕਾਂਡ ਦੇ ਸਮੇਂ ਹਜ਼ਾਰਾਂ ਲੋਕ ਸਰਕਾਰ ਦੇ ਠੀਕ ਸਾਹਮਣੇ ਰਾਏਸੀਨਾ ਹਿੱਲਜ਼ 'ਤੇ ਆ ਗਏ ਸਨ। ਨਾਅਰੇ ਦਿੱਲੀ ਪੁਲੀਸ ਦੇ ਖਿਲਾਫ਼ ਹੀ ਲਗ ਰਹੇ ਸਨ। ਪਰ ਇਕ ਭਰੋਸਾ ਸੀ ਕਿ ਪੁਲੀਸ ਗੋਲੀ ਨਹੀਂ ਚਲਾਏਗੀ।

ਜਾਮੀਆ ਦੇ ਵਿਦਿਆਰਥੀਆਂ ਨੂੰ ਹੱਥ ਉਠਾਉਂਦੇ ਹੋਏ ਬਾਹਰ ਆਉਂਦੇ ਦੇਖ ਕੇ ਹੁਣ ਇਹ ਭਰੋਸਾ ਟੁੱਟ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਦੇ ਨਾਲ ਇਕ ਅਜਿਹੀ ਪੁਲੀਸ ਵੀ ਬਾਹਰ ਆ ਰਹੀ ਸੀ ਜੋ ਹੁਣ ਬਦਲ ਚੁੱਕੀ ਹੈ, ਜਿਸ ਦੇ ਕੋਲ ਬੰਦੂਕ ਹੈ, ਪਾਣੀ ਦੀਆਂ ਬੁਛਾੜਾਂ ਨਹੀਂ ਹਨ। ਬਾਹਰੀ ਲੋਕਾਂ ਦੀ ਭਾਲ ਵਿਚ ਜਾਮੀਆ ਦੇ ਅੰਦਰ ਗਈ ਸੀ, ਬਾਹਰ ਆਈ ਤਾਂ ਵਿਦਿਆਰਥੀਆਂ ਨੂੰ ਲੈ ਕੇ ਆ ਰਹੀ ਸੀ। ਏਨੀ ਕੁ ਗੱਲ ਤੁਸੀਂ ਨਹੀਂ ਸਮਝ ਸਕਦੇ ਤਾਂ ਏਨੀ ਹੀ ਗੱਲ ਸਮਝ ਲਵੋ। ਤੁਸੀਂ ਆਵਾਜ਼ ਕਰਕੇ ਬੰਦੂਕਾਂ ਦੇ ਪਹਿਰੇ ਲਗਾ ਦਿੱਤੇ ਹਨ। ਦਿੱਲੀ ਪੁਲੀਸ ਸਾਡੀ ਨਹੀਂ। ਉਨ੍ਹਾਂ ਦੀ ਪੁਲੀਸ ਹੋ ਗਈ ਹੈ। ਉਨ੍ਹਾਂ ਦਾ ਮਤਲਬ ਸਰਕਾਰ ਨਹੀਂ ਸਟੇਟ ਹੈ। ਪ੍ਰਧਾਨ ਮੰਤਰੀ ਨੇ ਬੰਗਾਲ ਦੀ ਹਿੰਸਾ ਵਿਚ ਸ਼ਾਮਲ ਲੋਕਾਂ ਨੂੰ ਉਨ੍ਹਾਂ ਦੇ ਕੱਪੜੇ ਪਛਾਨਣ ਦੀ ਗੱਲ ਕੀਤੀ ਸੀ। ਪ੍ਰਧਾਨ ਮੰਤਰੀ ਦੀ ਇਹ ਭਾਸ਼ਾ ਸ਼ੋਸ਼ਲ ਮੀਡੀਆ ਦੀ ਭਾਸ਼ਾ ਅਤੇ ਟੋਨ ਤੋਂ ਅਲੱਗ ਨਹੀਂ ਸੀ। ਜ਼ਾਹਿਰ ਹੈ ਇਹ ਸਟੇਟ ਦੀ ਵੀ ਭਾਸ਼ਾ ਹੋਵੇਗੀ। ਤਦ ਰਾਜ ਸਭਾ ਸਾਂਸਦ ਰਾਕੇਸ਼ ਸਿਨਹਾ ਨੇ ਟਵੀਟ ਕੀਤਾ ਤੇ ਜਾਮੀਆ ਮਿਲਿਆ ਦੇ ਪ੍ਰਦਰਸ਼ਨ ਦੀ ਤੁਲਨਾ ਮੁਸਲਮ ਲੀਗ ਦੇ ਡਾਇਰੈਕਟ ਐਕਸ਼ਨ ਨਾਲ ਕੀਤੀ। ਉਸ ਜਾਮੀਆ ਦੀ ਪਛਾਣ ਡਾਇਰੈਕਟ ਐਕਸ਼ਨ ਨਾਲ ਕੀਤੀ, ਜਿਸ ਦੀ ਬੁਨਿਆਦ ਗਾਂਧੀ ਨੇ ਰੱਖੀ ਸੀ। 1946 ਵਿਚ ਮੁਸਲਮ ਲੀਗ ਦੇ ਡਾਇਰੈਕਟ ਐਕਸ਼ਨ ਦਾ ਐਲਾਨ ਕੀਤਾ ਸੀ, ਜਿਸ ਦੇ ਬਾਅਦ ਕਲਕੱਤਾ ਵਿਚ ਹੋਏ ਭਿਅੰਕਰ ਦੰਗਿਆਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਮਾਰੇ ਗਏ ਸਨ।

ਗਾਂਧੀ ਨੇ ਉੱਥੇ ਦੰਗੇ ਕਰਨ ਵਾਲਿਆਂ ਦੇ ਕੱਪੜੇ ਨਹੀਂ ਦੇਖੇ ਸਨ, ਬਲਕਿ ਕਲਕੱਤਾ ਗਏ ਸਨ। ਦੰਗਿਆਂ ਦੇ ਵਿਚਾਲੇ ਖੜੇ ਹੋ ਗਏ ਸਨ ਤੇ ਸ਼ਾਂਤ ਕਰ ਦਿੱਤਾ ਸੀ, ਹਿੰਸਕ ਵਾਤਾਵਰਨ। ਗਾਂਧੀ ਦੇ ਤਨ 'ਤੇ ਕੱਪੜੇ ਘੱਟ ਸਨ, ਇਸ ਲਈ ਉਹ ਕੱਪੜੇ ਨਹੀਂ ਦੇਖ ਸਕੇ। ਉਨ੍ਹਾਂ ਨੇ ਤਨ ਦੇ ਪਿੱਛੇ ਮਨ ਨੂੰ ਦੇਖਿਆ ਤੇ ਉਨ੍ਹਾਂ ਦੀ ਖ਼ੂਬਸੂਰਤੀ ਨੂੰ ਭਾਲਿਆ।

ਰਾਕੇਸ਼ ਸਿਨਹਾ ਦਾ ਟਵੀਟ ਕਹਿੰਦਾ ਹੈ ਕਿ ਇਹ 1946 ਨਹੀਂ ਹੈ, 2019 ਹੈ। ਸਿਨਹਾ ਵਟਸਐਪ ਯੂਨੀਵਰਸਿਟੀ ਦੇ ਅਸਲੀ ਚਾਂਸਲਰ ਲੱਗਦੇ ਹਨ, ਜੋ ਜਾਮੀਆ ਦੀ ਹਿੰਸਾ 'ਤੇ ਗੁੱਸਾ ਜ਼ਾਹਿਰ ਕਰਨ ਦੇ ਨਾਮ 'ਤੇ ਇਤਿਹਾਸ ਦੀ ਸਮਝ ਬਦਲ ਦਿੰਦੇ ਹਨ। ਇਕ ਰਾਸ਼ਟਰੀ ਦੀ ਯੂਨੀਵਰਸਿਟੀ ਨੂੰ ਮੁਸਲਮ ਲੀਗ ਨਾਲ ਜੋੜ ਦਿੰਦੇ ਹਨ। ਉਹ ਭੁੱਲ ਜਾਂਦੇ ਹਨ ਕਿ ਜਾਮੀਆ ਵਿਚ ਤਕਰੀਬਨ 50 ਫੀਸਦੀ ਵਿਦਿਆਰਥੀ ਗ਼ੈਰ ਮੁਸਲਮਾਨ ਹਨ। ਜੇਕਰ 100 ਫੀਸਦੀ ਮੁਸਲਮਾਨ ਵਿਦਿਆਰਥੀ ਹੁੰਦੇ ਤਾਂ ਕੀ ਉਨ੍ਹਾਂ ਨੂੰ ਮੁਸਲਮ ਲੀਗ ਨਾਲ ਜੋੜਿਆ ਜਾ ਸਕਦਾ ਹੈ? ਕੀ ਪ੍ਰਧਾਨ ਮੰਤਰੀ ਮੋਦੀ ਤੇ ਰਾਕੇਸ਼ ਸਿਨਹਾ ਦੋਨੋਂ ਕੱਪੜੇ ਤੇ ਰੰਗ ਦੇ ਪ੍ਰਦਰਸ਼ਨ ਵਿਚ ਸ਼ਾਮਲ ਲੋਕਾਂ ਦੀ ਪਛਾਣ ਨਹੀਂ ਕਰ ਰਹੇ ਹਨ?

ਅਸੀਂ ਨੌਜਵਾਨਾਂ ਨੂੰ ਜਿਸ ਤਰ੍ਹਾਂ ਦੇਖਦੇ ਹਾਂ, ਉਸ ਵਿਚ ਕਾਫੀ ਸਮੱਸਿਆ ਹੈ। ਸਾਨੂੰ ਲੱਗਦਾ ਹੈ ਕਿ ਭਾਰਤ ਦਾ ਨੌਜਵਾਨ ਸਮਾਰਟ ਫੋਨ ਦੀ ਦੁਨੀਆ ਵਿਚ ਗਲ ਸੜ ਗਿਆ ਹੈ। ਆਪਣੇ ਕੰਨ ਵਿਚ ਈਅਰ ਪੀਸ ਲਗਾ ਕੇ ਪਸੰਦ ਦੇ ਗਾਣੇ ਵਿਚ ਗੁਆਚ ਗਿਆ ਹੈ। ਅਜੇ ਕੁਝ ਦਿਨਾਂ ਦੀ ਗੱਲ ਹੈ, ਗੁਜਰਾਤ ਦੀ ਰਾਜਧਾਨੀ ਗਾਂਧੀਨਗਰ ਵਿਚ ਨਾਨ ਸੀਕਰੇਟ ਦੀ ਪ੍ਰੀਖਿਆ ਵਿਚ ਘਪਲੇ ਦੇ ਖਿਲਾਫ਼ ਸੈਂਕੜੇ ਵਿਦਿਆਰਥੀ ਜਮਾ ਹੋ ਗਏ। ਰਾਤ ਦੇ ਵਕਤ ਉਨ੍ਹਾਂ ਨੇ ਆਪਣੇ ਸਮਾਰਟ ਫੋਨ ਦੀ ਸਕਰੀਨ ਲਾਈਟ ਨੂੰ ਮਿਸ਼ਾਲ ਬਣਾ ਲਿਆ ਸੀ। ਗੁਜਰਾਤ ਸਰਕਾਰ ਨੂੰ ਲੱਗਿਆ ਕਿ ਕੁਝ ਦਿਨਾਂ ਵਿਚ ਸ਼ਾਂਤ ਹੋ ਜਾਣਗੇ, ਪਰ ਨੌਜਵਾਨ ਡਟੇ ਰਹੇ। ਅੰਤ ਵਿਚ ਪ੍ਰੀਖਿਆ ਰੱਦ ਕਰਨੀ ਪਈ।

11 ਲੱਖ ਨੌਜਵਾਨਾਂ ਨੇ ਇਸ ਪ੍ਰੀਖਿਆ ਵਿਚ ਫਾਰਮ ਭਰਿਆ ਸੀ। ਯੂਪੀ ਵਿਚ 69 ਹਜ਼ਾਰ ਵਿਦਿਆਰਥੀਆਂ ਦੀ ਭਰਤੀ ਦੀ ਪ੍ਰੀਖਿਆ ਹਰ ਦਿਨ ਟਵਿੱਟਰ 'ਤੇ ਟਰੈਂਡ ਹੁੰਦਾ ਰਹਿੰਦਾ ਹੈ। ਮੀਡੀਆ ਇਗਨੌਰ ਕਰ ਦਿੰਦਾ ਹੈ। ਕਿਸੇ ਨੂੰ ਪ੍ਰਵਾਹ ਨਹੀਂ ਕਿ ਚੋਣ ਦੇ ਸਮੇਂ ਰੇਲਵੇ ਦੀ ਜੋ ਪ੍ਰੀਖਿਆ ਦੇ ਨਤੀਜੇ ਆਏ ਸਨ, ਉਸ ਵਿਚ ਅਜੇ ਤੱਕ ਸਾਰਿਆਂ ਨੂੰ ਨਿਯੁਕਤੀ ਪੱਤਰ ਨਹੀਂ ਮਿਲਿਆ। ਤੁਸੀਂ ਨਹੀਂ ਦੇਖਿਆ ਕਿ ਦਿੱਲੀ ਵਿਚ ਮੰਡੀ ਹਾਊਸ ਦੇ ਰੇਲਵੇ ਦੀ ਪ੍ਰੀਖਿਆ ਵਿਚ ਜੁੜੇ ਅੰਗਹੀਣ ਕਈ ਦਿਨਾਂ ਤੱਕ ਪ੍ਰਦਰਸ਼ਨ ਕਰਦੇ ਰਹੇ। ਆਪਣੀ ਲੜਾਈ ਲੜਦੇ ਰਹੇ। ਦੇਹਰਾਦੂਨ ਵਿਚ 45 ਦਿਨਾਂ ਦੌਰਾਨ ਆਯੂਰਵੈਦਿਕ ਕਾਲਜਾਂ ਦੇ ਵਿਦਿਆਰਤੀ ਫੀਸ ਵਾਧੇ ਖਿਲਾਫ਼ ਸੰਘਰਸ਼ ਕਰਦੇ ਰਹੇ। ਜਦ ਵਿਦਿਆਰਥੀ ਯੂਨੀਵਰਸਿਟੀ ਵਿਚ ਪ੍ਰਦਰਸ਼ਨ ਕਰਦੇ ਹਨ ਤਾਂ ਲੈਕਚਰ ਦਿੱਤਾ ਜਾਂਦਾ ਹੈ ਕਿ ਪੜ੍ਹਨ ਆਏ ਹਨ, ਪੜ੍ਹਾਈ ਕਰਨ। ਜਦ ਯੂਨੀਵਰਸਿਟੀ ਦੇ ਵਿਦਿਆਰਥੀ ਕਲਾਸ ਵਿਚ ਅਧਿਆਪਕਾਂ ਦੀ ਘਾਟ ਨੂੰ ਲੈ ਕੇ ਪ੍ਰਦਰਸ਼ਨ ਕਰਦੇ ਹਨ ਤਾਂ ਲੈਕਚਰ ਦਿੱਤਾ ਜਾਂਦਾ ਹੈ ਕਿ ਪੜ੍ਹਾਈ ਨਹੀਂ ਕਰ ਰਹੇ। ਜਦ ਪੜ੍ਹਾਉਣ ਵਾਲੇ ਨਹੀਂ ਹੋਣਗੇ ਤਾਂ ਪੜ੍ਹਾਈ ਕਿਵੇਂ ਹੋਵੇਗੀ? ਇਸ ਸੁਆਲ ਨੂੰ ਲੈਕਚਰ ਦੇਣ ਵਾਲੇ ਗੋਲ ਕਰ ਜਾਂਦੇ ਹਨ।

ਜਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਫੀਸ ਵਾਧੇ ਨੂੰ ਲੈ ਕੇ ਵਿਦਿਆਰਥੀ ਸੜਕਾਂ 'ਤੇ ਆ ਜਾਂਦੇ ਹਨ ਤਾਂ ਮਜ਼ਾਕ ਉਡਾਇਆ ਜਾਂਦਾ ਹੈ। ਅਰਬਨ ਨਕਸਲ ਕਿਹਾ ਜਾਂਦਾ ਹੈ। ਤਦ ਪੜ੍ਹਾਈ ਦੀ ਗੱਲ ਕਰਨ ਵਾਲੇ ਇਹ ਨਹੀਂ ਕਹਿੰਦੇ, ਸੋਚਦੇ ਕਿ ਜੇਕਰ ਪੜ੍ਹਾਈ ਮਹਿੰਗੀ ਹੋਵੇਗੀ ਤਾਂ ਸਾਧਾਰਨ ਪਰਿਵਾਰਾਂ ਦੇ ਵਿਦਿਆਰਥੀ ਕਿਥੋਂ ਪੜ੍ਹਨਗੇ? ਉਸੇ ਜੇਐਨਯੂ ਦੇ ਕੋਲ ਇੰਡੀਅਨ ਇੰਸਟੀਚਿਊਟ ਆਫ ਮਾਸ ਕਮਿਊਨੀਕੇਸ਼ਨ ਦੇ ਵਿਦਿਆਰਥੀ 16 ਦਿਨ ਤੋਂ ਫੀਸ ਵਾਧੇ ਖਿਲਾਫ਼ ਧਰਨੇ 'ਤੇ ਬੈਠਦੇ ਹਨ ਤਾਂ ਕੋਈ ਚਿੰਤਾ ਨਹੀਂ ਕਰਦਾ।

ਦਰਅਸਲ ਯੂਨੀਵਰਸਿਟੀ ਨੂੰ ਲੈ ਕੇ ਲੈਕਚਰ ਦੇਣ ਵਾਲਿਆਂ ਦਾ ਇਕ ਹੀ ਪੈਟਰਨ ਹੈ, ਉਹ ਸਰਕਾਰੀ ਯੂਨੀਵਰਸਿਟੀ ਵਿਚ ਪੜ੍ਹਨ ਵਾਲੇ ਕਸਬਿਆਂ ਤੇ ਪਿੰਡਾਂ ਦੇ ਮਾਧ ਵਰਗ ਤੇ ਗਰੀਬ ਵਰਗ ਦੇ ਲੜਕੇ-ਲੜਕੀਆਂ ਨਾਲ ਨਫ਼ਰਤ ਕਰਦੇ ਹਨ। ਬਹੁਤ ਸਾਰੇ ਲੋਕ ਤਰਕ ਦਿੰਦੇ ਹਨ ਕਿ ਸਾਡੇ ਟੈਕਸ ਦੇ ਪੈਸਿਆਂ ਨਾਲ ਇਹ ਚਾਲੀ ਸਾਲ ਤੱਕ ਰਿਸਰਚ ਕਰਦੇ ਹਨ। ਸਾਡੇ ਟੈਕਸ ਦੇ ਪੈਸਿਆਂ ਨਾਲ ਇਹ ਮੁਫ਼ਤ ਵਿਚ ਪੜ੍ਹਾਈ ਦੇ ਨਾਮ ਤੇ ਪ੍ਰਦਰਸ਼ਨ ਕਰਦੇ ਹਨ। ਰਿਸਰਚ ਦਾ ਉਮਰ ਨਾਲ ਕੀ ਲੈਣਾ ਦੇਣਾ?

ਇਸ ਲਈ ਜਾਮੀਆ ਮਿਲਿਆ ਜਾਂ ਇਸ ਦੇ ਬਹਾਨੇ ਕਿਸੇ ਨੂੰ ਇਸ ਟਰੈਪ ਵਿਚ ਨਹੀਂ ਪੜ੍ਹਨਾ ਚਾਹੀਦਾ ਕਿ ਚਿੰਤਾ ਯੂਨੀਵਰਸਿਟੀ ਵਿਚ ਪੜ੍ਹਾਈ ਨੂੰ ਲੈ ਕੇ ਹੈ। ਉਨ੍ਹਾਂ ਦੀ ਪਰੇਸ਼ਾਨੀ ਬਸ ਇਹੀ ਹੈ ਕਿ ਵਾਰ ਵਾਰ ਯੂਨੀਵਰਸਿਟੀ ਨਾਲ ਸਰਕਾਰ ਦੇ ਖਿਲਾਫ਼ ਆਵਾਜ਼ ਕਿਉਂ ਉਠਦੀ ਹੈ? ਵਿਰੋਧੀ ਦਲ ਖਤਮ ਹੋ ਗਏ ਪਰ ਯੂਨੀਵਰਸਿਟੀ ਵਿਚ ਅਸਹਿਮਤੀ ਅਤੇ ਵਿਰੋਧੀਆਂ ਦੀ ਆਵਾਜ਼ ਮਜ਼ਬੂਤ ਹੁੰਦੀ ਚਲੀ ਜਾ ਰਹੀ ਹੈ। ਇਹ ਆਵਾਜ਼ ਸਰਕਾਰ ਲਈ ਮੁਸ਼ਕਲਾਂ ਖੜੀਆਂ ਕਰਦੀ ਹੈ।

ਮੈਂ ਦੋ ਸਾਲ ਤੋਂ ਦੇਸ਼ ਦੀਆਂ ਕਈ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਦੇ ਸੰਪਰਕ ਵਿਚ ਹਾਂ। ਮੈਂ ਮੰਨਦਾ ਹਾਂ ਕਿ ਵਿਦਿਆਰਥੀਆਂ ਦਾ ਵੱਡਾ ਹਿੱਸਾ ਫਿਰਕੂ ਬਣ ਚੁੱਕਾ ਹੈ। ਪਰ ਉਨ੍ਹਾਂ ਵਿਚ ਹੁਣ ਵੀ ਲੋਕਤੰਤਰ ਦੇ ਛੋਟੇ ਛੋਟੇ ਖ਼ੁਆਬ ਬਚੇ ਹੋਏ ਹਨ। ਉਨ੍ਹਾਂ ਬਚੇ ਹੋਏ ਖ਼ੁਆਬ ਦੇ ਸਹਾਰੇ ਉਹ ਫੀਸ ਦੇ ਖਿਲਾਫ਼ ਤੇ ਆਪਣੀ ਪ੍ਰੀਖਿਆ ਦੇ ਰਿਜਲਟ ਨਹੀ ਸੜਕਾਂ 'ਤੇ ਆ ਜਾਂਦੇ ਹਨ। ਇਕ ਦਿਨ ਉਹ ਫਿਰਕੂ ਸੋਚ ਤੋਂ ਬਾਹਰ ਆਉਣਗੇ।

ਮੈਨੂੰ ਅਜਿਹੇ ਲੋਕ ਨੌਜਵਾਨਾਂ ਦੇ ਪੱਤਰ ਆਉਂਦੇ ਹਨ ਜੋ ਲਿਖਦੇ ਹਨ ਕਿ ਵਟਸਐਪ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਫਿਰਕੂ ਬਣਾ ਦਿੱਤਾ ਹੈ। ਉਹ ਅਫਸੋਸ ਜ਼ਾਹਿਰ ਕਰਦੇ ਹਨ। ਉਹ ਦੇਖ ਰਹੇ ਹਨ ਕਿ ਭਾਰਤ ਦਾ ਭਵਿੱਖ ਫਿਰਕੂ ਹੋਣ ਵਿਚ ਨਹੀਂ, ਉਹ 1947 ਦੀ ਵੰਡ ਨੂੰ ਨਹੀਂ ਜਾਣਦੇ, ਪਰ 2019 ਦੇ ਫਿਰਕੂਵਾਦ ਦਾ ਭਿਆਨਕ ਦ੍ਰਿਸ਼ ਦੇਖ ਰਹੇ ਹਨ।

ਇਹ ਤੁਸੀਂ ਹੋ ਜੋ ਭਾਰਤ ਦੇ ਨੌਜਵਾਨਾਂ ਤੋਂ ਦੂਰ ਹੋ। ਇਨ੍ਹਾਂ ਨੂੰ ਸਮਝ ਸਕਣ ਤੋਂ ਅਸਮਰੱਥ ਹੋ। ਤੁਸੀਂ ਸ਼ੁਰੂ ਤੋਂ ਦੇਖਿਆ ਹੈ ਕਿਵੇਂ ਹੱਥ ਉਠਾ ਕੇ ਅਪਰਾਧੀਆਂ ਦੀ ਤਰ੍ਹਾਂ ਜਾਮੀਆ ਵਿਦਿਆਰਥੀਆਂ ਨੂੰ ਕੱਢਿਆ ਗਿਆ। ਉਸ ਜਾਮੀਆ ਦੀਆਂ ਤਸਵੀਰਾਂ ਹੋਰ ਹਨ, ਸ਼ਾਹੀਨ ਅਬਦੁਲਾ ਨੂੰ ਬਚਾਉਣ ਲਈ ਆਇਸ਼ਾ ਤੇ ਫਰਜ਼ਾਨਾ ਸੀਨਾ ਤਾਣ ਕੇ ਖੜੀਆਂ ਹੋ ਜਾਂਦੀਆਂ ਹਨ। ਲੜਕਿਆਂ ਨੂੰ ਲੜਕੀਆਂ ਬਚਾ ਰਹੀਆਂ ਹਨ। ਜਾਮੀਆ ਦੇ ਹੀ ਗਾਲਬ ਸਟੇਚੂ ਦੇ ਕੋਲ ਉਚਾਈ 'ਤੇ ਵੀ ਆਈਸ਼ਾ ਤੇ ਫਰਜ਼ਾਨਾ ਖੜੀ ਹੈ। ਉਨ੍ਹਾਂ ਦੇ ਨਾਲ ਇਕ ਲੜਕੀ ਚੰਦਨਾ ਖੜੀ ਹੈ। ਇਹ ਉਹ ਤਸਵੀਰ ਹੈ ਜੋ ਦੇਸ ਦੀ ਹਰ ਯੂਨੀਵਰਸਿਟੀ ਦੇ ਗਰਲਜ਼ ਹੋਸਟਲ ਵਿਚ ਲੱਗਣੀ ਚਾਹੀਦੀ ਹੈ। ਭਾਰਤ ਇਨ੍ਹਾਂ ਦੇ ਸੁਪਨਿਆਂ ਤੇ ਜਜ਼ਬਿਆਂ ਦੀ ਤਰ੍ਹਾਂ ਖ਼ੂਬਸੂਰਤ ਹੋ ਜਾਵੇਗਾ। ਜੇਕਰ ਤੁਸੀਂ ਦਸਤਕ ਦਿੰਦੇ ਹੋਏ ਜਦ ਭਾਰਤ ਨੂੰ ਸਮਝਣਾ ਚਾਹੁੰਦੇ ਹੋ ਤਾਂ ਜਾਮੀਆ ਤੋਂ ਆਈ ਦੋ ਤਸਵੀਰਾਂ ਨੂੰ ਵਾਰ-ਵਾਰ ਸਮਝੋ, ਦੇਖੋ, ਫਾਰਵਰਡ ਕਰੋ। ਤੁਸੀਂ ਚੰਗਾ ਮਹਿਸੂਸ ਕਰੋਗੇ।

# ਜਾਮੀਆ ਹਿੰਸਾ ਪਿਛੇ ਕੌਣ ?

**ਰਜਿੰਦਰ ਸਿੰਘ**

ਸ਼ੋਸ਼ਲ ਮੀਡੀਆ ਰਾਹੀਂ ਸਾਫ ਹੋ ਗਿਆ ਹੈ ਕਿ ਜਾਮੀਆ ਯੂਨੀਵਰਸਿਟੀ ਦੀ ਹਿੰਸਾ ਪਿੱਛੇ ਭਗਵਿਆਂ ਦੀ ਵਿਦਿਆਰਥੀ ਜਥੇਬੰਦੀ ਸ਼ਾਮਲ ਹੈ, ਜਿਸ ਨੇ ਬੱਸਾਂ ਤੇ ਪਬਲਿਕ ਪ੍ਰਾਪਰਟੀ ਨੂੰ ਦਿੱਲੀ ਵਿਖੇ ਅੱਗਾਂ ਲਗਾਈਆਂ, ਇਥੋਂ ਤੱਕ ਉਨ੍ਹਾਂ ਨੇ ਪੁਲੀਸ ਦੀ ਵਰਦੀ ਪਾ ਕੇ ਵਿਦਿਆਰਥੀਆਂ ਨਾਲ ਕੁੱਟਮਾਰ ਵੀ ਕੀਤੀ। ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀ ਆਗੂਆਂ ਨੇ ਇਸ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਕ ਰਿਪੋਰਟ ਇਹ ਵੀ ਆਈ ਹੈ ਕਿ 750 ਫ਼ੇਕ ਆਈਡੀ ਵਾਲੇ ਲੋਕ ਜਾਮੀਆ ਵਿੱਚ ਸਨ, ਜਿਨ੍ਹਾਂ ਨੇ ਹਿੰਸਾ ਭੜਕਾਈ। ਉਨ੍ਹਾਂ 750 ਖ਼ਾਸ ਲੋਕਾਂ ਨੂੰ ਜਾਮੀਆ ਵਿੱਚ ਕਿਸ ਨੇ ਬੁਲਾਇਆ ਅਤੇ ਕਿਸ ਨੇ ਨਕਲੀ ਅਡੈਂਟੀਕਾਰਡ ਬਣਾਏ, ਜੋ ਉਨ੍ਹਾਂ ਦਾ ਵਿਦਿਆਰਥੀ ਹੋਣ ਦਾ ਸਬੂਤ ਦੇ ਰਹੇ ਸਨ। ਇਸ ਪਿੱਛੇ ਉਨ੍ਹਾਂ ਦਾ ਕੀ ਇਰਾਦਾ ਸੀ? ਜਾਪਦਾ ਇਹੀ ਹੈ ਕਿ ਜਾਮੀਆ ਯੂਨੀਵਰਸਿਟੀ ਭਗਵਿਆਂ ਦੇ ਨਿਸ਼ਾਨੇ 'ਤੇ ਹੈ ਤੇ ਉਹ ਇਨ੍ਹਾਂ ਦੇ ਸ਼ਾਂਤਮਈ ਸੰਘਰਸ਼ ਨੂੰ ਖਤਮ ਕਰਨ ਦੇ ਲਈ ਇਹੀ ਸਾਜ਼ਿਸ਼ਾਂ ਰਚ ਰਹੀ ਹੈ। ਇਨ੍ਹਾਂ ਨੂੰ ਬਦਨਾਮ ਕਰਕੇ ਜਾਮੀਆ ਵਿਦਿਆਰਥੀਆਂ ਦੇ ਸੰਘਰਸ਼ ਨੂੰ ਦਬਾਉਣਾ ਚਾਹੁੰਦੀ ਹੈ। ਇਕ ਨਿਊਜ਼ ਚੈਨਲ ਨੇ ਇਕ ਵੀਡੀਓ ਵੀਡੀਓ ਵਿੱਚ ਜਾਮੀਆ ਮੀਲਿਆ ਇਸਲਾਮੀਆ ਦੀ ਵਾਇਸ ਚਾਂਸਲਰ ਨਜਮਾ ਅਖ਼ਤਰ ਨੂੰ ਦਿਖਾਇਆ ਜੋ ਇਹ ਕਹਿ ਰਹੀ ਹੈ ਕਿ "ਹਰ ਕੋਈ ਯੂਨੀਵਰਸਿਟੀ ਦੇ ਕੈਂਪਸ ਵਿਚ ਆ ਸਕਦਾ ਹੈ। ਉਨ੍ਹਾਂ ਨੂੰ ਛੱਡ ਕੇ, ਜੋ ਫ਼ੇਕ ਆਈਡੀ ਲੈਕੇ ਆ ਰਹੇ ਹਨ। ਸਾਨੂੰ 750 ਫ਼ੇਕ ਆਈਡੀ ਕਾਰਡ ਮਿਲੇ ਹਨ। ਤੁਸੀਂ ਖ਼ਬਰਾਂ ਵਿੱਚ ਜ਼ਰੂਰ ਪੜ੍ਹਿਆ ਹੋਵੇਗਾ।" ਇਹ ਵੀਡੀਓ ਸ਼ੋਸ਼ਲ ਮੀਡੀਆ 'ਤੇ ਵੀ ਘੁੰਮ ਰਹੀ ਹੈ। ਵੀਸੀ ਵਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਹਿੰਸਕ ਪ੍ਰਦਰਸ਼ਨ ਦੇ ਦੌਰਾਨ ਜਾਅਲੀ ਆਈਡੀ ਵਾਲੇ ਬਾਹਰੀ ਲੋਕ ਵਿਰੋਧ ਮੁਜ਼ਾਹਰੇ ਵਿੱਚ ਸ਼ਾਮਲ ਹੋਏ ਅਤੇ ਹਿੰਸਾ ਕੀਤੀ। ਉਹਨਾਂ ਦਾ ਕਹਿਣਾ ਹੈ ਕਿ 'ਇਕ ਵਾਰ ਅਸੀਂ 10 ਲੋਕਾਂ ਦੇ ਵਿਰੁੱਧ ਪੁਲਿਸ ਨੂੰ ਸ਼ਿਕਾਇਤ ਵੀ ਕੀਤੀ ਕਿਉਂਕਿ ਸਾਨੂੰ ਸਾਡੇ ਵਿਦਿਆਰਥੀਆਂ ਤੋਂ ਉਨ੍ਹਾਂ ਵਿਰੁੱਧ ਸ਼ਿਕਾਇਤਾਂ ਮਿਲੀਆਂ ਸਨ। ਜਿੰਨ੍ਹਾਂ 750 ਜਾਅਲੀ ਆਈਡੀ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਹਨਾਂ ਦਾ ਇਨ੍ਹਾਂ ਪ੍ਰਦਰਸ਼ਨਾਂ ਨਾਲ ਕੋਈ ਲੈਣਾ ਦੇਣਾ ਨਹੀਂ ਹੈ।'

ਦਿੱਲੀ ਪੁਲਿਸ ਨੇ 15 ਦਸੰਬਰ ਨੂੰ ਹੋਈ ਹਿੰਸਾ ਵਿੱਚ 10 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹਨਾਂ ਵਿਚ ਤਿੰਨ ਲੋਕ ਅਪਰਾਧਿਕ ਪਿਛੋਕੜ ਤੋਂ ਆਏ ਹਨ। ਇਨ੍ਹਾਂ ਵਿੱਚੋਂ ਕੋਈ ਵੀ ਵਿਦਿਆਰਥੀ ਨਹੀਂ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਵਿਚ ਕੋਈ ਵੀ ਵਿਦਿਆਰਥੀ ਨਹੀਂ ਹੈ। ਪੁਲੀਸ ਨੇ ਐਤਵਾਰ ਨੂੰ ਜੇ. ਐਮ. ਆਈ. ਵਿਖੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸ਼ਨ ਦੌਰਾਨ ਬਣਾਏ ਗਏ ਵੀਡੀਓ ਤੋਂ ਇਨ੍ਹਾਂ ਦੋਸ਼ੀਆਂ ਦੀ ਪਛਾਣ ਕੀਤੀ ਸੀ। ਸੱਚ ਕੀ ਹੈ ਅਜੇ ਤੱਕ ਇਸ ਦਾ ਪੂਰਾ ਵੇਰਵਾ ਕਿਸੇ ਕੋਲ ਨਹੀਂ ਹੈ, ਪਰ ਇਕ ਜਮਹੂਰੀਅਤ ਦੇਸ ਵਿਚ ਅਜਿਹੀ ਹਿੰਸਾ ਕਰਵਾਈ ਜਾਣੀ ਸੱਤਾਧਾਰੀਆਂ ਦੀ ਹੀ ਕਾਢ ਹੈ, ਜੋ ਆਪਣੇ ਗੁਪਤ ਨਿਸ਼ਾਨਿਆਂ ਨੂੰ ਹਾਸਲ ਕਰਨਾ ਚਾਹੁੰਦੇ ਹਨ।

ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਉਠ ਰਹੇ ਰੋਹ ਤੇ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਪੁਲਸੀਆ ਬਰਬਰਤਾ ਦੇ ਸੰਦਰਭ ਵਿੱਚ ਅਸੀਂ ਇਹੀ ਕਹਿਣਾ ਚਾਹਾਂਗੇ ਕਿ ਭਾਰਤ ਵਿਚ ਹਿਟਲਰ ਜਨਮ ਲੈ ਰਿਹਾ ਹੈ। ਜਸਟਿਸ ਕਾਟਜੂ ਨੇ ਬਹੁਤ ਬੇਬਾਕ ਟਿੱਪਣੀ ਕੀਤੀ ਹੈ ਕਿ ਇਕ ਹਨੂੰਮਾਨ ਨੇ ਸੋਨੇ ਦੀ ਲੰਕਾ ਜਲਾ ਦਿੱਤੀ ਤੇ ਅਜੋਕੇ ਹਨੂੰਮਾਨ ਦੇਸ ਜਲਾ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਹਿਟਲਰ ਆਪਣੇ ਬਹੁਤ ਸਾਰੇ ਨਫ਼ਰਤ ਭਰੇ ਭਾਸ਼ਣਾਂ ਦੇ ਬਾਵਜੂਦ ਜਿੱਤ ਪ੍ਰਾਪਤ ਕਰਨ ਵਿੱਚ ਨਾਕਾਮ ਰਿਹਾ, ਪ੍ਰੰਤੂ ਰਾਸ਼ਟਰਪਤੀ ਹਿੰਡਨਬਰਗ ਨੇ ਹਿਟਲਰ ਦੀ ਅਗਵਾਈ ਵਿੱਚ 30 ਜਨਵਰੀ 1933 ਵਿੱਚ ਇੱਕ ਮਿਲੀ-ਜੁਲੀ ਕੰਮ-ਚਲਾਊ ਸਰਕਾਰ ਬਣਾ ਦਿੱਤੀ। ਨਵੀਆਂ ਚੋਣਾਂ ਮਾਰਚ 1933 ਵਿੱਚ ਕਰਾਉਣ ਦਾ ਮਿਤੀ ਨਿਸ਼ਚ ਕਰ ਦਿੱਤੀ ਗਈ, ਪਰ 27 ਫ਼ਰਵਰੀ ਨੂੰ ਸੰਸਦ ਭਵਨ ਨੂੰ ਫੂਕ ਦਿੱਤਾ ਗਿਆ। ਹਿਟਲਰ ਨੇ ਇਸ ਦਾ ਦੋਸ਼ੀ ਮੁੱਖ ਵਿਰੋਧੀ ਕਮਿਊਨਿਸਟ ਪਾਰਟੀ ਨੂੰ ਠਹਿਰਾਇਆ। ਹਿਟਲਰ ਨੇ ਕਮਿਊਨਿਸਟਾਂ 'ਤੇ ਬਹੁਤ ਜ਼ੁਲਮ ਕੀਤੇ, ਜੇਲ੍ਹਾਂ ਵਿਚ ਡੱਕ ਦਿੱਤਾ। ਫਾਸ਼ੀਵਾਦੀ ਹੋਣ ਕਾਰਨ ਉਹ ਆਪਣੇ ਲੋਕਾਂ ਵਿਚ ਮਕਬੂਲ ਹੋ ਗਿਆ। ਚੋਣਾਂ ਦੌਰਾਨ ਹਿਟਲਰ ਨੂੰ ਬਹੁਮਤ ਨਾ ਮਿਲਿਆ, ਪਰ ਸਿਆਸੀ ਤਾਕਤ ਵਧ ਗਈ। ਆਗੂਆਂ ਦੇ ਜੇਲ੍ਹਾਂ ਵਿੱਚ ਡੱਕੇ ਹੋਣ ਦੇ ਬਾਵਜੂਦ 81 ਕਮਿਊਨਿਸਟ ਨੇ ਚੋਣ ਜਿੱਤ ਲਈ। ਹਿਟਲਰ ਨੇ ਇੱਕ ਹੋਰ ਪਾਰਟੀ ਦੇ ਸਹਿਯੋਗ ਨਾਲ ਆਪਣੀ ਸਰਕਾਰ ਬਣਾ ਲਈ। ਹਿਟਲਰ ਤਾਨਾਸ਼ਾਹ ਬਣ ਗਿਆ ਤੇ ਉਸ ਨੇ ਸੰਸਦ ਦੀ ਪਹਿਲੀ ਮੀਟਿੰਗ ਵਿੱਚ ਹੀ ਇਹ ਮਤਾ ਪੇਸ਼ ਕਰ ਦਿੱਤਾ ਕਿ ਅਗਲੇ 4 ਸਾਲ ਤੱਕ ਉਸ ਦੀ ਕੈਬਨਿਟ ਸੰਸਦ ਦੀ ਮਨਜ਼ੂਰੀ ਬਿਨਾਂ ਹੀ ਕਾਨੂੰਨ ਬਣਾ ਸਕਦੀ ਹੈ। ਅਰਥਾਤ ਉਸ ਨੇ ਸੰਵਿਧਾਨ ਦੀਆਂ ਧੱਜੀਆਂ ਹੀ ਉਡਾ ਦਿੱਤੀਆਂ। ਉਸ ਨੇ ਨਾਗਰਿਕਤਾ ਦੇ ਕਾਨੂੰਨ ਵਿੱਚ ਸੋਧ ਕਰ ਦਿੱਤੀ ਗਈ ਤੇ ਜਰਮਨੀਆਂ ਨੂੰ ਜਰਮਨ ਦਾ ਨਾਗਰਿਕ ਮੰਨਿਆ ਗਿਆ ਤੇ ਬਾਕੀਆਂ ਨੂੰ ਗੁਲਾਮ ਜਾਂ ਗ਼ੈਰ ਨਾਗਰਿਕ। ਇਸੇ ਕਾਰਨ ਯਹੂਦੀਆਂ ਦੀ ਨਸਲਕੁਸ਼ੀ ਕੀਤੀ ਗਈ। ਅੱਜ ਇਹੀ ਨਾਗਰਿਕ ਕਾਨੂੰਨ ਭਾਰਤ ਵਿਚ ਭਗਵੇਂਵਾਦ ਦੇ ਰੂਪ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਅੱਗੇ ਕੀ ਹੋਵੇਗਾ ਇਹ ਸੁਆਲ ਹੁਣ ਸਮੇਂ ਦੇ ਗਰਭ ਵਿਚ ਹੈ। ਇਹ ਭਾਰਤ ਦੇ ਭਵਿੱਖ ਲਈ ਚੰਗੀ ਗੱਲ ਹੈ ਕਿ ਵੱਖ ਵੱਖ ਵਿੱਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਨੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਹਮਾਇਤ ਵਿਚ ਰੋਸ ਪ੍ਰਦਰਸ਼ਨ ਕੀਤੇ ਹਨ। ਨਾਗਰਿਕਤਾ ਸੋਧ ਕਾਨੂੰਨ ਸਾਡੇ ਭਾਰਤ ਦੇ ਸੰਵਿਧਾਨ ਦੇ ਧਰਮ-ਨਿਰਪੱਖ ਸਿਧਾਂਤਾਂ ਦੇ ਵਿਰੁੱਧ ਹੈ ਅਤੇ ਵੱਖ ਵੱਖ ਸਿਆਸੀ ਪਾਰਟੀਆਂ ਨੇ ਭਾਵੇਂ ਵਿਦਿਆਰਥੀਆਂ ਦੀ ਹਮਾਇਤ ਕੀਤੀ ਹੈ ਪਰ ਸਮਾਜ ਦੇ ਬਹੁਤ ਸਾਰੇ ਵਰਗ ਇਸ ਸਬੰਧੀ ਚੁੱਪ ਰਹੇ ਹਨ। ਯੂਥ ਹਰੇਕ ਸਮਾਜ ਦਾ ਭਵਿੱਖ ਹੁੰਦਾ ਹੈ ਤੇ ਉਹੀ ਸਮਾਜ ਤੇ ਦੇਸ ਬਦਲ ਸਕਦਾ ਹੈ। 1975 ਦੌਰਾਨ ਜੈਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿਚ ਹੋਏ ਸੰਘਰਸ਼ ਤੋਂ ਪਹਿਲਾਂ ਵਿਦਿਆਰਥੀ ਅੰਦੋਲਨਾਂ ਨੇ ਹੀ ਇੰਦਰਾ ਗਾਂਧੀ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਸੀ। ਪੰਜਾਬ ਦੇ ਹਿੱਤਾਂ ਦੀ ਆਵਾਜ਼ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਹੀ ਉਠਾਈ ਸੀ। ਇਹ ਵਿਦਿਆਰਥੀ ਸੰਘਰਸ਼ ਮੌਜੂਦਾ ਸਰਕਾਰ ਦੀਆਂ ਲੋਕ-ਵਿਰੋਧੀ ਨੀਤੀਆਂ ਦੇ ਵਿਰੁੱਧ ਬਣਨ ਵਾਲੇ ਵੱਡੇ ਇਤਿਹਾਸ ਦੀ ਸਿਰਜਣਾ ਕਰ ਸਕਦੇ ਹਨ, ਜੇਕਰ ਕਿਰਤੀ, ਸਿਆਸੀ ਪਾਰਟੀਆਂ ਤੇ ਹਰੇਕ ਕੌਮ ਦੇ ਲੋਕ ਵਿਦਿਆਰਥੀਆਂ ਦਾ ਸਾਥ ਦੇਣ। ਇਹ ਅੰਦੋਲਨ ਸ਼ਾਂਤ ਹੀ ਰਹਿਣਾ ਚਾਹੀਦਾ ਹੈ ਤੇ ਹਿੰਸਕ ਤੱਤਾਂ ਦੀ ਪਛਾਣ ਕਰਕੇ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਦਾ ਅੰਦੋਲਨ ਜਮਹੂਰੀਅਤ ਲਈ ਜ਼ਰੂਰੀ ਹੈ।

# ਅਸਾਮ ਵੀ ਕਸ਼ਮੀਰ ਦੀ ਤਰ੍ਹਾਂ ਜਲ ਰਿਹਾ

**ਮੁਹੰਮਦ ਅੱਬਾਸ ਧਾਲੀਵਾਲ**




ਨਾਗਰਿਕਤਾ ਸੰਸ਼ੋਧਨ ਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚੋਂ ਪਾਸ ਹੋਣ ਉਪਰੰਤ ਬੀਤੇ ਦਿਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਆਪਣੇ ਦਸਤਖਤ ਕਰਦਿਆਂ ਕਾਨੂੰਨੀ ਸ਼ਕਲ ਦੇ ਦਿੱਤੀ ਹੈ। ਭਾਵੇਂ ਇਸ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਹੈ ਪਰ ਇਸ ਵਿਵਾਦਿਤ ਅਤੇ ਪੱਖਪਾਤੀ ਨਾਗਰਿਕਤਾ ਸੰਸ਼ੋਧਨ ਬਿੱਲ ਨੂੰ ਲੈ ਕੇ ਸਥਿਤੀ ਲਗਾਤਾਰ ਤਣਾਅਪੂਰਨ ਬਣੀ ਹੋਈ ਹੈ। ਉਕਤ 312 ਵਿੱਚੋਂ ਜਿਸ ਪ੍ਰਕਾਰ ਦੇਸ਼ ਦੇ ਮੁਸਲਮਾਨ ਤਬਕੇ ਨੂੰ ਬਾਹਰ ਰੱਖਿਆ ਗਿਆ ਹੈ, ਉਸ ਨਾਲ ਮੁਸਲਿਮ ਭਾਈਚਾਰੇ ਵਿੱਚ ਦੁੱਖ ਪਾਇਆ ਜਾਣਾ ਇੱਕ ਕੁਦਰਤੀ ਗੱਲ ਹੈ। ਜ਼ਿਕਰਯੋਗ ਹੈ ਕਿ ਉਕਤ ਬਿੱਲ ਵਿੱਚ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਧਾਰਮਿਕ ਪਰਤਾੜਨਾ ਦੇ ਕਾਰਨ ਭਾਰਤ ਆਏ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਇਸਾਈ ਭਾਈਚਾਰੇ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕਰਨ ਦਾ ਪ੍ਰਵਧਾਨ ਹੈ। ਇਸ ਬਿੱਲ, ਜੋ ਕਿ ਹੁਣ ਕਾਨੂੰਨ ਬਣ ਚੁੱਕਾ ਹੈ, ਨੂੰ ਲੈ ਕੇ ਅਸਾਮ, ਤ੍ਰਿਪੁਰਾ ਸਮੇਤ ਦੇਸ਼ ਦੇ ਪੂਰਵੀ ਉੱਤਰ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਵੱਡੀ ਪੱਧਰ ਉੱਤੇ ਵਿਰੋਧ ਪ੍ਰਦਰਸ਼ਨ ਵੇਖਣ ਨੂੰ ਮਿਲ ਰਹੇ ਹਨ। ਜਿਨ੍ਹਾਂ ਦੇ ਚੱਲਦਿਆਂ ਉਥੋਂ ਦੇ ਇਲਾਕਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ। ਅਸਾਮ ਸਕੱਤਰੇਤ ਦੇ ਨੇੜੇ ਇੱਕ ਵੱਡੇ ਵਿਦਿਆਰਥੀਆਂ ਦੇ ਇਕੱਠ ਅਤੇ ਪੁਲਸ ਵਿਚਕਾਰ ਝੜਪਾਂ ਵੀ ਹੋਈਆਂ। ਸਕਿਊਰਟੀ ਫੋਰਸਜ਼ ਵਲੋਂ ਪ੍ਰਦਰਸ਼ਨਕਾਰੀਆਂ ਉੱਤੇ ਗੋਲੀਆਂ ਚਲਾਈਆਂ ਗਈਆਂ ਜਿਸ ਦੌਰਾਨ ਦੋ ਲੋਕਾਂ ਦੇ ਮਾਰੇ ਜਾਣ ਅਤੇ ਕਈਆਂ ਦੇ ਜਖਮੀ ਹੋਣ ਦੀਆਂ ਖ਼ਬਰਾਂ ਆਈਆਂ ਹਨ।

ਇਹੋ ਵਜ੍ਹਾ ਹੈ ਕਿ ਅਸਾਮ ਅਤੇ ਇਸਦੇ ਗੁਆਂਢੀ ਸੂਬਿਆਂ ਵਿੱਚ ਤਨਾਅਪੂਰਨ ਸਥਿਤੀ ਦੇ ਚੱਲਦਿਆਂ ਜਿੱਥੇ ਜਾਪਾਨੀ ਪ੍ਰਧਾਨ ਮੰਤਰੀ ਦਾ ਭਾਰਤ ਦੌਰਾ ਹਾਲ ਦੀ ਘੜੀ ਰੱਦ ਹੋ ਗਿਆ ਹੈ, ਉੱਥੇ ਹੀ ਬੰਗਲਾਦੇਸ਼ ਦੇ ਵਿਦੇਸ਼ ਮੰਤਰੀ ਨੇ ਵੀ ਆਪਣੀ ਭਾਰਤੀ ਯਾਤਰਾ ਨੂੰ ਹਾਲ ਦੀ ਘੜੀ ਸਥਗਿਤ (ਮੁਲਤਵੀ, ਰੱਦ - ਸੰਪਾਦਕ) ਕਰ ਦਿੱਤਾ ਹੈ। ਜਦੋਂ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਵੀ ਇੱਕ ਦੌਰਾ ਰੱਦ ਹੋ ਚੁੱਕਾ ਹੈ।

ਕੁਲ ਮਿਲਾ ਕੇ ਉਕਤ ਸਿਟੀਜ਼ਨ ਤਰਮੀਮੀ ਕਾਨੂੰਨ ਨੂੰ ਲੈ ਕੇ ਪੂਰੇ ਦੇਸ਼ ਵਿੱਚ ਹਾਲਾਤ ਤਨਾਅਪੂਰਨ ਹਨ ਜਿਸਦੇ ਚੱਲਦਿਆਂ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਤੇ ਟੀਚਰ ਇਸ ਕਾਨੂੰਨ ਦੇ ਵਿਰੁੱਧ ਸੜਕਾਂ ਉੱਤੇ ਆ ਗਏ ਹਨ। ਉੱਥੇ ਹੀ ਵੱਖ ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਖਬਰਾਂ ਅਤੇ ਨਿਊਜ਼ ਚੈਨਲਾਂ ਦੀ ਰਿਪੋਰਟਾਂ ਅਨੁਸਾਰ ਦੇਸ਼ ਦੇ ਦੋ ਹਜ਼ਾਰ ਤੋਂ ਵਧੇਰੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਇਸ ਬਿੱਲ ਦੇ ਰੋਸ ਵਜੋਂ ਪ੍ਰਦਰਸ਼ਨ ਕੀਤੇ ਗਏ ਹਨ। ਉਕਤ ਵਿਵਾਦਿਤ ਬਿੱਲ ਯਕੀਨਨ ਦੇਸ਼ ਦੇ ਅਮਨ ਪਸੰਦ ਲੋਕਾਂ ਲਈ ਦੇਸ਼ ਦੀ ਅਰਥ ਵਿਵਸਥਾ ਲਈ ਆਪਣੇ ਆਪ ਵਿੱਚ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਨਜ਼ਰ ਆ ਰਿਹਾ ਹੈ।

ਇਸ ਸੰਬੰਧੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਮਾਰਕੰਡੇ ਕਾਟਜੂ ਦੇ ਆਪਣੇ ਇੱਕ ਟਵੀਟ ਵਿੱਚ ਕਿਹਾ ਕਿ "ਅਸਾਮ ਵੀ ਕਸ਼ਮੀਰ ਦੀ ਤਰ੍ਹਾਂ ਜਲ ਰਿਹਾ ਹੈ ਦੇਸ਼ ਵਿੱਚ ਅੱਗ ਲੱਗੀ ਹੈ ਅਤੇ ਇਹ ਆਧੁਨਿਕ 'ਨੀਰੋ' ਬੇਖਬਰ ਹਨ। ਉਨ੍ਹਾਂ ਅੱਗੇ ਲਿਖਿਆ ਹੈ, "ਹਨੂੰਮਾਨ ਜੀ ਨੇ ਤਾਂ ਸਿਰਫ ਲੰਕਾ ਜਲਾਈ ਸੀ ਪਰ ਇਹ ਆਧੁਨਿਕ ਹਨੂੰਮਾਨ ਜੀ ਤਾਂ ਪੂਰੇ ਦੇਸ਼ ਵਿੱਚ ਅੱਗ ਲਗਾ ਦੇਣਗੇ।"

ਮਾਰਕੰਡੇ ਕਾਟਜੂ ਨੇ ਆਪਣੇ ਇੱਕ ਲੇਖ ਵਿੱਚ ਇਸ ਬਿੱਲ (ਕਾਨੂੰਨ) ਉੱਤੇ ਪ੍ਰਸ਼ਨ ਖੜ੍ਹੇ ਕਰਦਿਆਂ ਇਸ ਨੂੰ ਸੰਵਿਧਾਨ ਦਾ ਉਲੰਘਣ ਕਰਨ ਵਾਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਸੰਵਿਧਾਨ ਦੇ ਆਰਟੀਕਲ 14 ਅਤੇ 21 ਦਾ ਖੁੱਲ੍ਹਾ ਉਲੰਘਣ ਕਰਦਾ ਹੈ। ਕਾਟਜੂ ਦਾ ਕਹਿਣਾ ਹੈ ਕਿ ਇਹ ਬਿੱਲ (ਕਾਨੂੰਨ) ਸਮਾਨਤਾ, ਜਿਊਣ ਅਤੇ ਸੁਤੰਤਰਤਾ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਆਪਣੀ ਗੱਲ ਨੂੰ ਪੁਖਤਾ ਕਰਨ ਦੇ ਨਜ਼ਰੀਏ ਨਾਲ ਉਨ੍ਹਾਂ ਸੁਪਰੀਮ ਕੋਰਟ ਦੇ 23 ਸਾਲ ਪੁਰਾਣੇ ਜਜਮੈਂਟ ਦਾ ਹਵਾਲਾ ਦਿੱਤਾ। 1996 ਦੇ ਇੱਕ ਕੇਸ ਵਿੱਚ ਉਨ੍ਹਾਂ ਨੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਬਨਾਮ ਅਰੁਣਾਚਲ ਪ੍ਰਦੇਸ਼ ਸਰਕਾਰ ਕੇਸ ਦਾ ਜ਼ਿਕਰ ਕੀਤਾ ਹੈ ਜਿਸ ਵਿੱਚ ਬੰਗਲਾਦੇਸ਼ ਤੋਂ ਆਏ ਚਕਮਾ ਸ਼ਰਨਾਰਥੀਆਂ ਦੇ ਮੁੱਦੇ 'ਤੇ ਕੋਰਟ ਨੇ ਮੰਨਿਆ ਕਿ ਭਾਰਤ ਦੇ ਸੰਵਿਧਾਨ 21 ਦੁਆਰਾ ਅਧਿਕਾਰਤ ਜੀਵਨ ਅਤੇ ਸੁਤੰਤਰਤਾ ਦੇ ਮੌਲਿਕ ਅਧਿਕਾਰ ਵੀ ਚਕਮਾ ਸ਼ਰਨਾਰਥੀਆਂ ਨੂੰ ਮਿਲੇ ਹੋਏ ਹਨ, ਹਾਲਾਂਕਿ ਉਹ ਭਾਰਤੀ ਨਾਗਰਿਕ ਨਹੀਂ ਸਨ।

ਪ੍ਰਸਿੱਧ ਦੱਖਣੀ ਐਕਟਰ ਤੇ ਮੱਕਲ ਨਿਧੀ ਮਯਮ ਦੇ ਸੰਸਥਾਪਕ ਕਮਲ ਹਸਨ ਨੇ ਉਕਤ 312 ਦੀ ਨਿੰਦਾ ਕਰਦਿਆਂ ਕਿਹਾ ਕਿ, "ਇਹ ਇੱਕ ਚੰਗੇ ਭਲੇ ਤੰਦਰੁਸਤ ਵਿਅਕਤੀ ਦੀ ਸਰਜਰੀ ਦੀ ਕੋਸ਼ਿਸ਼ ਕਰਨ ਦੇ ਤੁਲ ਜਿਹਾ ਅਪਰਾਧ ਹੈ।" ਉਨ੍ਹਾਂ ਅੱਗੇ ਕਿਹਾ, "ਭਾਰਤ ਨੂੰ ਇੱਕ ਅਜਿਹਾ ਦੇਸ਼ ਬਣਾਉਣ ਦੀ ਕੋਸ਼ਿਸ਼ ਹੈ ਜਿੱਥੇ ਇੱਕ ਹੀ ਤਰ੍ਹਾਂ ਦੇ ਲੋਕ ਰਹਿਣ, ਜੋ ਭੇਦਭਾਵ ਹੈ।"

ਅਮਰੀਕਾ ਵਿੱਚ ਇਸ ਬਿੱਲ ਦਾ ਕਿਸ ਕਦਰ ਵਿਰੋਧ ਹੋ ਰਿਹਾ ਹੈ ਇਸਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਅਮਰੀਕਾ ਦੇ ਯੂ ਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਨੇ ਇਸ ਬਿੱਲ ਉੱਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਬਿੱਲ ਦੇ ਵਿਰੋਧ ਵਿੱਚ ਅਮਰੀਕੀ ਸਰਕਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਤਮਾਮ ਵੱਡੇ ਨੇਤਾਵਾਂ ਉੱਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

ਉੱਧਰ ਔਲਿੰਪਕ ਗੋਲਡ ਮੈਡਲਿਸਟ ਬੌਕਸਰ ਵਿਜੇਂਦਰ ਸਿੰਘ ਨੇ 312 ਦੇ ਸੰਦਰਭ ਆਪਣੇ ਇੱਕ ਟਵੀਟ ਵਿੱਚ ਵਿਅੰਗ ਕਰਦਿਆਂ ਕਿਹਾ ਹੈ ਕਿ "ਜਦੋਂ ਮਸਾਲਾ ਹਿੰਦੂ ਮੁਸਲਮਾਨ ਵਾਲਾ ਚੰਗਾ ਲੱਗਣ ਲੱਗੇ ਉਹ ਕੌਮਾਂ ਪਿਆਜ਼ ਦੀ ਚਿੰਤਾ ਨਹੀਂ ਕਰਦੀਆਂ।"

ਪ੍ਰਸ਼ਾਂਤ ਕਿਸ਼ੋਰ ਨੇ ਆਪਣੇ ਇੱਕ ਟਵੀਟ ਵਿੱਚ ਕਿਹਾ ਕਿ "ਨਾਗਰਿਕਤਾ ਸੰਸ਼ੋਧਨ ਬਿੱਲ ਅਤੇ ਐੱਨ ਆਰ ਸੀ ਧਰਮ ਦੇ ਆਧਾਰ 'ਤੇ ਲੋਕਾਂ ਲਈ ਭੇਦਭਾਵ ਦਾ ਘਾਤਕ ਜੋੜ ਸਾਬਿਤ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਨਾਗਰਿਕਤਾ ਸੰਸ਼ੋਧਨ ਬਿੱਲ ਕਿਸੇ ਦੀ ਨਾਗਰਿਕਤਾ ਖਤਮ ਕਰਨ ਲਈ ਨਹੀਂ, ਸਗੋਂ ਲੋਕਾਂ ਨੂੰ ਨਾਗਰਿਕਤਾ ਦੇਣ ਦੇ ਲਈ ਹੈ, ਲੇਕਿਨ ਸੱਚਾਈ ਇਹ ਹੈ ਕਿ ਐੱਨ ਆਰ ਸੀ ਅਤੇ ਇਹ 312 ਸਰਕਾਰ ਦੇ ਹੱਥ ਵਿੱਚ ਇੱਕ ਅਜਿਹਾ ਖਤਰਨਾਕ ਹਥਿਆਰ ਸਾਬਤ ਹੋ ਸਕਦਾ ਹੈ ਕਿ ਜਿਸਦੇ ਰਾਹੀਂ ਧਰਮ ਦੇ ਆਧਾਰ 'ਤੇ ਲੋਕਾਂ ਵਿੱਚ ਭੇਦਭਾਵ ਕਰਦਿਆਂ ਉਨ੍ਹਾਂ ਦੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ।" ਪਰਸ਼ਾਂਤ ਕਿਸ਼ੋਰ ਨੇ ਆਪਣੇ ਇੱਕ ਦੂਜੇ ਟਵੀਟ ਵਿੱਚ ਕਿਹਾ ਕਿ ਹੁਣ 16 ਗੈਰ ਬੀ ਜੇ ਪੀ ਮੁੱਖ ਮੰਤਰੀਆਂ ਉੱਤੇ ਭਾਰਤ ਦੀ ਆਤਮਾ ਨੂੰ ਬਚਾਉਣ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹ ਅਜਿਹੇ ਰਾਜ ਹਨ ਜਿੱਥੇ ਇਸ ਨੂੰ ਲਾਗੂ ਕਰਨਾ ਹੈ। (ਇੱਥੇ ਜ਼ਿਕਰਯੋਗ ਹੈ ਕਿ ਪੰਜਾਬ, ਬੰਗਾਲ, ਮੱਧ ਪ੍ਰਦੇਸ਼, ਕੇਰਲ, ਛਤੀਸਗੜ੍ਹ ਆਦਿ ਸੂਬਿਆਂ ਨੇ ਉਕਤ ਕਾਨੂੰਨ ਨੂੰ ਆਪਣੇ ਰਾਜ ਵਿੱਚ ਲਾਗੂ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ।)

ਉੱਧਰ ਅਮਰੀਕਾ ਨੇ ਭਾਰਤ ਨੂੰ ਅਨੁਰੋਧ ਕੀਤਾ ਹੈ ਕਿ ਉਹ ਆਪਣੇ ਸੰਵਿਧਾਨਕ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੇ ਹੋਏ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਿਹਾ ਹੈ ਇਸਦੇ ਨਾਲ ਹੀ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਇੱਕ ਤਰਜ਼ਮਾਨ ਦਾ ਇਹ ਵੀ ਕਹਿਣਾ ਹੈ ਕਿ ਅਸੀਂ ਨਾਗਰਿਕਤਾ ਸੰਸ਼ੋਧਨ ਬਿੱਲ ਦੇ ਸੰਬੰਧ ਵਿੱਚ ਘਟਨਾਕ੍ਰਮਾਂ ਉੱਪਰ ਨੇੜਲੀ ਨਜ਼ਰ ਰੱਖੀ ਹੋਈ ਹੈ।" ਉਨ੍ਹਾਂ ਅੱਗੇ ਕਿਹਾ ਕਿ "ਕਾਨੂੰਨ ਦੇ ਤਹਿਤ ਸਮਾਨ ਵਿਵਹਾਰ ਅਤੇ ਧਾਰਮਿਕ ਸੁਤੰਤਰਤਾ ਦਾ ਸਨਮਾਨ ਸਾਡੇ ਦੋਵੇਂ ਲੋਕਤੰਤਰਿਕ ਦੇਸ਼ਾਂ ਦੇ ਮੌਲਿਕ ਸਿਧਾਂਤ ਹਨ।"

ਉੱਧਰ ਸੰਯੁਕਤ ਰਾਸ਼ਟਰ ਦੀ ਹਿਊਮਨ ਰਾਈਟਸ ਬੌਡੀ ਨੇ ਵੀ ਭਾਰਤ ਦੇ ਨਵੇਂ ਸਿਟੀਜ਼ਨਸ਼ਿਪ ਕਾਨੂੰਨ ਨੂੰ ਲੈ ਕੇ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਹ ਕੁਦਰਤੀ ਹੀ ਅਤੇ ਬੁਨਿਆਦੀ ਤੌਰ ਉੱਤੇ ਫਿਰਕਾਪ੍ਰਸਤੀ ਜਾਂ ਕੱਟੜਵਾਦ ਨਾਲ ਲਿਪਤ ਹੈ।" ਇਸ ਸੰਦਰਭ ਵਿੱਚ ਸਯੁੰਕਤ ਰਾਸ਼ਟਰ ਹਿਊਮਨ ਰਾਈਟਸ ਚੀਫ ਮਿਸ਼ੇਲ ਬਾਚਲੈਟ ਦੇ ਤਰਜ਼ਮਾਨ ਜੈਰਮੀ ਲਾਰੈਂਸ ਨੇ ਜਨੇਵਾ ਵਿੱਚ ਕਿਹਾ ਹੈ ਕਿ ਅਸੀਂ ਭਾਰਤ ਦੇ ਨਵੇਂ ਸਿਟੀਜ਼ਨਸ਼ਿਪ ਕਾਨੂੰਨ (ਤਰਮੀਮ) 2019 ਨੂੰ ਲੈ ਕੇ ਚਿੰਤਤ ਹਾਂ ਜਿਸ ਦੀ ਫਿਤਰਤ ਬੁਨਿਆਦੀ ਤੌਰ ਉੱਤੇ ਕੱਟੜਵਾਦ ਨਾਲ ਲਿਪਤ ਹੈ।" ਉਨ੍ਹਾਂ ਅੱਗੇ ਕਿਹਾ ਕਿ ਇਹ ਤਰਮੀਮਸ਼ੁਦਾ ਕਾਨੂੰਨ ਭਾਰਤ ਦੇ ਸੰਵਿਧਾਨ ਵਿੱਚ ਦਰਜ ਕਾਨੂੰਨ ਦੇ ਸਾਹਮਣੇ ਸਮਾਨਤਾ ਦੀ ਦ੍ਰਿੜ੍ਹਤਾ ਨੂੰ ਅੰਤਰ-ਰਾਸ਼ਟਰੀ ਸ਼ਹਿਰੀ ਅਤੇ ਸਿਆਸੀ ਅਧਿਕਾਰਾਂ ਅਤੇ ਨਸਲੀ ਜਾਨਿਬਦਾਰੀ ਦੇ ਖਾਤਮੇ ਨਾਲ ਸੰਬੰਧਤ ਜ਼ਿੰਮੇਦਾਰੀਆਂ ਨੂੰ ਘਟਾ ਕੇ ਵੇਖਦਾ ਹੈ ਜਿਨ੍ਹਾਂ ਵਿੱਚ ਭਾਰਤ ਇੱਕ ਫਰੀਕ ਹੈ ਜੋ ਨਸਲ, ਜਾਤ ਅਤੇ ਧਰਮ ਦੀ ਬੁਨਿਆਦ ਅਤੇ ਜਾਨਿਬਦਾਰੀ ਕਰਨ ਦੀ ਮਨਾਹੀ ਕਰਦੇ ਹਨ।"

ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਉਕਤ ਨਵੇਂ ਸਿਟੀਜ਼ਨਸ਼ਿਪ ਕਾਨੂੰਨ ਦੇ ਭੇਦਭਾਵ ਦੇ ਚੱਲਦਿਆਂ ਦੇਸ਼ ਕਮਜ਼ੋਰ ਹੋਵੇਗਾ ਅਤੇ ਇਸਦੇ ਕਾਰਨ ਭਾਰਤ ਵਿੱਚ ਰਹਿੰਦੇ ਸਭ ਨਾਲੋਂ ਵੱਡੀ ਗਿਣਤੀ ਦੇ ਘੱਟ ਗਿਣਤੀਆਂ ਵਿੱਚ ਦੋਇਮ ਦਰਜੇ ਦੇ ਸ਼ਹਿਰੀ ਹੋਣ ਦੀ ਭਾਵਨਾ ਪੈਦਾ ਹੋਵੇਗੀ ਕਿ ਕੋਈ ਵੀ ਦੇਸ਼ ਭੂਗੋਲਿਕ ਰੇਖਾਵਾਂ, ਸਰਹੱਦਾਂ ਅਤੇ ਬਾਉਂਡਰੀਆਂ ਦੇ ਵਜੂਦ ਵਿੱਚ ਆਉਣ ਨਾਲ ਇੱਕ ਮੁਲਕ ਭਾਵੇਂ ਬਣ ਜਾਏ ਪਰ ਕਿਸੇ ਵੀ ਰਾਸ਼ਟਰ ਨੂੰ ਵਿਕਸਿਤ ਕਰਨ ਲਈ ਅਤੇ ਉਸ ਨੂੰ ਹਕੀਕੀ ਮਾਅਨਿਆਂ ਵਿੱਚ ਤਰੱਕੀ ਦੀਆਂ ਲੀਹਾਂ ਉੱਤੇ ਪਾਉਣ ਲਈ ਦੇਸ਼ ਦੇ ਹਾਕਮਾਂ ਦਾ ਇਹ ਮੁਢਲਾ ਫਰਜ਼ ਬਣਦਾ ਹੈ

ਬਾਕੀ ਸਫ਼ਾ 28 'ਤੇ

# ਸਿੰਘ ਸਭਾ ਲਹਿਰ ਅਤੇ ਗਿਆਨੀ ਦਿੱਤ ਸਿੰਘ ਦੀ ਸਿੱਖ ਜਾਗ੍ਰਿਤੀ ਲਹਿਰ 'ਚ ਭੂਮਿਕਾ

**ਬਿਮਲੇਸ਼ ਕੁਮਾਰ ਗੁਪਤਾ***

27 ਜੂਨ, 1839 ਈ. ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਠੀਕ ਦਸ ਸਾਲ ਪਿੱਛੋਂ 29 ਮਾਰਚ, 1849 ਈ. ਤੱਕ ਸਾਰਾ ਪੰਜਾਬ ਲਾਰਡ ਡਲਹੌਜ਼ੀ ਨੇ ਜ਼ਬਰਦਸਤੀ ਕਬਜ਼ੇ ਵਿਚ ਕਰ ਲਿਆ ਸੀ। ਦਸੰਬਰ 1846 ਈ. ਵਿਚ ਅੰਗਰੇਜ਼ਾਂ ਨੇ ਭੈਰੋਵਾਲ ਵਿਖੇ ਲਾਹੌਰ ਦਰਬਾਰ ਨਾਲ ਇਕ ਸੰਧੀ ਕੀਤੀ ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੇ ਬਾਲਿਗ ਹੋਣ ਤੱਕ ਪੰਜਾਬ ਦੀ ਰੱਖਿਆ ਅੰਗਰੇਜ਼ ਕਰਨਗੇ। ਪਰ ਅੰਗਰੇਜ਼ਾਂ ਦੇ ਦਿਲ ਵਿਚ ਬੇਈਮਾਨੀ ਸੀ, ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦੇ ਬਾਲਿਕ ਹੋਣ ਤੋਂ ਪਹਿਲਾਂ ਹੀ ਪੰਜਾਬ ਉੱਤੇ ਆਪਣਾ ਕਬਜ਼ਾ ਕਰ ਲਿਆ ਸੀ। ਆਪਣੇ ਰਾਜ ਦੀਆਂ ਜੜ੍ਹਾਂ ਮਜ਼ਬੂਤ ਕਰਨ ਹਿੱਤ ਅੰਗਰੇਜ਼ਾਂ ਨੇ ਈਸਾਈ ਧਰਮ ਦਾ ਲੋਕਾਂ ਵਿਚ ਪ੍ਰਚਾਰ ਆਰੰਭਿਆ। ਅੰਗਰੇਜ਼ੀ ਸਰਕਾਰ ਨੇ ਈਸਾਈ ਧਰਮ ਦੇ ਪ੍ਰਚਾਰ ਵਿਚ ਵਿਸ਼ੇਸ਼ ਰੁਚੀ ਦਿਖਾਈ। ਪੰਜਾਬ ਦੇ ਚੀਫ਼ ਕਮਿਸ਼ਨਰ ਸਰ ਜੌਹਨ ਲਾਰੰਸ ਨੇ ਆਪਣੀ ਜੇਬ ਵਿਚੋਂ 500/- ਰੁਪਏ ਧਰਮ ਪ੍ਰਚਾਰ ਲਈ ਦਾਨ ਦੇ ਰੂਪ ਵਿਚ ਦਿੱਤੇ। ਉਧਰ ਮਹਾਰਾਜਾ ਦਲੀਪ ਸਿੰਘ ਤੇ ਕਪੂਰਥਲੇ ਦੇ ਰਾਜਾ ਹਰਨਾਮ ਸਿੰਘ ਨੇ ਈਸਾਈ ਧਰਮ ਧਾਰਨ ਕਰ ਲਿਆ। 1873 ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਬੱਚਿਆਂ ਨੂੰ ਈਸਾਈ ਧਰਮ ਕਬੂਲ ਕਰਾਉਣ ਦੀ ਕੋਸ਼ਿਸ਼ ਕੀਤੀ ਗਈ। ਈਸਾਈ ਧਰਮ ਦੇ ਪ੍ਰਚਾਰ ਲਈ ਸਰਕਾਰ ਦੀ ਨੀਤੀ ਮਲਕਾ ਵਿਕਟੋਰੀਆ ਦੇ 1854 ਈ. ਵਿਚ ਲਾਰਡ ਡਲਹੌਜ਼ੀ ਨੂੰ ਲਿਖੇ ਪੱਤਰ ਤੋਂ ਸਪੱਸ਼ਟ ਹੋ ਜਾਂਦੀ ਹੈ ਜਿਸ ਵਿਚ ਇਹ ਆਸ ਪ੍ਰਗਟ ਕੀਤੀ ਗਈ ਕਿ ਦੇਸ਼ ਵਿਚ ਰੇਲਾਂ ਦਾ ਜਾਲ ਵਿਛਣ ਨਾਲ ਈਸਾਈ ਧਰਮ ਨੂੰ ਫੈਲਾਣ ਵਿਚ ਮਦਦ ਮਿਲੇਗੀ। 1901 ਈ. ਤੱਕ ਈਸਾਈ ਲੋਕਾਂ ਦੀ ਕੁੱਲ ਗਿਣਤੀ 71854 ਸੀ।

1835 ਈ. ਵਿਚ ਲੁਧਿਆਣੇ ਵਿਖੇ ਇਕ ਅਮਰੀਕਨ ਪ੍ਰੈਸ ਬਾਈਟੇਰੀਅਨ ਮਿਸ਼ਨ ਸਥਾਪਿਤ ਹੋ ਚੁੱਕਾ ਸੀ। ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਤੁਰੰਤ ਮਗਰੋਂ ਈਸਾਈ ਮਿਸ਼ਨ ਨੇ ਆਪਣੀਆਂ ਸਰਗਰਮੀਆਂ ਮਾਲਵੇ ਤੋਂ ਮਾਝੇ ਵਿਚ ਲੈ ਆਂਦੀਆਂ। ਪਾਦਰੀ ਜਾਹਨ ਨਿਊਟਨ ਤੇ ਪਾਦਰੀ ਫਾਰ ਮੈਨ 1849 ਈ. ਵਿਚ ਲਾਹੌਰ ਪੁੱਜੇ। ਇਨ੍ਹਾਂ ਦੀ ਚਰਚ ਮਿਸ਼ਨਰੀ ਸੁਸਾਇਟੀ ਨੇ ਅੰਮ੍ਰਿਤਸਰ ਅਤੇ ਲਾਹੌਰ ਦੇ ਆਲੇ-ਦੁਆਲੇ ਅਤੇ ਪਹਾੜਾਂ ਵਿਚ ਆਪਣੇ ਕੇਂਦਰ ਖੋਲ੍ਹੇ ਅਤੇ ਪੰਜਾਬੀਆਂ ਨੂੰ ਸਰਕਾਰੀ ਅਫ਼ਸਰਾਂ ਦੀ ਸਹਾਇਤਾ ਨਾਲ ਈਸਾਈ ਬਣਾਉਣਾ ਸ਼ੁਰੂ ਕੀਤਾ। ਮਹਾਰਾਜਾ ਦਲੀਪ ਸਿੰਘ ਨੂੰ 1853 ਈ. ਵਿਚ ਈਸਾਈ ਬਣਾਏ ਜਾਣਾ ਈਸਾਈ ਮਿਸ਼ਨਰੀਆਂ ਦੀ ਪਹਿਲੀ ਵੱਡੀ ਪ੍ਰਾਪਤੀ ਸੀ ਅਤੇ ਸਿੱਖਾਂ ਲਈ ਸਭ ਤੋਂ ਵੱਡਾ ਸਦਮਾ ਸੀ। ਇਸੇ ਸਾਲ ਹੀ ਲਾਹੌਰ ਵਿਖੇ ਮਿਸ਼ਨ ਸਕੂਲ ਖੋਲ੍ਹਿਆ ਗਿਆ ਜਿਸਦੇ ਪ੍ਰਭਾਵ ਅਧੀਨ ਸਿੱਖ ਵਿਦਿਆਰਥੀ ਈਸਾਈਅਤ ਵੱਲ ਖਿੱਚੇ ਗਏ। ਮਹਾਰਾਜੇ ਨੇ ਵੀ ਮਿਸ਼ਨਰੀਆਂ ਦੀ ਹਮਾਇਤ ਕੀਤੀ। ਮਹਾਰਾਜਾ ਦਲੀਪ ਸਿੰਘ ਤੋਂ ਛੁੱਟ ਪੰਜਾਬ ਵਿਚ ਬਹੁਤੇ ਮੁੱਢਲੇ ਈਸਾਈ ਅਛੂਤ ਜਾਤੀਆਂ ਵਿਚੋਂ ਬਣਾਏ ਗਏ ਅਤੇ ਇਸ ਕਾਰਵਾਈ ਨਾਲ ਪੰਜਾਬ 'ਅਛੂਤਾਂ' ਲਈ ਈਸਾਈ ਸ਼ਬਦ ਵਰਤਿਆ ਜਾਣ ਲੱਗਾ।

ਇਸ ਤੋਂ ਪਿੱਛੋਂ ਅਛੂਤਾਂ ਨੂੰ ਈਸਾਈ ਬਣਾਉਣ ਦੀ ਦਰ ਘਟਾ ਦਿੱਤੀ ਗਈ ਅਤੇ ਮਿਸ਼ਨਰੀਆਂ ਨੇ ਅਮੀਰ ਜੱਟਾਂ, ਖ਼ਤਰੀਆਂ ਅਤੇ ਕੁਝ ਪ੍ਰਸਿੱਧ ਸਿੱਖ ਘਰਾਣਿਆਂ ਨੂੰ ਈਸਾਈ ਬਣਾਇਆ। ਇਸ ਸਮੇਂ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲਾਗੇ ਗੁਰੂ ਦੇ ਬਾਗ ਵਿਚ ਪੰਡਤ ਸ਼ਰਧਾ ਰਾਮ ਫਿਲੌਰੀ ਨੇ ਰੋਜ਼ ਸ਼ਾਮ ਨੂੰ ਕਥਾ ਕਰਨੀ ਸ਼ੁਰੂ ਕਰ ਦਿੱਤੀ ਸੀ। ਪੰਡਿਤ ਫਿਲੌਰੀ ਨੂੰ ਲੁਧਿਆਣੇ ਦੇ ਈਸਾਈ ਮਿਸ਼ਨਰੀਆਂ ਨੇ ਸਿੱਖ ਵਿਰੋਧੀ ਪ੍ਰਚਾਰ ਲਈ ਨਿਯੁਕਤ ਕੀਤਾ ਹੋਇਆ ਸੀ। ਦੂਜੇ ਪਾਸੇ ਸੰਨ 1873 ਈ. ਵਿਚ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿੱਖ ਵਿਦਿਆਰਥੀਆਂ ਅਤਰ ਸਿੰਘ, ਆਇਆ ਸਿੰਘ, ਸੰਤੋਖ ਸਿੰਘ, ਸਾਧੂ ਸਿੰਘ ਨੇ ਈਸਾਈ ਧਰਮ ਵਿਚ ਸ਼ਾਮਲ ਹੋਣ ਦੀ ਇੱਛਾ ਪ੍ਰਗਟ ਕੀਤੀ ਤਾਂ ਦਰਦਮੰਦ ਸਿੱਖਾਂ ਨੂੰ ਹੁਣ ਪਾਣੀ ਸਿਰ ਤੋਂ ਲੰਘਦਾ ਜਾਪਿਆ। ਇਨ੍ਹਾਂ ਚਾਰ ਨੌਜਵਾਨਾਂ ਨੂੰ ਕਿਸੇ ਤਰ੍ਹਾਂ ਪਤਿਤ ਹੋਣ ਤੋਂ ਬਚਾ ਲਿਆ ਗਿਆ ਪਰ ਇਨ੍ਹਾਂ ਝਟਕਿਆਂ ਨੇ ਕੌਮੀ ਵਾਰਸਾਂ ਨੂੰ ਕੁੱਝ ਕਰ ਗੁਜ਼ਰਨ ਲਈ ਪ੍ਰੇਰਿਤ ਕੀਤਾ। ਇਸ ਸਮੁੱਚੇ ਘਟਨਾਕ੍ਰਮ ਦਾ ਨਤੀਜਾ ਇਹ ਹੋਇਆ ਕਿ ਸਿੱਖੀ- ਸਵੈ-ਮਾਣ ਨੂੰ ਪ੍ਰਚੰਡ ਕਰਨ ਲਈ ਅਕਤੂਬਰ 1873 ਈ. ਨੂੰ ਗੁਰਦੁਆਰਾ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਸਿੱਖਾਂ ਦੀ ਇਕ ਵਿਸ਼ਾਲ ਸਭਾ ਇਕੱਤਰ ਹੋਈ। ਇਸ ਸੰਦਰਭ ਵਿਚ ਸਿੱਖਾਂ ਦੀ ਪਹਿਲੀ ਸੁਧਾਰ ਸਭਾ, ਸਿੰਘ ਸਭਾ- ਨਾਮਧਾਰੀ ਕਾਂਡ ਤੋਂ ਇਕ ਸਾਲ ਬਾਅਦ 1873 ਈ. ਵਿਚ ਅੰਮ੍ਰਿਤਸਰ ਵਿਚ ਸਥਾਪਿਤ ਕੀਤੀ ਗਈ। ਇਸ ਦੀ ਪਹਿਲੀ ਮੀਟਿੰਗ ਦੁਸਹਿਰੇ ਵਾਲੇ ਦਿਨ (ਅਕਤੂਬਰ ੧) ਦੁਪਹਿਰ ਤੋਂ ਬਾਅਦ ਦੋ ਵਜੇ ਮੰਜੀ ਸਾਹਿਬ ਵਾਲੇ ਸਥਾਨ



'ਤੇ ਹੋਈ। ਇਸ ਵਿਚ ਪੁਜਾਰੀ, ਮਹੰਤ, ਗਿਆਨੀ, ਗ੍ਰੰਥੀ, ਉਦਾਸੀ ਨਿਰਮਲੇ ਸਿੱਖਾਂ ਤੋਂ ਇਲਾਵਾ ਪ੍ਰਮੁੱਖ ਸਿੱਖ ਸਰਦਾਰ ਜਿਵੇਂ ਠਾਕੁਰ ਸਿੰਘ ਸੰਧਾਵਾਲੀਆ ਜੋ ਇਸ ਦੇ ਰੂਹੇ-ਰਵਾਂ ਸਨ ਸ਼ਾਮਲ ਹੋਏ। ਇਸ ਤਰ੍ਹਾਂ ਸਭ ਤੋਂ ਪਹਿਲਾਂ ਸਿੰਘ ਸਭਾ ਦੀ ਸਥਾਪਨਾ 1873 ਈ. ਵਿਚ ਅੰਮ੍ਰਿਤਸਰ ਵਿਚ ਹੋਈ। ਸ. ਠਾਕਰ ਸਿੰਘ ਸੰਧਾਵਾਲੀਆ ਨੇ ਅੰਮ੍ਰਿਤਸਰ ਵਿਚ ਸਿੱਖ ਕੌਮ ਦੀਆਂ ਸਾਰੀਆਂ ਸੰਪਰਦਾਵਾਂ, ਗੁਰਦੁਆਰਿਆਂ ਦੇ ਪੁਜਾਰੀਆਂ, ਗਿਆਨੀਆਂ, ਗ੍ਰੰਥੀਆਂ ਤੇ ਹੋਰ ਸ਼੍ਰੇਣੀਆਂ ਦੇ ਪ੍ਰਤੀਨਿਧਾਂ ਦਾ ਇਕੱਠ ਬੁਲਾਇਆ ਅਤੇ ਸਿੰਘ ਸਭਾ ਦੀ ਸਥਾਪਨਾ ਦਾ ਫੈਸਲਾ ਕੀਤਾ। ਸਰਦਾਰ ਠਾਕਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ ਅਤੇ ਬਾਬਾ ਖੇਮ ਸਿੰਘ ਬੇਦੀ, ਇਸ ਸਭਾ ਵਿਚ ਸ਼ਾਮਲ ਹੋਣ ਵਾਲੀਆਂ ਪ੍ਰਮੁੱਖ ਹਸਤੀਆਂ ਸਨ। ਇਸ ਸਭਾ ਵਿਚ ਨਿਰਮਲੇ ਤੇ ਉਦਾਸੀ ਸਾਧੂ ਵੀ ਸ਼ਾਮਲ ਹੋਏ। ਸ਼ੁਰੂ ਵਿਚ ਸੌ ਦੇ ਲੱਗਭੱਗ ਇਸਦੇ ਮੈਂਬਰ ਬਣੇ।

1879 ਈ. ਵਿਚ ਉਨ੍ਹਾਂ ਨੇ ਆਪਣੀ ਅਗਵਾਈ ਹੇਠ ਲਾਹੌਰ ਵਿਚ ਸਭਾ ਦੀ ਸਥਾਪਨਾ ਕੀਤੀ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ, ਸਰ ਰਾਬਰਟ ਐਮਰਟਨ ਨੂੰ ਇਸ ਸਭਾ ਦਾ ਸਰਪ੍ਰਸਤ ਬਣਾਇਆ ਗਿਆ। ਅੰਮ੍ਰਿਤਸਰ ਦੇ ਲੀਡਰ ਛੂਤ-ਛਾਤ ਵਿਚ ਵਿਸ਼ਵਾਸ ਰੱਖਦੇ ਸਨ। ਜਦਕਿ ਲਾਹੌਰ ਵਾਲੇ ਛੂਤ-ਛਾਤ ਦੇ ਵਿਰੁੱਧ ਸਨ। ਬਾਬਾ ਖੇਮ ਸਿੰਘ ਬੇਦੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੱਦਾ ਲਗਾ ਕੇ ਬੈਠਣਾ ਸ਼ੁਰੂ ਕਰ ਦਿੱਤਾ ਸੀ। ਪ੍ਰੋ. ਗੁਰਮੁੱਖ ਸਿੰਘ ਹੁਰਾਂ ਨੇ ਇਸਨੂੰ ਮਨਮੱਤ ਦੱਸਿਆ ਅਤੇ ਇਸਦਾ ਜ਼ਬਰਦਸਤ ਵਿਰੋਧ ਕੀਤਾ। ਬਾਬਾ ਖੇਮ ਸਿੰਘ ਬੇਦੀ ਹੁਰਾਂ ਨੇ ਪ੍ਰੋ. ਗੁਰਮੁੱਖ ਸਿੰਘ ਨੂੰ ਸਿੱਖੀ ਵਿਚੋਂ ਛੇਕ ਦਿੱਤਾ ਅਖੀਰ ਪ੍ਰੋ. ਗੁਰਮੁਖ ਸਿੰਘ ਹੁਰਾਂ ਦੀ ਜਿੱਤ ਹੋਈ ਅਤੇ ਬਾਬਾ ਖੇਮ ਸਿੰਘ ਬੇਦੀ ਨੂੰ ਗੱਦੀ ਛੱਡਣੀ ਪਈ। ਸਿੰਘ ਸਭਾ ਲਹਿਰ ਨੇ ਸਮਾਜਿਕ, ਧਾਰਮਿਕ, ਸਾਹਿਤਕ, ਰਾਜਨੀਤਿਕ ਅਤੇ ਵਿਦਿਅਕ ਖੇਤਰਾਂ ਵਿਚ ਬਹੁਤ ਯੋਗਦਾਨ ਪਾਇਆ। ਅਸਲ ਵਿਚ ਇਸ ਲਹਿਰ ਦਾ ਜਨਮ ਹੀ ਸਿੱਖ ਧਰਮ ਨੂੰ ਦੂਜੇ ਧਰਮਾਂ ਵਿਚ ਰਲ-ਗੱਡ ਹੋਣ ਤੋਂ ਬਚਾਉਣ ਲਈ ਹੀ ਹੋਇਆ ਸੀ। ਜਿਹੜੇ ਸਿੱਖ ਗੁਰੂਆਂ ਦੁਆਰਾ ਦਿੱਤੀ ਸਿੱਖਿਆ ਨੂੰ ਭੁੱਲ ਕੇ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ ਤੇ ਬ੍ਰਾਹਮਣਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ। ਇਹ ਲਹਿਰ ਨੇ ਉਨ੍ਹਾਂ ਲੋਕਾਂ ਨੂੰ ਮੁੜ ਸਿੱਖੀ ਵੱਲ ਮੋੜਿਆ। ਉਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਦੇ ਵਾਸਤਵਿਕ ਸਿਧਾਂਤਾਂ ਨੂੰ ਸਿੱਖਾਂ ਦੇ ਅੱਗੇ ਰੱਖਿਆ। ਪਹਿਲਾਂ-ਪਹਿਲਾਂ ਪਿੰਡਾਂ ਦੇ ਲੋਕਾਂ ਨੇ ਇਸ ਲਹਿਰ ਦਾ ਵਿਰੋਧ ਕੀਤਾ। ਪਰੰਤੂ ਸਿੰਘ ਸਭਾ ਦੇ ਮੈਂਬਰ ਪੂਰੀ ਲਗਨ ਨਾਲ ਆਪਣੇ ਕੰਮ ਵਿਚ ਜੁੱਟੇ ਰਹੇ। ਸਿੰਘ ਸਭਾ ਦੇ ਪ੍ਰਚਾਰਕਾਂ ਨੇ ਇਕ ਗਾਇਕ ਮੰਡਲੀ ਦੁਆਰਾ ਪਿੰਡਾਂ ਵਿਚ ਜਾ-ਜਾ ਕੇ ਗੁਰਬਾਣੀ ਦੇ ਪ੍ਰਚਾਰ ਕੀਤਾ। ਉਨ੍ਹਾਂ ਨੇ ਮੂਰਤੀ ਪੂਜਾ, ਪੀਰਾਂ-ਫ਼ਕੀਰਾਂ ਦੀ ਪੂਜਾ ਤੇ ਮੜ੍ਹੀਆਂ ਦੀ ਪੂਜਾ ਆਦਿ ਦੀ ਨਿਖੇਧੀ ਕੀਤੀ। ਈਸਾਈ ਮੱਤ ਤੇ ਹੋਰ ਮੱਤਾਂ ਦੇ ਪ੍ਰਭਾਵ ਨਾਲ ਕਈ ਸਿੱਖ ਆਪਣੇ ਧਰਮ ਦਾ ਤਿਆਗ ਕਰਕੇ ਈਸਾਈ ਮੱਤ ਤੇ ਹੋਰ ਧਰਮ ਅਪਣਾਈ ਜਾ ਰਹੇ ਸਨ। ਸਿੰਘ ਸਭਾ ਅੰਦੋਲਨ ਦੇ ਪ੍ਰਚਾਰਕਾਂ ਨੇ ਉਨ੍ਹਾਂ ਨੂੰ ਮੁੜ ਸਿੱਖ ਧਰਮ ਵਿਚ ਲਿਆਂਦਾ ਜਿਹੜੇ ਈਸਾਈ ਧਰਮ, ਹਿੰਦੂ ਧਰਮ ਜਾਂ ਇਸਲਾਮ ਧਰਮ ਵਿਚ ਪ੍ਰਵੇਸ਼ ਕਰ ਚੁੱਕੇ ਸਨ। ਪ੍ਰਚਾਰਕਾਂ ਨੇ ਐਨਾ ਪ੍ਰਭਾਵਸ਼ਾਲੀ ਤੇ ਜ਼ੋਰਦਾਰ ਪ੍ਰਚਾਰ ਕੀਤਾ ਕਿ ਲੋਕਾਂ ਨੂੰ ਕੇਵਲ ਸਿੱਖ ਧਰਮ ਹੀ ਆਪਣੇ ਜੀਵਨ ਨੂੰ ਸਫ਼ਲ ਬਣਾਉਣ ਵਾਲਾ ਦਿਖਾਈ ਦੇਣ ਲੱਗ ਪਿਆ। ਸਿੱਖਾਂ ਦੀਆਂ ਧਾਰਮਿਕ ਪੁਸਤਕਾਂ ਦੀ ਛਾਣ-ਬੀਣ ਤੇ ਸਿੱਖ ਗੁਰੂਆਂ ਦੀਆਂ ਭਰੋਸੇਯੋਗ ਜੀਵਨੀਆਂ ਲਿਖਣ ਲਈ ਇਕ ਕਮੇਟੀ ਨਿਯੁਕਤ ਕੀਤੀ। ਸਿੱਖ ਧਰਮ ਦਾ ਸਹੀ ਰੂਪ ਦਰਸਾਉਣ ਲਈ, ਸਿੱਖ ਗੁਰੂਆਂ ਦੀ ਜੀਵਨੀ ਅਤੇ ਗੁਰਬਾਣੀ ਦੀ ਵਿਆਖਿਆ ਅਤੇ ਸਸਤੇ ਪ੍ਰਿੰਟ ਛਾਪੇ ਗਏ। ਸਿੰਘ ਸਭਾ ਦੇ ਉਤਸ਼ਾਹ ਤੇ ਹੀ ਮੈਕਾਲਫ ਨੇ ਸਿੱਖ ਧਰਮ ਬਾਰੇ ਛੇ ਜਿਲਦਾਂ ਵਿਚ ਲਿਖਿਆ। ਸਿੱਖ ਧਰਮ ਦੇ ਸੁਧਾਰ ਕੰਮ ਇੰਨਾਂ ਵੱਡਾ ਕੰਮ ਸੀ, ਜਿਸਦਾ ਕੋਈ ਅੰਤ ਹੀ ਨਹੀਂ ਸੀ। ਇਹ ਕੰਮ ਓਨਾਂ ਚਿਰ ਸਿਰੇ ਨਹੀਂ ਚੜ੍ਹ ਸਕਦਾ, ਜਿੰਨਾਂ ਚਿਰ ਤੱਕ ਸਿੱਖ ਗੁਰਦੁਆਰਿਆਂ ਨੂੰ ਵਿਗੜੇ ਹੋਏ ਵੱਡੀ-ਖੋਰ ਪੁਜਾਰੀਆਂ ਦੇ ਹੱਥੋਂ ਨਹੀਂ ਸੀ ਛੁਡਾਇਆ ਜਾਂਦਾ। ਬੜੀ ਕੋਸ਼ਿਸ਼ ਦੇ ਬਾਵਜੂਦ ਵੀ ਸਿੰਘ ਸਭਾ ਲਹਿਰ ਗੁਰਦੁਆਰਿਆਂ ਨੂੰ ਇਨ੍ਹਾਂ ਪਾਦਰੀਆਂ ਦੇ ਕਬਜ਼ੇ ਵਿਚੋਂ ਨਾ ਛੁਡਾ ਸਕੀ ਨਤੀਜੇ ਵਜੋਂ ਗੁਰਦੁਆਰਿਆਂ ਨੂੰ ਮੁਕਤ ਕਰਾਉਣ ਦਾ ਕੰਮ ਅਕਾਲੀ ਲਹਿਰ ਦੇ ਹਿੱਸੇ ਆਇਆ। ਸਿੰਘ ਸਭਾ ਨੇ ਸਮਾਜਿਕ ਖੇਤਰ ਵਿਚ ਵੀ ਮਹੱਤਵਪੂਰਨ ਕੰਮ ਕੀਤੇ। ਸਿੰਘ ਸਭਾ ਨੇ ਸਮਾਜ ਵਿਚ ਫੈਲੀਆਂ ਹੋਈਆਂ ਬੁਰਾਈਆਂ ਜਿਵੇਂ ਕਿ ਛੂਤ-ਛਾਤ, ਬਾਲ-ਵਿਆਹ ਅਤੇ ਲੜਕੀਆਂ ਨੂੰ ਮਾਰਨ ਆਦਿ ਨੂੰ ਲੋਕਾਂ ਸਾਹਮਣੇ ਲਿਆਂਦਾ। ਸਿੰਘ ਸਭਾ ਲਹਿਰ ਦੇ ਪ੍ਰਚਾਰਕਾਂ ਨੇ ਅਨਾਥਾਂ ਲਈ ਆਸ਼ਰਮ ਖੋਲ੍ਹੇ। ਅੰਮ੍ਰਿਤਸਰ ਵਿਚ ਕੇਂਦਰੀ ਖਾਲਸਾ ਅਨਾਥ ਆਸ਼ਰਮ ਖੋਲ੍ਹਿਆ ਗਿਆ। ਜਿਸ ਵਿਚ ਉਨ੍ਹਾਂ ਦੀ ਪੂਰੀ ਸੇਵਾ ਕੀਤੀ ਜਾਂਦੀ ਸੀ। ਗਰੀਬ ਲੋਕਾਂ ਲਈ ਹਸਪਤਾਲ ਵੀ ਖੁੱਲ੍ਹਵਾਏ, ਜਿੱਥੇ ਉਨ੍ਹਾਂ ਦੀ ਪੂਰੀ ਸੇਵਾ ਕੀਤੀ ਜਾਂਦੀ ਸੀ। ਸਿੰਘ ਸਭਾ ਲਹਿਰ ਨੇ ਪੰਜਾਬ ਵਿਚ ਸਿੱਖ ਧਰਮ ਅਨੁਸਾਰ ਸਿੱਖਿਆ ਦਾ ਵਿਕਾਸ ਕਰਨ ਲਈ ਥਾਂ-ਥਾਂ ਖਾਲਸਾ ਸਕੂਲ ਖੁੱਲਵਾਏ। ਛੇਤੀ ਹੀ ਪੜ੍ਹੇ-ਲਿਖੇ ਲੋਕ ਇਸ ਲਹਿਰ ਵਿਚ ਲਹਿਰ ਵਿਚ ਸ਼ਾਮਲ ਹੋ ਗਏ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਕਈ ਸਕੂਲਾਂ ਤੇ ਉਚੇਰੀ ਸਿੱਖਿਆ ਦੇ ਵਿਕਾਸ ਲਈ ਕਈ ਕਾਲਜਾਂ ਦੀ ਸਥਾਪਨਾ ਕੀਤੀ ਗਈ। ਖਾਲਸਾ ਕਾਲਜ ਅੰਮ੍ਰਿਤਸਰ ਸਿੰਘ ਸਭਾ ਲਹਿਰ ਦੀ ਬਹੁਤ ਵੱਡੀ ਪ੍ਰਾਪਤੀ ਸੀ। ਇਸ ਕਾਲਜ ਦੀ ਨੀਂਹ 5 ਮਾਰਚ, 1892 ਈ. ਨੂੰ ਸਰ ਜੇਮਜ਼ ਲਾਇਲ ਨੇ ਰੱਖੀ ਅਤੇ 1899 ਈ. ਤੱਕ ਇਹ ਡਿਗਰੀ ਕਾਲਜ ਬਣਾਇਆ ਗਿਆ। ਸਿੰਘ ਸਭਾ ਲਹਿਰ ਦੇ ਪ੍ਰਚਾਰਕਾਂ ਨੇ ਇਸਤਰੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਦੇ ਪ੍ਰਚਾਰਕ ਇਹ ਗੱਲ ਭਲੀ-ਭਾਂਤ ਜਾਣਦੇ ਸਨ ਕਿ ਇਸਤਰੀ ਨੂੰ ਅਨਪੜ੍ਹ ਰੱਖ ਕੇ ਉਨਤੀ ਨਹੀਂ ਕੀਤੀ ਜਾ ਸਕਦੀ। ਇਸ ਲਈ ਉਨ੍ਹਾਂ ਨੇ ਕਈ ਥਾਵਾਂ 'ਤੇ ਲੜਕੀਆਂ ਲਈ ਸਕੂਲ ਤੇ ਕਾਲਜ ਖੋਲ੍ਹੇ। ਭਾਈ ਤਖ਼ਤ ਸਿੰਘ ਵਲੋਂ ਇਸੇ ਉਦੇਸ਼ ਦੀ ਪ੍ਰਾਪਤੀ ਲਈ ਸਿੱਖ ਕੰਨਿਆ ਮਹਾਂਵਿਦਿਆਲਾ ਖੋਲ੍ਹਿਆ ਗਿਆ। ਇਥੇ ਹੀ ਭਾਈ ਤਖ਼ਤ ਸਿੰਘ ਕੋਲ ਗਿਆਨੀ ਦਿੱਤ ਸਿੰਘ ਦੀ ਪਤਨੀ ਨੇ ਆਪਣਾ ਬੁਢਾਪਾ ਕੱਟਿਆ ਗਿਆ ਸਿੰਘ ਸਭਾ ਲਹਿਰ ਨੇ ਇਸਤਰੀ ਸਿੱਖਿਆ ਦੇ ਨਾਲ-ਨਾਲ ਸਾਹਿਤ ਦੇ ਖੇਤਰ ਵਿਚ ਵੀ ਮਹੱਤਵਪੂਰਨ ਕਰਾਂਤੀ ਲਿਆਂਦੀ। ੧੮੭੭ ਈ. ਵਿਚ ਭਾਈ ਗੁਰਮੁਖ ਸਿੰਘ ਨੇ ਲਾਹੌਰ ਓਰੀਐਂਟਲ ਕਾਲਜ ਵਿਚ ਪੰਜਾਬੀ ਭਾਸ਼ਾ ਚਾਲੂ ਕਰਵਾਈ। ਇਨ੍ਹਾਂ ਦੇ ਯਤਨਾਂ ਸਦਕਾ ਪੰਜਾਬੀ ਭਾਸ਼ਾ ਦਾ ਪ੍ਰਚਾਰ ਹੋ ਸਕਿਆ।

ਸਿੰਘ ਸਭਾ ਲਹਿਰ ਨੇ ਲਗਭਗ ਇਕ ਦਰਜਨ ਅਖ਼ਬਾਰਾਂ ਤੇ ਰਸਾਲੇ ਚਾਲੂ ਕੀਤੇ ਜਿਨ੍ਹਾਂ ਦਾ ਉਦੇਸ਼ ਧਰਮ ਵਿਚ ਸੁਧਾਰ ਲਿਆਉਣ ਦੇ ਨਾਲ-ਨਾਲ ਉਸ ਸਮੇਂ ਸਮਾਜਿਕ-ਧਾਰਮਿਕ ਵਿਸ਼ਿਆਂ ਅਤੇ ਰਾਜਸੀ ਵਿਚਾਰਾਂ ਅਨੁਸਾਰ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦਾ ਵਿਕਾਸ ਕਰਨਾ ਸੀ। ਉਸ ਸਮੇਂ ਦੇ ਅਖ਼ਬਾਰਾਂ ਤੇ ਰਸਾਲਿਆਂ ਵਿਚੋਂ ਖਾਲਸਾ ਸਮਾਚਾਰ, ਖਾਲਸਾ ਅਖ਼ਬਾਰ, ਪੰਜਾਬੀ ਦਰਪਨ, ਦੁਖ ਨਿਵਾਰਨ, ਸਿੰਘ ਸਭਾ ਰਾਸ਼ਟਰ, ਖਾਸ ਤੌਰ ਤੇ ਵਰਨਣਯੋਗ ਹਨ। ਇੰਝ ਸਿੰਘ ਸਭਾ ਲਹਿਰ ਨੇ ਪੰਜਾਬੀ ਭਾਸ਼ਾ ਨੂੰ ਇਕ ਨਵਾਂ ਸਾਹਿਤਕ ਦਰਜਾ ਦਿੱਤਾ। ਭਾਵੇਂ ਪੰਜਾਬੀ ਸਰਕਾਰੀ ਬੋਲੀ ਨਾ ਬਣ ਸਕੀ ਪਰ ਸਿੱਖਾਂ ਨੇ ਇਸ ਨੂੰ ਆਪਣੇ ਸਭਿਆਚਾਰ ਦਾ ਇਕ ਭਾਗ ਬਣਾ ਲਿਆ ਅਤੇ ਇਹ ਬੋਲੀ ਹਰਮਨ-ਪਿਆਰੀ ਬਣ ਗਈ। ਸਿੰਘ ਸਭਾ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਛਾਪੇਖਾਨੇ ਲਾਏ। ਇਸ ਛਾਪੇਖਾਨੇ ਵਿਚ 'ਖਾਲਸਾ ਅਖ਼ਬਾਰ' ਛਾਪੀ ਜਾਂਦੀ ਸੀ। ਸਿੱਖ ਧਰਮ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਵੀ ਇਸੇ ਛਾਪੇਖਾਨੇ ਤੋਂ ਛਾਪੀਆਂ ਜਾਣ ਲੱਗੀਆਂ। ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖਾਲਸਾ' ਤੇ 'ਪੰਥ ਪ੍ਰਕਾਸ਼' ਜਿਹੇ ਪ੍ਰਸਿੱਧ ਗ੍ਰੰਥਾਂ ਦੀ ਰਚਨਾ ਕੀਤੀ। ਪ੍ਰੋ. ਗੁਰਮੁਖ ਸਿੰਘ ਨੇ 'ਭਾਰਤ ਦਾ ਇਤਿਹਾਸ' ਨਾਂ ਦੇ ਗ੍ਰੰਥ ਦੀ ਰਚਨਾ ਕੀਤੀ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਵਿਸ਼ਵ ਕੋਸ਼ 'ਗੁਰੁ ਸ਼ਬਦ ਰਤਨਾਕਰ' ਦੀ ਰਚਨਾ ਕੀਤੀ। ਸਿੰਘ ਸਭਾ ਅੰਦੋਲਨ ਦੇ ਪ੍ਰਭਾਵ ਹੇਠ ਹੀ ਭਾਈ ਵੀਰ ਸਿੰਘ ਨੇ ੧੮੯੪ ਈ. ਵਿਚ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਸੀ। ਇਸ ਸੁਸਾਇਟੀ ਨੇ ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਛੋਟੀਆਂ-ਛੋਟੀਆਂ ਅਨੇਕ-ਕਿਤਾਬਾਂ ਛਾਪੀਆਂ ਸਨ। ਉਨੀਵੀਂ ਸਦੀ ਦੇ ਅੱਧ ਵਿਚਕਾਰ ਸਵਾਮੀ ਦਯਾਨੰਦ ਸਰਸਵਤੀ ਨੇ ਆਪਣੇ ਗ੍ਰੰਥ 'ਸਤਿਆਰਥ ਪ੍ਰਕਾਸ਼' ਵਿਚ ਗੁਰੂ ਨਾਨਕ ਖਿਲਾਫ਼ ਲਿਖਿਆ ਤਾਂ ਆਰੀਆ ਸਮਾਜ ਦੇ ਸਿੱਖ ਹਮਾਇਤੀ ਵੀ ਆਰੀਆ ਸਮਾਜ ਦੇ ਇਸ ਪ੍ਰਚਾਰ ਵਿਰੁੱਧ ਡੱਟ ਗਏ। ਗਿਆਨੀ ਦਿੱਤ ਸਿੰਘ ਨੇ ਸਵਾਮੀ ਦਯਾਨੰਦ ਦੇ ਵੇਦਾਂ ਦੇ ਅਲਾਹਮੀ ਬਾਣੀ ਹੋਣ ਦੇ ਸੰਕਲਪ ਦਾ ਜ਼ੋਰਦਾਰ ਖੰਡਨ ਕੀਤਾ। ਗਿਆਨੀ ਦਿੱਤ ਸਿੰਘ ਨੇ ਸਵਾਮੀ ਦਯਾਨੰਦ ਨੂੰ ਸ਼ਾਸਤ੍ਰਾਰਥ ਵਿਚ ਤਿੰਨ ਵਾਰ ਕਰਾਰੀ ਹਾਰ ਦਿੱਤੀ। 'ਖਾਲਸਾ ਅਖ਼ਬਾਰ' ਵਿਚ ਗਿਆਨੀ ਦਿੱਤ ਸਿੰਘ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਹ ਆਪਣੇ ਆਖ਼ਰੀ ਸਮੇਂ ਤੱਕ ਇਸ ਅਖ਼ਬਾਰ ਨਾਲ ਜੁੜੇ ਰਹੇ। ਸਿੰਘ ਸਭਾ ਦੇ ਆਸ਼ਿਆਂ ਨੂੰ ਪੂਰਾ ਕਰਨ ਵਿਚ ਗਿਆਨੀ ਦਿੱਤ ਸਿੰਘ ਨੇ ਆਪਣੀ ਪੂਰੀ ਵਾਹ ਲਾ ਦਿੱਤੀ। ਇਸ ਸਮੇਂ ਲੋਕਾਂ ਵਿਚ ਵਹਿਮਾਂ-ਭਰਮਾਂ, ਝੂਠੇ ਰੀਤੀ-ਰਿਵਾਜ਼ਾਂ ਤੇ ਹੋਰ ਕਈ ਤਰ੍ਹਾਂ ਦੇ ਪਾਖੰਡਾਂ ਦਾ ਬੋਲ-ਬਾਲਾ ਹੋ ਗਿਆ ਸੀ। ਇਸ ਪ੍ਰਭਾਵ ਨੂੰ ਖ਼ਤਮ ਕਰਨ ਲਈ ਗਿਆਨੀ ਦਿੱਤ ਸਿੰਘ ਨੇ ਬਹੁਤ ਸਾਰਾ ਸਾਹਿਤ ਰਚਿਆ। ਅੰਗਰੇਜ਼ ਵਿਦਵਾਨ ਮੈਕਾਲਫ ਨੇ ਲੰਬਾ ਸਮਾਂ ਸਿੱਖ ਧਰਮ ਦਾ ਅਧਿਐਨ ਕਰਕੇ 'ਸਿੱਖ ਰਿਲੀਜਨ' ਪੁਸਤਕ ਲਿਖੀ। ਉਸ ਪੁਸਤਕ ਵਿਚ ਪੰਜ ਉਨ੍ਹਾਂ ਵਿਦਵਾਨਾਂ ਦੀਆਂ ਫੋਟੋਆਂ ਲਾਈਆਂ ਗਈਆਂ ਜਿਨ੍ਹਾਂ ਤੋਂ ਮੈਕਾਲਫ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਲਈ ਮਦਦ ਲਿਆ ਕਰਦਾ ਸੀ। ਗਿਆਨੀ ਦਿੱਤ ਸਿੰਘ ਉਨ੍ਹਾਂ ਵਿਚੋਂ ਇਕ ਸਨ। ਗਿਆਨੀ ਦਿੱਤ ਸਿੰਘ ਉਨੀਵੀਂ ਸਦੀ ਦੀ ਪਿਛਲੀ ਚੌਥਾਈ ਦੇ ਪੰਜਾਬੀ ਦੇ ਉੱਘੇ ਸਾਹਿਤਕਾਰ ਸਨ। ਜਿਨ੍ਹਾਂ ਨੇ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਦੇ ਵਿਚਕਾਰਲੇ ਸੰਕ੍ਰਾਂਤੀ ਕਾਲ ਸਮੇਂ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ ਕੀਤਾ। ਨਵ-ਜਾਗਰਣ ਕਾਲ ਵਿਚ ਸਿੱਖ ਚੰਗੇਰੀ ਉਪਜੀਵਕਾ ਦੀ ਤਲਾਸ਼ ਵਿਚ ਸੰਸਾਰ ਦੇ ਸੌ ਤੋਂ ਵੱਧ ਦੇਸ਼ਾਂ ਵਿਚ ਪ੍ਰਵਾਸ ਕਰ ਗਏ ਹਨ। ਉਨ੍ਹਾਂ ਨੇ ਆਪਣੀ ਭਾਸ਼ਾ ਧਰਮ ਅਤੇ ਸਭਿਆਚਾਰ ਦੀ ਸੁਰੱਖਿਆ ਲਈ ਲੋੜੀਂਦੇ ਯਤਨ ਕੀਤੇ ਹਨ। ਵਿਦੇਸ਼ਾਂ ਵਿਚ ਜੰਮੀ ਪਲੀ ਆਪਣੀ ਸੰਤਾਨ ਨੂੰ ਆਪਣੇ ਧਰਮ ਨਾਲ ਜੋੜੀ ਰੱਖਣਾ ਉਨ੍ਹਾਂ ਨੂੰ ਆਪਣੀ ਹੋਂਦ ਲਈ ਜ਼ਰੂਰੀ ਜਾਪਿਆ ਹੈ। ਸਿੰਘ ਸਭਾ ਲਹਿਰ ਉਨੀਵੀਂ ਸਦੀ ਦੀ ਸਿੱਖੀ ਦੀ ਪੁਨਰ-ਸੁਰਜੀਤੀ ਦੀ ਲਹਿਰ ਸੀ। ਸਿੰਘ ਸਭਾ ਲਹਿਰ ਅਧੀਨ ਗਿਆਨੀ ਦਿੱਤ ਸਿੰਘ ਅਤੇ ਹੋਰ ਵਿਦਵਾਨਾਂ ਨੇ ਆਪਣੇ ਸਾਹਿਤ ਰਾਹੀਂ ਸਿੱਖਿਆ ਦਾ ਆਧੁਨਿਕੀਕਰਨ ਕਰਕੇ ਸਿੱਖਾਂ ਨੂੰ ਨਵੀਆਂ ਚੁਣੌਤੀਆਂ ਦੇ ਯੋਗ ਬਣਾਇਆ। ਗਿਆਨੀ ਦਿੱਤ ਸਿੰਘ ਨਵ-ਜਾਗਰਣ ਕਾਲ ਵਿਚ ਇਕ ਅਜਿਹਾ ਧਰੂ ਤਾਰਾ ਸੀ ਜਿਸ ਨੇ ਆਪਣੀ ਸੂਝਬੂਝਤਾ ਅਤੇ ਸਾਹਿਤਕਾਰੀ ਰਾਹੀਂ ਹਰ ਤਰ੍ਹਾਂ ਦੀਆਂ ਕੁਰਿਹਤਾਂ ਦਾ ਖੰਡਨ ਕੀਤਾ ਅਤੇ ਤੱਤਕਾਲੀਨ ਸਿੱਖ ਬੁੱਧੀਜੀਵੀਆਂ ਅਤੇ ਨੇਤਾਵਾਂ ਨੂੰ ਇਕ ਸਿੰਘ ਸਭਾ ਲਹਿਰ ਦੇ ਝੰਡੇ ਹੇਠ ਲਾਮਬੱਧ ਕਰਕੇ ਇਕ ਸਦੀਵੀ ਮਹੱਤਵ ਵਾਲਾ ਇਤਿਹਾਸਕ ਕਾਰਜ ਕੀਤਾ।

**ਗਿਆਨੀ ਦਿੱਤ ਸਿੰਘ ਉਨੀਵੀਂ ਸਦੀ ਦੀ ਪਿਛਲੀ ਚੌਥਾਈ ਦੇ ਪੰਜਾਬੀ ਦੇ ਉੱਘੇ ਸਾਹਿਤਕਾਰ ਸਨ। ਜਿਨ੍ਹਾਂ ਨੇ ਮੱਧਕਾਲੀਨ ਅਤੇ ਆਧੁਨਿਕ ਸਾਹਿਤ ਦੇ ਵਿਚਕਾਰਲੇ ਸੰਕ੍ਰਾਂਤੀ ਕਾਲ ਸਮੇਂ ਪੰਜਾਬੀ ਸਾਹਿਤ ਦਾ ਘੇਰਾ ਵਿਸ਼ਾਲ ਕੀਤਾ। ਨਵ-ਜਾਗਰਣ ਕਾਲ ਵਿਚ ਸਿੱਖ ਚੰਗੇਰੀ ਉਪਜੀਵਕਾ ਦੀ ਤਲਾਸ਼ ਵਿਚ ਸੰਸਾਰ ਦੇ ਸੌ ਤੋਂ ਵੱਧ ਦੇਸ਼ਾਂ ਵਿਚ ਪ੍ਰਵਾਸ ਕਰ ਗਏ ਹਨ। ਉਨ੍ਹਾਂ ਨੇ ਆਪਣੀ ਭਾਸ਼ਾ ਧਰਮ ਅਤੇ ਸਭਿਆਚਾਰ ਦੀ ਸੁਰੱਖਿਆ ਲਈ ਲੋੜੀਂਦੇ ਯਤਨ ਕੀਤੇ ਹਨ। ਵਿਦੇਸ਼ਾਂ ਵਿਚ ਜੰਮੀ ਪਲੀ ਆਪਣੀ ਸੰਤਾਨ ਨੂੰ ਆਪਣੇ ਧਰਮ ਨਾਲ ਜੋੜੀ ਰੱਖਣਾ ਉਨ੍ਹਾਂ ਨੂੰ ਆਪਣੀ ਹੋਂਦ ਲਈਜ਼ਰੂਰੀ ਜਾਪਿਆ ਹੈ। ਸਿੰਘ ਸਭਾ ਲਹਿਰ ਉਨੀਵੀਂ ਸਦੀ ਦੀ ਸਿੱਖੀ ਦੀ ਪੁਨਰ-ਸੁਰਜੀਤੀ ਦੀ ਲਹਿਰ ਸੀ। ਸਿੰਘ ਸਭਾ ਲਹਿਰ ਅਧੀਨ ਗਿਆਨੀ ਦਿੱਤ ਸਿੰਘ ਅਤੇ ਹੋਰ ਵਿਦਵਾਨਾਂ ਨੇ ਆਪਣੇ ਸਾਹਿਤ ਰਾਹੀਂ ਸਿੱਖਿਆ ਦਾ ਆਧੁਨਿਕੀਕਰਨ ਕਰਕੇ ਸਿੱਖਾਂ ਨੂੰ ਨਵੀਆਂ ਚੁਣੌਤੀਆਂ ਦੇ ਯੋਗ ਬਣਾਇਆ।**

* ਐਸੋਸੀਏਟ ਪ੍ਰੋਫੈਸਰ, ਮੁਖੀ, ਪੰਜਾਬੀ ਵਿਭਾਗ, ਕਮਲਾ ਲੋਹਟੀਆ ਐਸ.ਡੀ.ਕਾਲਜ,ਲੁਧਿਆਣਾ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਅਜੋਕੇ ਯੁੱਗ ਵਿਚ ਗੁਰੂ ਨਾਨਕ ਫਿਲਾਸਫੀ ਦੀ ਮਹੱਤਤਾ

**ਡਾਕਟਰ ਸੁਖਦੇਵ ਸਿੰਘ**

ਕਰਤਾਰਪੁਰ ਲਾਂਘੇ ਨੇ ਦੁਨੀਆ ਭਰ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਫ਼ਿਲਾਸਫੀ ਬਾਰੇ ਚਿੰਤਨ ਅਤੇ ਅਜੋਕੇ ਜੀਵਨ ਵਿਚ ਉਸ ਦੀ ਪ੍ਰਸੰਗਤਾ ਬਾਬਤ ਵਿਚਾਰਾਂ ਤੇ ਬਹਿਸ ਨੂੰ ਉਪਜਾਇਆ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਉਸ ਵੇਲੇ ਹੋਇਆ ਜਦੋਂ ਮੱਧਕਾਲੀਨ ਯੁੱਗ ਦਾ ਭਾਰਤ ਲਈ ਇਕ ਭਿਅੰਕਰ ਸਮਾਂ ਸੀ, ਜਦੋਂ ਵਿਦੇਸ਼ੀ ਧਾੜਵੀਆਂ ਤੇ ਸਥਾਨਕ ਰਾਜਿਆਂ ਤੇ ਹੋਰ ਰੁਤਬਾਕਾਰਾਂ ਨੇ ਆਮ ਇਨਸਾਨ ਦਾ ਜੀਵਨ ਕੰਡਿਆਂ ਦੇ ਮੋੜੇ ਸਮਾਨ ਕੀਤਾ ਹੋਇਆ ਸੀ। 'ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ, ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ'। ਵੱਖ-ਵੱਖ ਤਰ੍ਹਾਂ ਦੇ ਤੇ ਭਿੰਨ ਰੂਪਾਂ ਵਿਚ ਅੱਤਿਆਚਾਰ, ਜ਼ੁਲਮ, ਔਰਤਾਂ ਦਾ ਉਧਾਲਾ, ਜਬਰ ਜਨਾਹ, ਬੇਲਗਾਮ ਲੁੱਟ-ਖਸੁੱਟ, ਜਬਰੀ ਧਰਮ ਪਰਿਵਰਤਨ, ਪੁਜਾਰੀ ਜਮਾਤਾਂ ਦੁਆਰਾ ਚਲਾਕੀ ਨਾਲ ਉਜਾਇਆ ਅੰਧ-ਵਿਸ਼ਵਾਸ, ਵਹਿਮ, ਭਰਮ, ਸੰਸਾਰ ਤਜਣ, ਭਾਗਵਾਦ, ਵਿਅਰਥ ਕਰਮ-ਕਾਂਡ, ਅਮਾਨਵੀ ਕਾਨੂੰਨਾਂ ਤੇ ਕਦਰਾਂ-ਕੀਮਤਾਂ ਤਹਿਤ ਜਕੜੀ ਜ਼ਿੰਦਗੀ ਆਦਿ ਕਰਕੇ ਭਾਰਤ ਤੇ ਖਾਸ ਕਰਕੇ ਉੱਤਰੀ ਭਾਰਤ ਵਿਚ ਜ਼ੁਲਮਈ ਦੌਰ ਸੀ।

ਗੁਰੂ ਨਾਨਕ ਦੇਵ ਜੀ ਨੇ ਇਸ ਔਖੇ ਵੇਲੇ ਲੋਕਾਈ ਨੂੰ ਨਾ ਸਿਰਫ ਅਧਿਆਤਮਿਕਤਾ ਤੇ ਰੂਹਾਨੀਅਤ ਬਖ਼ਸ਼ੀ, ਬਲਕਿ ਸਮੇਂ ਦੇ ਹਾਕਮਾਂ ਨੂੰ ਵੰਗਾਰਿਆ ਅਤੇ ਲੋਕਾਂ ਸਾਹਮਣੇ ਸੁੱਚੀ, ਹੁਲਾਸਪੂਰਨ ਤੇ ਅੰਧਵਿਸ਼ਵਾਸਾਂ ਰਹਿਤ ਜ਼ਿੰਦਗੀ ਜਿਊਣ ਦਾ ਖਾਕਾ ਪ੍ਰਦਾਨ ਕੀਤਾ ਅਤੇ ਲੋਕ-ਪੱਖੀ, ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਉਪਜਾਇਆ। ਇਹ ਖ਼ਾਕਾ ਨਿੱਜੀ ਜ਼ਿੰਦਗੀ ਦੇ ਨਾਲ ਸਮੁੱਚੇ ਸਮਾਜ ਲਈ ਵੀ ਇਕ ਮਾਰਗ ਦਰਸ਼ਕ ਹੈ। ਗੁਰੂ ਨਾਨਕ ਸਾਹਿਬ ਦੀ ਵਡੱਤਣਾ ਇਸ ਕਰਕੇ ਵੀ ਉੱਤਮ ਹੈ ਕਿ ਉਨ੍ਹਾਂ ਨੇ ਆਪਣੇ ਫਿਲਾਸਫੀਕਲ ਵਿਚਾਰਾਂ ਤੇ ਉਪਦੇਸ਼ਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਕੇ ਦਿਖਾਇਆ ਅਤੇ ਲੋਕਾਈ ਨੂੰ ਜੀਵਨ ਦੇ ਅਸਲੀ ਧਰਮ ਬਾਰੇ ਦੱਸਿਆ। ਅਜੋਕੇ ਯੁੱਗ ਵਿਚ ਦੇਖੀਏ ਤਾਂ ਮਹਿਸੂਸ ਹੁੰਦਾ ਹੈ ਕਿ ਹੁਣ ਵੀ ਸਮਾਜ ਵਿਚ ਲੁੱਟ-ਖਸੁੱਟ, ਅਨਿਆਂ, ਬੇਵਸੀ ਦਾ ਦੌਰ ਹੈ ਭਾਵੇਂ ਕਿ ਇਸ ਲੁੱਟ ਦੇ ਰੂਪ ਬਦਲ ਗਏ ਹਨ ਅਤੇ ਮਿੱਠੇ ਜ਼ਹਿਰਾਂ, ਨਿਗੂਣੇ ਲਾਭਾਂ ਤੇ ਲਾਰਿਆਂ ਨੇ ਲੋਕ ਨਿਕੰਮੇ ਕਰ ਦਿੱਤੇ ਹਨ। ਅੱਜ ਵੀ ਆਪਣੇ ਦੁਆਰਾ ਚੁਣੇ ਲੀਡਰਾਂ ਤੋਂ ਆਪਣੇ ਜਾਇਜ਼ ਕੰਮ ਕਰਵਾਉਣੇ ਜਾਂ ਤਕਲੀਫ ਦੱਸਣਾ ਮਾਨੋ ਅਰਸ਼ੋਂ ਤਾਰੇ ਤੋੜਨ ਸਮਾਨ ਹੈ। ਅਜਿਹੇ ਹੋਣ ਦਾ ਇਕ ਕਾਰਨ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੋਂ ਬੇਮੁੱਖ ਹੋਣਾ ਅਤੇ ਲੋਕਾਂ ਨੂੰ ਰਾਜ ਖਾਤਰ ਇਸਤੇਮਾਲ ਕਰਨਾ ਹੈ। ਅਜੋਕੇ ਰਾਜਨੀਤੀਵਾਨ ਜੇ ਥੋੜ੍ਹਾ ਵੀ ਗੁਰੂ ਦੇ ਸੰਦੇਸ਼ਾਂ ਮੁਤਾਬਿਕ ਚੱਲਣ ਤਾਂ ਸਮਾਜ ਦੀ ਕਾਇਆ ਕਲਪ ਹੋ ਸਕਦੀ ਹੈ। ਰੱਬ ਖੈਰ ਕਰੇ।

ਅਨਾਜ ਮਨੁੱਖੀ ਜੀਵਨ ਦੀ ਹੋਂਦ ਲਈ ਜ਼ਰੂਰੀ ਹੈ ਅਤੇ ਇਸ ਨੂੰ ਕਿਸਾਨ ਹੀ ਉਪਜਾਉਂਦਾ ਹੈ। ਹਜ਼ਾਰਾਂ ਸਾਲਾਂ ਤੋਂ ਲੈ ਕੇ ਹੁਣ ਤੱਕ ਮਨੁੱਖਤਾ ਦਾ ਪ੍ਰਮੁੱਖ ਧੰਦਾ ਖੇਤੀ ਹੀ ਰਿਹਾ ਹੈ ਅਤੇ ਉਪਜੀਆਂ ਫਸਲਾਂ ਤੋਂ ਤਿਆਰ ਮਾਲ ਨਾਲ ਵਪਾਰ ਚਲਦਾ ਸੀ ਪਰ ਇਸ ਕਿੱਤੇ ਨੂੰ, ਖਾਸ ਕਰਕੇ ਭਾਰਤ ਵਿਚ, ਮਾਣ-ਸਤਿਕਾਰ ਨਹੀਂ ਸੀ ਮਿਲਦਾ। ਪੁਜਾਰੀ ਤਾਂ ਖੇਤੀ ਨੂੰ ਗੰਵਾਰਾਂ ਦਾ ਧੰਦਾ ਦੱਸਦੇ ਸਨ ਅਤੇ ਖ਼ੁਦ ਕਦੇ ਆਪਣੇ ਹੱਥ ਧਰਤੀ ਨਾਲ ਛੂਹਣ ਨਹੀਂ ਸੀ ਦਿੰਦੇ ਕਿ ਮਤਾਂ ਅਪਵਿੱਤਰ ਹੋ ਜਾਣ। ਗੁਰੂ ਸਾਹਿਬ ਨੇ ਨਾ ਕੇਵਲ ਖੇਤੀ ਦੀ ਮਹਾਨਤਾ ਨੂੰ ਦੱਸਿਆ ਬਲਕਿ ਕਰਤਾਰਪੁਰ ਸਾਹਿਬ ਵਿਖੇ ਲਗਪਗ 18 ਸਾਲ ਤੱਕ ਖੇਤੀ ਕਰ ਕੇ ਹੱਥੀਂ ਕਿਰਤ ਦਾ ਮਾਡਲ ਦੁਨੀਆ ਨੂੰ ਦਿੱਤਾ, ਜੋ ਯੁੱਗਾਂ ਯੁਗੰਤਰਾਂ ਲਈ ਰਾਹ ਦਸੇਰਾ ਬਣਿਆ। ਪੰਜਾਬ ਵਿਚ ਖੇਤੀ ਬਾਰੇ ਸ਼ਬਦ ਮਸ਼ਹੂਰ ਹਨ ਕਿ 'ਉਤਮ ਖੇਤੀ ਮੱਧ ਵਪਾਰ ਨਖਿੱਧ ਚਾਕਰੀ ਭੀਖ ਨਿਦਾਰ'। ਗੁਰੂ ਜੀ ਨੇ ਸਿੱਧ ਕਰ ਦਿੱਤਾ ਕਿ ਸਿੱਖ ਧਰਮ ਆਰਥਿਕਤਾ ਵਿਚ ਰੁਕਾਵਟ ਨਹੀਂ, ਬਲਕਿ ਸਹਾਈ ਹੈ। ਗੁਰੂ ਸਾਹਿਬ ਦੇ ਅਨੁਯਾਈਆਂ, ਖਾਸ ਕਰਕੇ ਸਿੱਖਾਂ ਨੇ, ਇਸ ਫਿਲਾਸਫੀ ਨੂੰ ਅਪਣਾਇਆ ਤੇ ਖੇਤੀ ਦੇ ਧੰਦੇ ਨੂੰ ਜੀਅ-ਜਾਨ ਨਾਲ ਅਪਣਾਇਆ ਅਤੇ ਨਤੀਜੇ ਵਜੋਂ ਜਿੱਥੇ ਵੀ ਇਹ ਲੋਕ ਵਸੇ, ਪਾਕਿਸਤਾਨ ਵਿਚਲੀਆਂ ਬਾਰਾਂ ਤੋਂ ਲੈ ਕੇ ਯੂ.ਪੀ., ਰਾਜਸਥਾਨ ਤੱਕ ਧਰਤੀ ਦੀ ਕਾਇਆ ਕਲਪ ਕਰ ਖੁਸ਼ਹਾਲੀ ਲੈ ਆਂਦੀ। ਇਥੋਂ ਤੱਕ ਕਿ ਬਾਹਰਲੇ ਮੁਲਕਾਂ, ਖਾਸ ਕਰਕੇ ਅਮਰੀਕਾ, ਕੈਨੇਡਾ, ਆਸਟਰੇਲੀਆ ਆਦਿ ਵਿਚ ਵੀ ਖੇਤੀ ਨੂੰ ਅਪਣਾਉਣ ਵਿਚ ਮੋਹਰੀ ਹਨ। ਅਜੋਕੇ ਸਮੇਂ ਵਿਚ ਨਜ਼ਰ ਮਾਰੀਏ ਤਾਂ ਸਹਿਜੇ ਹੀ ਅਨੁਭਵ ਹੋਵੇਗਾ ਕਿ ਖੇਤੀ ਸੰਕਟ, ਖਾਸ ਕਰਕੇ ਪੰਜਾਬ ਵਿਚ, ਹੋਰ ਕਾਰਨਾਂ ਦੇ ਨਾਲ-ਨਾਲ ਗੁਰੂ ਨਾਨਕ ਦੇ ਰਾਹ ਤੋਂ ਪਰ੍ਹਾਂ ਹੋਣ ਦਾ ਸਿੱਟਾ ਹੈ, ਭਾਵ ਹੱਥੀਂ ਕਿਰਤ ਨੂੰ ਤਿਆਗਣਾ। ਪਦਾਰਥਵਾਦੀ ਦੌਰ ਵਿਚ 'ਖਾਉਵਾਦੀ ਸੱਭਿਆਚਾਰ' ਨੇ ਐਸ਼ਪ੍ਰਸਤੀ ਤੇ ਵਿਹਲੜਪੁਣੇ ਨੂੰ ਪ੍ਰਫੁੱਲਿਤ ਕੀਤਾ ਹੈ ਅਤੇ ਕ੍ਰਿਤਹੀਣਤਾ ਨੂੰ ਵਧਾਇਆ ਹੈ ਅਤੇ ਨਤੀਜੇ ਵਜੋਂ ਆਮਦਨ ਸੀਮਤ ਤੇ ਖਰਚੇ ਵਧ ਗਏ ਹਨ। ਇਸ ਤੋਂ ਛੁੱਟ ਸਾਂਝਾਂ ਦਾ ਟੁੱਟਣਾ, ਕੁਦਰਤ ਨਾਲੋਂ ਨਾਤਾ ਤੋੜਨਾ ਅਤੇ ਨਿਹਾਇਤ ਨਿੱਜਵਾਦੀ ਸੋਚ ਨੇ ਬਹੁਤ ਕੁਝ ਉਲਝਾ ਕੇ ਰੱਖ ਦਿੱਤਾ ਹੈ। ਗੁਰੂ ਸੁਮੱਤ ਬਖ਼ਸ਼ੇ।



ਸੰਵਾਦ ਜਾਂ ਅੰਤਰਕਾਰਜ ਸਮਾਜ ਸੁਧਾਰਾਂ ਅਤੇ ਮਨੁੱਖੀ ਜੀਵਨ ਨੂੰ ਚੰਗੇਰਾ ਬਣਾਉਣ ਤੇ ਨਵੀਂ ਦਿਸ਼ਾ ਦੇਣ ਲਈ ਜ਼ਰੂਰੀ ਹੈ। ਗੁਰੂ ਸ਼ਬਦ ਹਨ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ'। ਇਕਾਂਤਵਸ ਪੂਜਾ-ਪਾਠ ਤੇ ਘਰਾਂ ਨੂੰ ਤਿਆਗ ਕੀਤੀ ਇਬਾਦਤ ਅਰਥਹੀਣ ਹੈ। ਗੁਰੂ ਸਾਹਿਬ ਨੇ ਆਪਣੀਆਂ ਚਾਰ ਉਦਾਸੀਆਂ ਦੌਰਾਨ ਲਗਪਗ 22 ਸਾਲ ਦੁਨੀਆ ਦੇ ਵੱਖ-ਵੱਖ ਦੇਸ਼ਾਂ, ਪ੍ਰਚੱਲਿਤ ਧਾਰਮਿਕ ਸਥਾਨਾਂ, ਜੋਗੀਆਂ ਨਾਥਾਂ ਰਿਸ਼ੀਆਂ, ਪੰਡਤਾਂ ਦੇ ਪੂਜਾ ਸਥਾਨਾਂ ਆਦਿ ਦਾ ਦੂਰ-ਦੂਰ ਤੱਕ ਭਰਮਣ ਕੀਤਾ ਅਤੇ ਅੰਧਵਿਸ਼ਵਾਸਾਂ, ਪਖੰਡਾਂ, ਵਹਿਮਾਂ, ਭਰਮਾਂ ਨੂੰ ਨਾ ਕੇਵਲ ਤਰਕਪੂਰਨ ਵਿਧੀ ਨਾਲ ਤੋੜਿਆ, ਬਲਕਿ ਅਮਲੀ ਰਾਹ ਦਿਖਾਇਆ। ਆਸਾ ਦੀ ਵਾਰ ਦਾ ਸਮੁੱਚਾ ਪਾਠ ਇਸ ਤੱਥ ਦੀ ਗਵਾਹੀ ਭਰਦਾ ਹੈ। 'ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ, ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ, ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ' ਅਜੋਕੇ ਯੁੱਗ ਵਿਚ ਦੇਖੀਏ ਤਾਂ ਲਗਦਾ ਹੈ ਕਿ ਲੋਕ ਉਸੇ ਰਸਤਿਆਂ ਵੱਲ ਮੁੜ ਰਹੇ ਹਨ ਜਿਥੋਂ ਗੁਰੂ ਨਾਨਕ ਸਾਹਿਬ ਨੇ ਕੱਢਿਆ ਸੀ। ਮੜ੍ਹੀਆਂ-ਮਸਾਣਾਂ ਦੀ ਪੂਜਾ, ਧਰਮ ਦੇ ਨਾਂਅ 'ਤੇ ਪਖੰਡੀ ਸਾਧਾਂ-ਸੰਤਾਂ ਦੀ ਲੁੱਟ, ਡੇਰਾਵਾਦ ਦਾ ਵਧ ਰਿਹਾ ਰੁਝਾਨ, ਵੱਡੇ-ਵੱਡੇਰਿਆਂ ਦੀ ਪੂਜਾ, ਟੀ.ਵੀ. ਤੇ ਹੋਰ ਸਾਧਨਾਂ ਦੁਆਰਾ ਉਪਜਾਇਆ ਜਾ ਰਿਹਾ ਅੰਧਵਿਸ਼ਵਾਸ ਆਦਿ ਸਮਾਜ ਲਈ ਘਾਤਕ ਹਨ। ਅੱਜ ਵੀ ਲੋਕ ਹਾਕਮਾਂ ਨੂੰ ਮੁਰਦਾਰੁ ਹੀ ਲਗਦੇ ਹਨ। ਧਰਮ ਪ੍ਰਚਾਰ ਜਾਂ ਕੀਰਤਨ ਆਦਿ ਲਈ ਅਜੋਕੇ ਬਾਬੇ ਪੈਦਲ ਤਾਂ ਕੀ ਸਾਧਾਰਨ ਸਾਧਨਾਂ ਦੀ ਵਰਤੋਂ ਵੀ ਨਹੀਂ ਕਰਦੇ। ਕਈਆਂ ਨੇ ਤਾਂ ਬਾਡੀਗਾਰਡ ਵੀ ਰੱਖੇ ਹੋਏ ਹਨ। ਇਸ ਸਭ ਕਾਸੇ ਨੂੰ ਭਾਂਜ ਦੇਣ ਲਈ ਅੱਜ ਸਮਾਂ ਗੁਰੂ ਨਾਨਕ ਦੀ ਬਾਣੀ 'ਤੇ ਅਮਲ ਦੀ ਮੰਗ ਕਰਦਾ ਹੈ। ਗੁਰੂ ਮੇਹਰ ਕਰੇ।

ਜੀਵਨ ਦੇ ਹੋਰ ਪੱਖਾਂ ਦੇ ਨਾਲ-ਨਾਲ ਸਮਾਜਿਕ ਤੇ ਧਾਰਮਿਕ ਜੀਵਨ ਵਿਚ ਸੁਧਾਰਾਂ ਨੂੰ ਪ੍ਰਥਾਮਿਕਤਾ ਦਿੱਤੀ, ਜਿਨ੍ਹਾਂ ਸਦਕਾ ਅਨੁਯਾਈਆਂ ਦੀ ਜ਼ਿੰਦਗੀ ਵਿਚ ਚੇਤਨਾ ਵਧੀ ਤੇ ਬਦਲਾਅ ਉਪਜੇ। ਗੁਰੂ ਸਾਹਿਬ ਦੇ ਜੀਵਨਕਾਲ ਜਾਂ ਇਸ ਤੋਂ ਪਹਿਲਾਂ ਇਸਤ੍ਰੀਆਂ ਨੂੰ ਸਮਾਜ ਵਿਚ ਬਹੁਤ ਨੀਵਾਂ ਦਰਜਾ ਦਿੱਤਾ ਜਾਂਦਾ ਸੀ। ਗੁਰੂ ਸਾਹਿਬ ਨੇ ਨਾ ਕੇਵਲ ਇਸ ਦਾ ਖੰਡਨ ਕੀਤਾ, ਬਲਕਿ ਔਰਤ ਨੂੰ ਬਰਾਬਰਤਾ ਦਾ ਮਾਣ ਬਖਸ਼ਿਆ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'। ਨਤੀਜੇ ਵਜੋਂ ਗੁਰੂ ਸਾਹਿਬ ਦੇ ਅਨੁਯਾਈਆਂ ਨੇ ਅਸਰ ਕਬੂਲਿਆ ਤੇ ਔਰਤਾਂ ਨੂੰ ਬਰਾਬਰਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਆਰੰਭ ਹੋਈ। ਔਰਤਾਂ ਦੀ, ਖਾਸ ਕਰਕੇ ਸਿੱਖ ਸਮਾਜ ਵਿਚ, ਧਾਰਮਿਕ ਅਤੇ ਸਮਾਜਿਕ ਕੰਮਾਂ ਵਿਚ ਵਧੀ ਭਾਗੀਦਾਰੀ ਇਸ ਤੱਥ ਦਾ ਪ੍ਰਮਾਣ ਹਨ। ਉਸ ਸਮੇਂ ਛੂਆ-ਛਾਤ, ਜਾਤ-ਪਾਤ ਤੇ ਧਾਰਮਿਕ ਪਖੰਡ ਜ਼ੋਰਾਂ 'ਤੇ ਸਨ। ਗੁਰੂ ਸਾਹਿਬ ਨੇ ਇਸ ਵਿਰੁੱਧ ਵੀ ਆਵਾਜ਼ ਉਠਾਈ। 'ਨੀਚਾ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚੁ। ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ'। ਭਾਈ ਮਰਦਾਨੇ ਨੂੰ ਤਾ ਉਮਰ ਨਾਲ ਰੱਖਣਾ, ਮਾਲਕ ਭਾਗੋ ਨੂੰ ਛੱਡ ਭਾਈ ਲਾਲੋ ਦੇ ਘਰ ਖਾਣਾ ਇਸ ਤੱਥ ਦੀ ਗਵਾਹੀ ਭਰਦੇ ਹਨ। ਅਜੋਕੇ ਸਮੇਂ ਦੌਰਾਨ ਵੀ ਇਨ੍ਹਾਂ ਪੱਖਾਂ ਤੋਂ ਗੁਰੂ ਦੇ ਕਥਨਾਂ ਦੀ ਪਾਲਣਾ ਵਧਣੀ ਚਾਹੀਦੀ ਹੈ। ਸਮਾਜਿਕ ਜੀਵਨ ਪੱਖੋਂ ਗੁਰੂ ਸਾਹਿਬ ਦਾ ਇਕ ਮਹੱਤਵਪੂਰਨ ਯੋਗਦਾਨ ਹੈ ਗ੍ਰਹਿਸਤ ਜੀਵਨ ਉੱਤਮਤਾ ਬਖਸ਼ਣੀ। ਸਿੱਧ ਜਾਂ ਹੋਰ ਰਿਸ਼ੀ-ਮੁਨੀਆਂ ਦੀ ਧਾਰਨਾ ਸੀ ਕਿ ਰੱਬ ਨੂੰ ਬ੍ਰਹਮਚਾਰੀ ਜਾਂ ਜਤੀ ਸਤੀ ਰਹਿ ਕੇ ਹੀ ਪਾਇਆ ਜਾ ਸਕਦਾ ਅਤੇ ਬ੍ਰਹਮਚਾਰਤਾ ਹੀ ਉੱਤਮ ਹੈ। ਗੁਰੂ ਸਾਹਿਬ ਨੇ ਉਪਦੇਸ਼ ਦਿੱਤਾ ਕਿ ਆਪਣੇ ਪਰਿਵਾਰ ਦੀ ਪਾਲਣਾ ਕਰਦੇ ਹੋਇ ਵੀ ਧਾਰਮਿਕ ਉਚਤਾ ਪਾਈ ਜਾ ਸਕਦੀ ਹੈ। 'ਸੋ ਗਿਰਹੀ ਜੋ ਨਿਗ੍ਰਹੁ ਕਰੈ, ਜਪੁ ਤਪੁ ਸੰਜਮੁ ਭੀਖਿਆ ਕਰੈ। ਪੁੰਨ ਦਾਨ ਕਾ ਕਰੇ ਸਰੀਰ, ਸੋ ਗਿਰਹੀ ਗੰਗਾ ਕਾ ਨੀਰ॥' ਸਮਾਜਿਕ ਪੱਖ ਦੇ ਨਾਲ-ਨਾਲ ਗੁਰੂ ਸਾਹਿਬ ਨੇ ਨਿੱਜੀ ਜੀਵਨ ਵਿਚ ਸੰਜਮ ਨਾਲ ਖਾਣ ਅਤੇ ਕਿਰਿਆਸ਼ੀਲ ਰਹਿਣ ਦੀ ਤਾਕੀਦ ਕੀਤੀ ਹੈ। 'ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ॥' ਅਜੋਕੇ ਪਦਾਰਥਵਾਦੀ ਤੇ 'ਖਾਊਵਾਦੀ' ਯੁੱਗ ਵਿਚ ਗੁਰੂ ਸ਼ਬਦਾਂ ਤੇ ਅਮਲਾਂ ਦੀ ਨਿਹਾਇਤ ਹੀ ਲੋੜ ਹੈ।

ਕੁਦਰਤੀ ਸਾਧਨਾਂ ਅਤੇ ਵਾਤਾਵਰਨ ਦੀ ਮਹਾਨਤਾ ਬਾਰੇ ਉਚਾਰੇ ਸ਼ਬਦ ਤਾਂ ਗੁਰਬਾਣੀ ਪਾਠਕਾਂ ਨੂੰ ਆਮ ਹੀ ਚੇਤੇ ਵਿਚ ਰਹਿੰਦੇ ਹਨ ਕਿ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥' ਜਗਨ ਨਾਥ ਪੁਰੀ ਮੰਦਰ ਵਿਖੇ ਉਚਾਰੀ ਆਰਤੀ ਵਿਚ ਸਮੁੱਚੇ ਬ੍ਰਹਿਮੰਡ ਦੀ ਉਸਤਤ ਕਰਨ ਤੋਂ ਪਤਾ ਚਲਦਾ ਹੈ ਕਿ ਗੁਰੂ ਜੀ ਦੀ ਦ੍ਰਿਸ਼ਟੀ ਸੀਮਤ ਨਾ ਹੋ ਕੁਲ ਆਲਮੀ ਸੀ। ਅਜੋਕੇ ਸਮੇਂ ਵਿਚ ਵਾਤਾਵਰਨ ਦਾ ਘਾਣ ਅਤੇ ਇਸ ਦੀ ਨਾ ਹੋਣ ਵਾਲੀ ਭਰਭਾਈ ਕਿਸੇ ਤੋਂ ਛੁਪੀ ਨਹੀਂ। ਹਵਾ, ਪਾਣੀ, ਧਰਤੀ ਸਭ ਕੁਝ ਪਲੀਤ ਕਰ ਦਿੱਤਾ ਹੈ ਅਸੀਂ ਸਾਰਿਆਂ ਨੇ ਰਲ ਕੇ। ਕਈ ਥਾਵਾਂ 'ਤੇ ਤਾਂ ਦਮ ਘੁਟਣ ਲੱਗਾ ਹੈ। ਇਸ ਪੱਖ ਵੱਲ ਬਹੁਤ ਹੀ ਧਿਆਨ ਦੇਣ ਦੀ ਜ਼ਰੂਰਤ ਹੈ, ਨਹੀ ਤਾਂ ਆਉਣ ਵਾਲੇ ਸਮੇਂ ਵਿਚ ਇਨਸਾਨੀਅਤ ਨੂੰ ਹੋਰ ਵੀ ਭਿਅੰਕਰ ਨਤੀਜੇ ਭੁਗਤਣੇ ਪੈਣਗੇ। ਇਹ ਤਦ ਹੀ ਸੰਭਵ ਹੈ ਜੇਕਰ ਗੁਰੂ ਦੇ ਬਚਨਾਂ ਮੁਤਾਬਿਕ ਕੁਦਰਤੀ ਸਾਧਨਾਂ ਨੂੰ ਪਵਿੱਤਰਤਾ ਦਾ ਦਰਜਾ ਦੇ ਕੇ ਇਸ ਨੂੰ ਲੋੜ ਮੁਤਾਬਿਕ ਵਰਤੀਏ, ਨਾ ਕਿ ਅੰਨ੍ਹੀ ਲੁੱਟ ਵਾਂਗ।

ਤਕਨਾਲੋਜੀ ਗ੍ਰਸੇ ਮਾਡਰਨ ਸਮਾਜ ਤੇ ਕ੍ਰਮਵਿਕਾਸ ਦੀ ਪ੍ਰਕਿਰਿਆ ਨੂੰ ਪਹਿਲਾਂ ਵਾਲੇ ਦੌਰਾਂ ਵਿਚ ਲਿਜਾਣਾ ਮੁਮਕਿਨ ਨਹੀਂ ਪਰ ਬਦਲਦੇ ਸਮੇਂ ਅਨੁਸਾਰ ਗੁਰੂ ਨਾਨਕ ਜੀ ਦੇ ਸੰਦੇਸ਼ਾਂ ਤੋਂ ਸੇਧ ਲੈ ਕੇ ਜੀਵਨ ਨੂੰ ਸੁਚੱਜਾ ਬਣਾਇਆ ਜਾ ਸਕਦਾ ਹੈ। ਕਿਰਤ ਸੱਭਿਆਚਾਰ, ਸਾਂਝੀਵਾਲਤਾ, ਸਭ ਦੇ ਭਲੇ ਦੀ ਬਾਤ ਕਰੀਏ ਅਤੇ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਬਾਰੇ ਨਿੱਗਰ ਯਤਨ ਕਰੀਏ। ਗੁਰੂ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦਾ ਤਾਂ ਹੀ ਲਾਭ ਹੈ ਜੇ ਗੁਰੂ ਦੇ ਸੰਦੇਸ਼ ਨੂੰ ਅਮਲ ਵਿਚ ਅਪਣਾਈਏ। ਇਹ ਗੁਰੂ ਸਾਹਿਬ ਦੇ ਅਮਲੀ ਸੰਦੇਸ਼ ਹੀ ਸਨ/ਹਨ ਜਿਸ ਸਦਕਾ ਹਿੰਦੂ, ਮੁਸਲਮਾਨ, ਇਸਾਈ ਤੇ ਹੋਰ ਲੋਕਾਂ ਨੇ ਵੀ ਗੁਰੂ ਸਾਹਿਬ ਦੀ ਬਾਣੀ ਨੂੰ ਅਪਣਾਇਆ। ਸੋ ਗੁਰੂ ਜੀ ਨੂੰ ਸੱਚੀ ਸ਼ਰਧਾਂਲਜੀ ਇਹੀ ਹੋਵੇਗੀ ਕਿ ਆਪਣੀ-ਆਪਣੀ ਮੰਜੀ ਡਾਹੁਣ ਦੀ ਬਜਾਏ ਮਿਲ ਕੇ ਗੁਰੂ ਸਾਹਿਬ ਦੇ ਸੰਦੇਸ਼ ਵਾਲੇ ਪਲੰਘ 'ਤੇ ਬੈਠੀਏ ਅਤੇ ਯਾਦ ਕਰੀਏ ਕਿ

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥
(ਅੰਗ 953)

# ਚਰਚਿਤ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਦੀ ਸਮੁੱਚੀ ਟੀਮ ਸਾਹਿਤਕਾਰਾਂ ਦੇ ਅੰਗ ਸੰਗ

**ਫਰੀਮੌਂਟ/ਹੁਸਨ ਲੜੋਆ ਬੰਗਾ:** ਬੀਤੇ ਦਿਨੀਂ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਕੁਲਵਿੰਦਰ ਦੇ ਗ੍ਰਹਿ ਵਿਖੇ ਪੰਜਾਬੀ ਲੋਕ ਰੰਗ ਦੀ ਸਮੁੱਚੀ ਟੀਮ ਦੇ ਮਾਣ ਸਨਮਾਨ ਵਿਚ ਇਕ ਸੰਖੇਪ ਮਿਲਣੀ ਰੱਖੀ ਗਈ। ਇਹ ਮਿਲਣੀ ਸਮੁੱਚੀ ਟੀਮ ਦੀ ਹੌਸਲਾ ਅਫਜ਼ਾਈ ਕਰਦੀ ਆਪਣੀ ਪੈੜ ਉਸ ਵਕਤ ਹੋਰ ਵੀ ਡੂੰਘੀ ਕਰ ਗਈ ਜਦ ਇਸ ਨਾਟਕ ਦੇ ਸਮੂਹ ਕਲਾਕਾਰ, ਕੁਝ ਸਾਹਿਤਕਾਰਾਂ ਦੇ ਰੂ-ਬ-ਰੂ ਹੋਏ। ਜਿਨ੍ਹਾਂ ਵਿਚ ਤਾਰਾ ਸਿੰਘ ਸਾਗਰ, ਡਾ. ਸੁਖਪਾਲ ਸੰਘੇੜਾ, ਅਮਰਜੀਤ ਪੰਨੂੰ ਅਤੇ ਰੇਸ਼ਮ ਸਿੱਧੂ ਤੋਂ ਇਲਾਵਾ ਰਵਿੰਦਰ ਵਿਰਦੀ ਅਤੇ ਅਭੀਤਾਬ ਸੈਣੀ ਉਚੇਚੇ ਤੌਰ 'ਤੇ ਸ਼ਾਮਿਲ ਸਨ। ਲਾਜ ਨੀਲਮ ਸੈਣੀ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਪੰਜਾਬ ਲੋਕ ਰੰਗ ਦੇ ਲੇਖਕ, ਨਿਰਦੇਸ਼ਕ ਅਤੇ ਕਲਾਕਾਰ ਸੁਰਿੰਦਰ ਸਿੰਘ ਧਨੋਆ ਅਤੇ ਵਿਪਸਾ ਦੇ ਪ੍ਰਧਾਨ ਪ੍ਰੋ. ਸੁਰਿੰਦਰ ਸੀਰਤ ਨੂੰ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਕੀਤਾ।



ਪ੍ਰੋ. ਕੰਬੋਜ ਨੇ ਕਿਹਾ ਕਿ ਨਾਟਕ ਦੋ ਵਿਰੋਧੀ ਵਿਚਾਰਾਂ ਦੀ ਟੱਕਰ ਵਿਚੋਂ ਪੈਦਾ ਹੁੰਦਾ ਹੈ। ਨਾਟਕ ਦੀ ਵਿਧਾ ਸਾਹਿਤ ਦੇ ਬਾਕੀ ਰੂਪਾਂ ਨਾਲੋਂ ਇਸ ਲਈ ਵੱਖਰੀ ਹੈ ਕਿਉਂਕਿ ਇਸ ਵਿਚ ਹਰ ਚੀਜ਼ ਰੰਗ ਮੰਚ ਤੇ ਜੀਵੰਤ ਦਿਖਾਈ ਜਾਂਦੀ ਹੈ। ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨਾਟਕ ਦੇ ਕਲਾਕਾਰਾਂ ਸੋਨੂੰ ਰਾਣਾ-ਪੰਡਿਤ, ਮਰਦਾਨਾ-ਪਰਮਪਾਲ ਸਿੰਘ, ਮਲਕ ਭਾਗੋ-ਦਰਸ਼ਨ ਸਿੰਘ ਔਜਲਾ, ਪੁਰਾਣੇ ਵਕਤ ਦੀ ਸੂਤਰਧਾਰ ਦੇ ਰੂਪ ਵਿਚ ਦੌਲਤਾਂ-ਜਸਵਿੰਦਰ ਧਨੋਆ, ਅੱਜ ਦੇ ਵਕਤ ਦੇ ਸੂਤਰਧਾਰ-ਕਰਮਵੀਰ ਸਿੰਘ ਭੱਟੀ, ਨਾਨਕੀ ਦੀ ਸਹੇਲੀ ਕਰਮੋ-ਸੋਨੀਆ ਛੇੜਾ, ਸੁਲੱਖਣੀ ਦੀ ਸਹੇਲੀ-ਜਸਪ੍ਰੀਤ ਕੌਰ ਢਿੱਲੋਂ, ਨਵਾਬ ਦੌਲਤ ਖਾਨ-ਬਲਜੀਵਨ ਧਾਲੀਵਾਲ, ਮੌਲਵੀ ਤੇ ਬਲੀ ਕੰਧਾਰੀ-ਅਨੂਪ ਸਿੰਘ ਚੀਮਾ, ਮੁਹੰਮਦ ਸਾਰਬਾਨ-ਨਵਪ੍ਰੀਤ ਸਿੰਘ ਕੰਬੋਜ, ਜੈ ਰਾਮ-ਬਲਜੀਤ ਮੁਹਾਰ, ਅਤੇ ਵਿਭਿੰਨ ਰੋਲਾਂ ਵਿਚ ਜਸਵਿੰਦਰ ਸੱਗੀ, ਸੁਰਿੰਦਰ ਕੌਰ, ਸਿਮਰਨ ਕੌਰ ਅਤੇ ਮੁਨਸ਼ੀ ਅਤੇ ਮੁਹੰਮਦ ਜਹੀਰਉ-ਦੀਨ ਬਾਬਰ -ਸੁਰਿੰਦਰ ਸਿੰਘ ਧਨੋਆ ਨੂੰ ਰੂ ਬ ਰੂ ਕੀਤਾ। ਪ੍ਰੋ. ਕੰਬੋਜ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਸਮੂਹ ਕਲਾਕਾਰਾਂ ਵਲੋਂ ਆਤਮ ਵਿਸ਼ਵਾਸ ਅਤੇ ਸੁਲਝੇ ਹੋਏ ਤਰੀਕੇ ਨਾਲ ਦਿੱਤੇ ਗਏ। ਤੁਸੀਂ ਕੀ ਸੋਚ ਕੇ ਇਸ ਸੰਸਥਾ ਵਿਚ ਸ਼ਾਮਿਲ ਹੋਏ? ਇਸ ਸਵਾਲ ਦੇ ਜਵਾਬ ਵਿਚ ਬਹੁਤੇ ਕਲਾਕਾਰਾਂ ਨੇ ਇਹ ਹੀ ਕਿਹਾ ਕਿ ਉਹ ਸਕੂਲ, ਕਾਲਜ ਜਾਂ ਪੰਜਾਬ ਤੋਂ ਹੀ ਮੰਚ ਨਾਲ ਜੁੜੇ ਹੋਏ ਸਨ ਅਤੇ ਉਨ੍ਹਾਂ ਨੇ ਇਸ ਪੰਜਾਬ ਲੋਕ ਰੰਗ ਨਾਂ ਦੀ ਇਸ ਸੰਸਥਾ ਨੂੰ ਲੱਭਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪ੍ਰਤਿਭਾ ਮੁਤਾਬਿਕ ਸੁਰਿੰਦਰ ਸਿੰਘ ਧਨੋਆ ਉਨ੍ਹਾਂ ਨੂੰ ਰੋਲ ਦਿੰਦੇ ਹਨ ਅਤੇ ਅਭਿਆਸ ਕਰਵਾਉਂਦੇ ਵਕਤ ਉਹ ਬਹੁਤ ਗੰਭੀਰ ਹੋ ਕੇ ਨਿਰਦੇਸ਼ਨ ਦਿੰਦੇ ਅਤੇ ਅਨੁਸਾਸ਼ਨ ਕਾਇਮ ਰੱਖਦੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੀ ਕਲਾ ਨੂੰ ਲਗਾਤਾਰ ਮਿਹਨਤ ਕਰਕੇ ਨਿਖਾਰਨ ਲਈ ਵਚਨਬੱਧ ਹਨ। ਪ੍ਰੋ. ਸਰਿੰਦਰ ਸੀਰਤ ਨੇ ਕਿਹਾ ਕਿ ਉਹ ਸੁਰਿੰਦਰ ਸਿੰਘ ਧਨੋਆ ਦੇ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਬਾਰੇ ਡਾ. ਬਲਜੀਤ ਕੌਰ ਜੰਮੂ ਵਲੋਂ ਲਿਖਿਆ ਪੇਪਰ ਪੜ੍ਹਦੇ ਹੀ ਇਸ ਨਾਟਕ ਨੂੰ ਦੇਖਣ ਲਈ ਉਤਾਵਲੇ ਹੋ ਗਏ ਸਨ। ਇਹ ਨਾਟਕ ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉੱਤਰਿਆ ਹੈ। ਅੰਤ ਵਿਚ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਦੇ ਸੰਦਰਭ ਵਿਚ ਅਸੀਂ ਸਾਰੇ ਕਿੱਥੇ ਖੜ੍ਹੇ ਹਾਂ? ਬੱਸ ਇਸੇ ਸੋਚ ਨੇ ਮੇਰੇ ਕੋਲੋਂ ਇਹ ਨਾਟਕ ਲਿਖਵਾਇਆ। ਮੈਨੂੰ ਨਾਟਕ ਲਿਖਣ ਲਈ ਲੰਮੇ ਸਮੇਂ ਤੋਂ ਪੰਜਾਬ ਲੋਕ ਰੰਗ ਨਾਲ ਜੁੜੇ ਸੋਨੂੰ ਰਾਣਾ ਨੇ ਹਮੇਸ਼ਾ ਪ੍ਰੇਰਿਤ ਕੀਤਾ। ਅਸੀਂ ਨਾਟਕ ਨੂੰ ਖੇਡਣ ਤੋਂ ਬਾਅਦ ਵੀ ਦਰਸ਼ਕਾਂ ਦੇ ਸੁਝਾਵਾਂ ਨੂੰ ਮੁੱਖ ਰੱਖ ਕੇ ਤਬਦੀਲ ਕਰਦੇ ਰਹਿੰਦੇ ਹਾਂ। ਮੈਂ ਪਿਛਲੀ ਸਾਹਿਤਕ ਮਿਲਣੀ ਵਿਚ ਕੁਲਵਿੰਦਰ ਦੇ ਇਕ ਸ਼ੇਅਰ ਤੋਂ ਪ੍ਰਭਾਵਿਤ ਹੋਇਆ ਸੀ, ਜਿਸ ਨੂੰ ਕੁਲਵਿੰਦਰ ਦੀ ਆਗਿਆ ਨਾਲ ਨਾਟਕ ਵਿਚ ਸ਼ਾਮਿਲ ਕੀਤਾ।

# ਵਿਸ਼ਵ ਦੇ ਪਰਸੰਗ ਵਿਚ ਸਿੱਖ ਜ਼ਿੰਮੇਵਾਰੀ

**ਭਾਈ ਹਰਿਸਿਮਰਨ ਸਿੰਘ**

ਵਿਸ਼ਵ ਪੱਧਰ 'ਤੇ ਸਿੱਖ ਸੱਭਿਆਚਾਰ ਅਤੇ ਪੰਥ ਦਾ ਵਿਸ਼ੇਸ਼ ਸਥਾਨ ਹੈ। ਇਸ ਦਾ ਕਾਰਨ ਇਹ ਹੈ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ, ਸਮੁੱਚੀ ਸਿੱਖ ਵਿਚਾਰਧਾਰਾ ਅਤੇ ਰੌਸ਼ਨ ਸਿੱਖ ਪਰੰਪਰਾਵਾਂ ਦੇ ਸੁਚੇਤ ਵਾਰਿਸ ਹਨ। ਸਿੱਖ ਮੁਢਲੇ ਤੌਰ 'ਤੇ ਗਤੀਸ਼ੀਲ, ਸਾਹਸਿਕ ਬਿਰਤੀ ਅਤੇ ਹਮੇਸ਼ਾਂ ਫੈਲਾਅ ਵਾਲੀ ਸਥਿਤੀ ਵਿੱਚ ਰਹਿਣ ਵਾਲੇ ਲੋਕ ਹਨ। ਪਿਛਲੀਆਂ ਪੰਜ ਸਦੀਆਂ ਤੋਂ ਵਧੇਰੇ ਇਤਿਹਾਸ ਦੇ ਅਨੇਕਾਂ ਉਤਰਾਵਾਂ ਚੜ੍ਹਾਵਾਂ ਦੇ ਨਤੀਜੇ ਵਜੋਂ ਉਹ ਵਰਤਮਾਨ ਤਕ ਪਹੁੰਚਦਿਆਂ ਆਪਣਾ ਵਿਸ਼ਵ ਫੈਲਾਅ ਵੀ ਕਰ ਚੁੱਕੇ ਹਨ। ਨਤੀਜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ, ਗੁਰਦੁਆਰੇ, ਸਿੱਖ ਧਰਮ ਸੰਸਥਾਵਾਂ, ਸਿੱਖੀ ਦੇ ਮਹਾਨ ਆਦਰਸ਼ ਅਤੇ ਉਨ੍ਹਾਂ ਦੀ ਹੋਂਦ ਦੇ ਮੁਢਲੇ ਆਧਾਰ ਵਿਸ਼ਵ ਚੇਤਨਾ ਦਾ ਹਿੱਸਾ ਬਣ ਚੁੱਕੇ ਹਨ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦੇ ਵਾਰਿਸ ਜਿੱਥੇ ਸਿੱਖੀ ਸਿਧਾਂਤਾਂ ਦੀ ਸ਼ੁੱਧਤਾ ਕਾਇਮ ਰੱਖਣ ਅਤੇ ਇਸ ਦੀ ਵਿਸ਼ਵ ਪ੍ਰਵਾਨਤਾ ਲਈ ਯਤਨਸ਼ੀਲ ਰਹਿੰਦੇ ਹਨ, ਉੱਥੇ ਉਹ ਆਪਣੇ ਮੂਲ ਆਦਰਸ਼ਾਂ ਅਨੁਸਾਰ ਵਿਸ਼ਵ ਮਾਨਵਤਾ ਦੀਆਂ ਸਮੱਸਿਆਵਾਂ, ਦੁੱਖਾਂ ਅਤੇ ਹੋਰ ਚੁਣੌਤੀਆਂ ਦਾ ਨਿਵਾਰਣ ਕਰਨ ਲਈ ਵੀ ਹਮੇਸ਼ਾਂ ਯਤਨਸ਼ੀਲ ਰਹਿਣੇ ਲੋੜੀਂਦੇ ਹਨ, ਪਰ ਫਿਰ ਵੀ ਇਨ੍ਹਾਂ ਪੂਰਕ ਵਿਚਾਰਾਂ ਅਤੇ ਯਤਨਾਂ ਸਬੰਧੀ ਉਨ੍ਹਾਂ ਨੇ ਅਜੇ ਹੋਰ ਸਪਸ਼ਟ ਅਤੇ ਭਵਿੱਖਮੁਖੀ ਹੋਣਾ ਹੈ।

1947 ਤੋਂ ਬਾਅਦ ਦੀ ਸਥਿਤੀ ਵਿੱਚ ਉਹ ਸਿੱਧੇ ਤੌਰ 'ਤੇ ਰੱਖਿਆਤਮਕ ਪਹੁੰਚ ਅਪਨਾਉਣ ਲਈ ਮਜਬੂਰ ਹਨ। ਇਸ ਸਥਿਤੀ ਦਾ ਇੱਕ ਵੱਡਾ ਨੁਕਸਾਨ ਉਨ੍ਹਾਂ ਦੀ ਗਤੀਸ਼ੀਲਤਾ, ਸਿਰਜਣਾਤਮਿਕਤਾ ਦੇ ਕਮਜ਼ੋਰ ਪੈ ਜਾਣ ਅਤੇ ਵੱਡੇ ਆਦਰਸ਼ਾਂ ਪ੍ਰਤੀ ਭਵਿੱਖਮੁਖੀ ਦ੍ਰਿਸ਼ਟੀਕੋਣ ਨਾ ਅਪਨਾਉਣ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਉਹ ਆਪਣੀ ਸ਼ੁੱਧਤਾ ਕਾਇਮ ਰੱਖਣ ਅਤੇ ਸਿੱਖ ਰਹਿਤ ਨੂੰ ਬਣਾਈ ਰੱਖਣ ਦਾ ਆਦਰਸ਼ ਪਿਛਲੇ ਕਾਫ਼ੀ ਸਾਲਾਂ ਤੋਂ ਮਿਥੀ ਬੈਠੇ ਹਨ। ਆਪਣੇ ਸੱਭਿਆਚਾਰ ਨੂੰ ਬਚਾਉਣ ਲਈ ਇਹ ਸਿੱਧੀ ਰੱਖਿਆਤਮਕ ਪਹੁੰਚ ਹੈ ਜਿਸ ਵਿੱਚ ਉਹ ਇੱਕੋ ਸਮੇਂ ਸਫ਼ਲ ਵੀ ਹੋਏ ਹਨ ਅਤੇ ਅਸਫ਼ਲ ਵੀ ਹੋ ਰਹੇ ਹਨ।

ਜ਼ਾਹਿਰ ਹੈ ਕਿ ਸਿੱਖ ਪੰਥ ਆਪਣੇ ਕੁਝ ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਮਹਾਨ ਵਿਸ਼ਵ ਆਦਰਸ਼ਾਂ ਨੂੰ ਅਮਲੀ ਰੂਪ ਦੇਣ ਲਈ ਰੱਖਿਆਤਮਕ ਪਹੁੰਚ ਉੱਤੇ ਚਲਦਿਆਂ ਆਪਣੇ ਉਨ੍ਹਾਂ ਵੱਡੇ ਸੁਪਨਿਆਂ ਨੂੰ ਮਿਥ ਹੀ ਨਹੀਂ ਸਕਿਆ, ਜਿਨ੍ਹਾਂ ਦਾ ਸਿੱਖ ਵਿਚਾਰਧਾਰਾ ਦਮ ਭਰਦੀ ਹੈ। ਇਸ ਵਿਚਾਰ ਵਿੱਚ ਕੋਈ ਸ਼ੱਕ ਨਹੀਂ ਕਿ ਵਰਤਮਾਨ ਦਾ ਭਾਰਤੀ ਪੰਜਾਬ ਉਨ੍ਹਾਂ ਦੇ ਕੌਮੀ ਘਰ ਅਥਵਾ ਇੱਕ ਭੂਗੋਲਿਕ ਇਕਾਈ ਵਜੋਂ ਸਥਾਪਿਤ ਹੋ ਚੁੱਕਾ ਹੈ। ਇਸ ਵਿੱਚ ਉਨ੍ਹਾਂ ਦੀ ਧਰਮ ਤੇ ਰਾਜਨੀਤੀ ਸਮੇਤ ਸਾਰੀਆਂ ਸੰਸਥਾਵਾਂ ਦੀ ਸ਼ਕਤੀ ਬਣੀ ਰਹਿਣੀ ਜ਼ਰੂਰੀ ਹੈ। ਪੰਜਾਬ ਵਿੱਚ ਪ੍ਰਚਲਿਤ ਭਾਰਤੀ ਪ੍ਰਬੰਧ ਦੀਆਂ ਪੇਸ਼ਕਦਮੀਆਂ ਅਨੁਸਾਰ ਰਾਜ ਕਰਦਿਆਂ ਇਸ ਦੇ ਨਾਲ-ਨਾਲ ਉਨ੍ਹਾਂ ਲਈ ਸਿੱਖ ਵਿਚਾਰਧਾਰਾ ਦੇ ਮੌਲਿਕ ਕੁਦਰਤ-ਮੁਖੀ ਸਮਾਜ ਰਾਜ ਮਾਡਲ ਅਨੁਸਾਰ ਰਾਜ ਦੀਆਂ ਨੀਤੀਆਂ ਬਣਾ ਕੇ ਇੱਥੋਂ ਦੇ ਲੋਕਾਂ ਨੂੰ ਸਫ਼ਲ ਰਾਜ ਵਿਵਸਥਾ ਦੇਣ ਵਿੱਚ ਕੋਈ ਰੁਕਾਵਟ ਨਹੀਂ ਹੈ। ਦੂਜੇ ਸ਼ਬਦਾਂ ਵਿੱਚ ਪੰਜਾਬ ਉਨ੍ਹਾਂ ਦੇ ਮੌਲਿਕ ਸਿੱਖ ਮਾਡਲ ਨੂੰ ਸਫ਼ਲ ਕਰਨ ਵਾਲੀ ਇੱਕ ਪ੍ਰਯੋਗਸ਼ਾਲਾ ਬਣਨੀ ਜ਼ਰੂਰੀ ਹੈ, ਜਿਸ ਲਈ ਸਿੱਖ ਵਿਦਵਾਨਾਂ ਨੂੰ ਵਿਸ਼ੇਸ਼ ਉੱਦਮ ਕਰਨੇ ਹੋਣਗੇ। ਪੰਜਾਬ ਵਿੱਚ ਸਿੱਖ ਵਿਚਾਰਧਾਰਾ ਅਨੁਸਾਰ ਸਿੱਖ ਕ੍ਰਾਂਤੀ ਲਿਆਉਣ ਪ੍ਰਥਾਇ ਜੇਕਰ ਸਿੱਖ ਪੰਥ ਆਪਣੀਆਂ ਸਾਰੀਆਂ ਸੰਸਥਾਵਾਂ ਨੂੰ ਸ਼ਕਤੀਸ਼ਾਲੀ ਅਤੇ ਸਪਸ਼ਟ ਕਰ ਲਵੇ ਤਾਂ ਉਹ ਘੱਟੋ-ਘੱਟ ਉਨ੍ਹਾਂ ਨੌਜਵਾਨਾਂ ਅਤੇ ਸਿੱਖ ਮਾਨਸਿਕਤਾ ਨੂੰ ਹੋਰ ਸ਼ਕਤੀਸ਼ਾਲੀ ਅਤੇ ਆਦਰਸ਼ਵਾਦੀ ਬਣਾ ਦੇਵੇਗਾ, ਜੋ ਸਿੱਖੀ ਰੂਪ-ਸਰੂਪ ਅਤੇ ਚੇਤਨਾ ਨੂੰ ਪ੍ਰਣਾਏ ਹੋਏ ਹਨ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਸਿੱਖੀ ਰੂਪ-ਸਰੂਪ ਨੂੰ ਕਾਇਮ ਕਰਨ ਵਾਲੇ ਯਤਨ ਉਨ੍ਹਾਂ ਸਿੱਖਾਂ ਉੱਤੇ ਕੇਂਦਰਿਤ ਹਨ ਜੋ ਸਿੱਖ ਰਹਿਣੀ-ਬਹਿਣੀ ਤੋਂ ਦੂਰ ਜਾ ਚੁੱਕੇ ਹਨ। ਸਪਸ਼ਟ ਹੈ ਕਿ ਸਿੱਖ ਪੰਥ ਭਵਿੱਖ ਵਿੱਚ ਸਿੱਖਾਂ ਦੀ ਵਿਅਕਤੀਗਤ ਜੀਵਨ ਦੀ ਤਿਆਰੀ ਨੂੰ ਕੇਵਲ ਉਨ੍ਹਾਂ ਦੇ ਬਾਹਰੀ ਰੂਪ-ਸਰੂਪ ਕਾਇਮ ਰੱਖਣ, ਨਸ਼ੇ ਤਿਆਗਣ ਅਤੇ ਭਰੂਣ ਹੱਤਿਆ ਦਾ ਵਿਰੋਧ ਕਰਨ ਅਤੇ ਪੰਜਾਬ ਵਿੱਚ ਅਕਾਲੀ ਦਲ ਵੱਲੋਂ ਵਿਚਾਰਧਾਰਕ ਰਾਜਨੀਤੀ ਨਾ ਕਰਕੇ ਸਗੋਂ ਦਾਅ-ਪੇਚ ਖੇਡ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣ ਦੇ ਸੀਮਿਤ ਆਦਰਸ਼ਾਂ ਦੇ ਆਧਾਰ 'ਤੇ ਨਾ ਪੰਜਾਬ ਵਿੱਚ ਅਤੇ ਨਾ ਹੀ ਵਿਸ਼ਵ ਵਿੱਚ ਕੋਈ ਵੱਡੀ ਦੂਰ-ਦ੍ਰਿਸ਼ਟੀ ਵਾਲੀ ਪ੍ਰਾਪਤੀ ਕਰ ਸਕੇਗਾ। ਪੰਥ ਦੇ ਸਿਆਣਿਆਂ ਲਈ ਇਸ ਬਾਰੇ ਸੰਜੀਦਾ ਸੋਚ ਅਤੇ ਪਹੁੰਚ ਅਪਣਾਉਣ ਦੀ ਲੋੜ ਹੈ। ਸਿੱਖ ਪੰਥ ਵਿਸ਼ਵ ਦੇ ਸਾਰੇ ਹਿੱਸਿਆਂ ਵਿੱਚ ਸਵੇਰੇ ਸ਼ਾਮ ਜਿੱਥੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਦਾ ਗੁਰੂ ਅੱਗੇ ਆਪਣੇ ਆਪ ਨੂੰ ਵਚਨਬੱਧ ਕਰਦਾ ਹੈ, ਉੱਥੇ ਉਹ ਸਾਰੇ ਲੋਕਾਂ ਦਾ ਭਲਾ ਵੀ ਮੰਗਦਾ ਹੈ। ਜਦੋਂ ਵੀ ਵਿਸ਼ਵ ਦੇ ਕਿਸੇ ਹਿੱਸੇ ਵਿੱਚ ਲੋਕਾਂ ਨੂੰ ਭੂਚਾਲ, ਹੜ੍ਹਾਂ ਅਤੇ ਸੋਕੇ ਆਦਿ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਸਿੱਖ ਵਧ ਚੜ੍ਹ ਕੇ ਉਨ੍ਹਾਂ ਲੋਕਾਂ ਦੀ ਮਦਦ ਲਈ ਪਹੁੰਚਦੇ ਹਨ। ਸੁਆਲ ਇਹ ਪੈਦਾ ਹੁੰਦਾ ਹੈ ਕਿ 'ਸਰਬੱਤ ਦੇ ਭਲੇ' ਦੇ ਵਿਚਾਰ ਅਧੀਨ ਅਕਾਲ ਤਖ਼ਤ ਸਾਹਿਬ ਸਮੇਤ ਸਮੁੱਚੀਆਂ ਸਿੱਖ ਸੰਸਥਾਵਾਂ, ਆਗੂਆਂ, ਵਿਦਵਾਨਾਂ ਅਤੇ ਆਮ ਸਿੱਖਾਂ ਕੋਲ ਵਿਸ਼ਵ ਦੇ ਭਲੇ ਲਈ ਪਹਿਲਕਦਮੀ ਵਾਲੇ ਕਿਹੜੇ ਆਦਰਸ਼ ਹਨ? ਅੱਜ ਵਿਸ਼ਵ ਵਿੱਚ ਜੋ ਹਾਲਾਤ ਹਨ ਅਤੇ ਜਿਸ ਤਰ੍ਹਾਂ ਦੁਨੀਆਂ ਦਾ ਵੱਡਾ ਵਰਗ ਵੱਡੀਆਂ ਸ਼ਕਤੀਆਂ ਦੀਆਂ ਨੀਤੀਆਂ ਕਾਰਨ ਅਨੇਕਾਂ ਪ੍ਰਕਾਰ ਦੇ ਕਸ਼ਟ ਝੱਲ ਰਿਹਾ ਹੈ, ਕੀ ਉਸੇ ਪੱਧਰ 'ਤੇ ਲੋਕਾਂ ਦੀ ਰਾਹਤ ਲਈ ਸਿੱਖ ਪੰਥ ਕੋਲ ਵੱਡੀ ਪਹਿਲਕਦਮੀ ਕਰਨ ਵਾਲਾ ਕੋਈ ਵਿਚਾਰਧਾਰਕ ਅਤੇ ਵਿਵਹਾਰਿਕ ਪ੍ਰੋਗਰਾਮ ਹੈ? ਜ਼ਾਹਿਰ ਹੈ ਕਿ 'ਸਰਬੱਤ ਦਾ ਭਲਾ' ਮੰਗਣ ਦਾ ਵਿਚਾਰ ਮਹਿਜ਼ ਅਰਦਾਸਾਂ ਕਰਨ ਜਾਂ ਸੀਮਤ ਕਾਰਜਾਂ ਲਈ ਲੋਕ ਭਲਾਈ ਦੇ ਕੰਮਾਂ ਤਕ ਸੀਮਤ ਨਹੀਂ ਹੈ।

ਮਹਿਸੂਸ ਕੀਤਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੇ ਮਨੁੱਖ ਆਦਰਸ਼ਕ ਸਮਾਜ ਅਤੇ ਆਦਰਸ਼ਕ ਰਾਜ ਵਿਵਸਥਾ ਆਦਿ ਲਈ ਸਿੱਖ ਸਿਧਾਂਤ ਦਿਸ਼ਾ ਦਿੰਦੇ ਹਨ, ਸਿੱਖ ਪੰਥ ਨੂੰ ਅਜਿਹੇ ਵੱਡੇ ਆਦਰਸ਼ਾਂ ਦੀ ਪ੍ਰਾਪਤੀ ਲਈ ਪੰਜਾਬ ਤੋਂ ਲੈ ਕੇ ਵਿਸ਼ਵ ਪੱਧਰ ਤਕ ਕੋਈ ਵੱਡੀ ਭੂਮਿਕਾ ਨਿਭਾਉਣੀ ਹੋਵੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਅਤੇ ਸਮੁੱਚੀ ਸਿੱਖ ਵਿਚਾਰਧਾਰਾ ਆਪਣੇ ਆਪ ਵਿੱਚ ਨਿਵੇਕਲੇ ਸਿਧਾਂਤ ਹਨ। ਅਜਿਹਾ ਨਿਵੇਕਲਾਪਣ ਸਿੱਖ ਪੰਥ ਅਤੇ ਇਸ ਦੇ ਆਗੂਆਂ ਅਤੇ ਵਿਦਵਾਨਾਂ ਤੋਂ ਨਿਵੇਕਲੇ ਯਤਨਾਂ ਦੀ ਮੰਗ ਕਰਦਾ ਹੈ। ਜਦੋਂ ਸੁਪਨੇ ਵੱਡੇ ਹੋ ਜਾਂਦੇ ਹਨ ਤਾਂ ਉਸ ਅਨੁਸਾਰ ਕੀਤੇ ਜਾਣ ਵਾਲੇ ਯਤਨ ਵੀ ਵੱਡੀ ਭੂਮਿਕਾ ਦੀ ਮੰਗ ਕਰਦੇ ਹਨ। ਜਿਸ ਮੁਕਾਮ 'ਤੇ ਅੱਜ ਸਾਰਾ ਵਿਸ਼ਵ ਪਹੁੰਚ ਚੁੱਕਾ ਹੈ, ਉਸ ਵਿੱਚ ਭਾਵੇਂ ਵੱਖ-ਵੱਖ ਦੇਸ਼ਾਂ ਵਿਸ਼ੇਸ਼ ਕਰਕੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਨੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਛੂਹ ਲਈਆਂ ਹਨ ਅਤੇ ਤਕਨਾਲੋਜੀ ਨੇ ਨਵਾਂ ਜੀਵਨ ਦਿੱਤਾ ਹੈ, ਪਰ ਕੀ ਇੱਕ ਚੰਗਾ ਆਦਰਸ਼ ਮਨੁੱਖੀ ਸਮਾਜ ਸਿਰਜਿਆ ਜਾ ਰਿਹਾ ਹੈ? ਵਿਸ਼ਵ ਦੇ ਛੋਟੇ ਸੱਭਿਆਚਾਰ ਜਿੱਥੇ ਆਪਣੀ ਹੋਂਦ ਬਚਾਉਣ ਦੀ ਵੱਡੀ ਲੜਾਈ ਲੜ ਰਹੇ ਹਨ, ਉੱਥੇ ਪੱਛਮੀ ਤੇ ਅਮਰੀਕੀ ਸ਼ਕਤੀਆਂ ਅਤੇ ਇਸਲਾਮ ਦਾ ਵੱਡਾ ਵਰਗ ਆਪਸੀ ਟਕਰਾਉ ਕਾਰਨ ਵਿਸ਼ਵ ਮਾਨਵਤਾ ਲਈ ਕਈ ਤਰ੍ਹਾਂ ਦੇ ਖਤਰੇ ਖੜ੍ਹੇ ਕਰ ਰਿਹਾ ਹੈ। ਹੁਣ ਜਦੋਂ ਨੇਸ਼ਨ-ਸਟੇਟ ਦਾ ਮਾਡਲ ਵੀ ਫੇਲ੍ਹ ਹੋ ਰਿਹਾ ਹੈ ਅਤੇ 1989-90 ਤੋਂ ਬਾਅਦ ਵਿਸ਼ਵ ਦੀ ਇੱਕ-ਧਰੁਵੀ ਅਗਵਾਈ ਅਮਰੀਕਾ ਦੇ ਹੱਥ ਆ ਗਈ ਹੈ ਤਾਂ ਸਮਾਜਵਾਦੀ ਅਤੇ ਸਾਮਵਾਦੀ ਸਿਧਾਂਤ ਪੂੰਜੀਵਾਦ ਅੱਗੇ ਕਮਜ਼ੋਰ ਪੈ ਗਏ ਹਨ। ਨਵ-ਵਿਸ਼ਵੀਕਰਨ ਦੇ ਨਾਂ ਹੇਠ ਪੱਛਮ ਦਾ ਸੱਭਿਆਚਾਰਕ ਸਾਮਰਾਜਵਾਦ ਆਪਣਾ ਫੈਲਾਅ ਕਰ ਚੁੱਕਾ ਹੈ। ਅਜਿਹੇ ਹਾਲਾਤ ਦੇ ਵਿਰੋਧ ਵਿੱਚ ਕੁਝ ਇਸਲਾਮਿਕ ਸ਼ਕਤੀਆਂ ਨੇ ਆਪਣਾ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ, ਪਰ ਉਹ ਵਿਸ਼ਵ ਨੂੰ ਪੂੰਜੀਵਾਦ ਤੋਂ ਬਦਲਵਾਂ ਸਰਵਪ੍ਰਵਾਨਿਤ ਬਦਲ ਦੇਣ ਦੀ ਬਜਾਇ ਸਾਰੇ ਵਿਸ਼ਵ ਨੂੰ 'ਸ਼ਰੀਅਤ ਇਕਸਾਰਵਾਦ' ਦੇ ਵਿਚਾਰ ਅਧੀਨ ਇਕਸਾਰ ਕਰਨ ਦੇ ਰਾਹ ਪੈ ਗਏ ਹਨ। ਪੱਛਮ ਦਾ ਸੱਭਿਆਚਾਰਕ ਸਾਮਰਾਜਵਾਦ ਵਿਸ਼ਵ ਦੇ ਕੁਝ ਲੋਕਾਂ ਦਾ ਹੀ ਫਾਇਦਾ ਕਰ ਰਿਹਾ ਹੈ। ਇਹ ਵਿਸ਼ਵ ਦੇ ਛੋਟੇ ਸੱਭਿਆਚਾਰਾਂ ਦੀ ਹੋਂਦ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਸ਼ਰੀਅਤ ਇਕਸਾਰਵਾਦ ਨਵਾਂ ਸਹਿਣਸ਼ੀਲ, ਆਪਸੀ ਸਹਿਯੋਗ ਵਾਲਾ ਅਤੇ ਸਰਬੱਤ ਦੇ ਵਿਕਾਸ-ਵਿਗਾਸ ਵਾਲਾ ਵਿਸ਼ਵ ਸਿਰਜਣ ਦੀ ਬਜਾਇ ਸਾਰੇ ਵਿਸ਼ਵ ਸੱਭਿਆਚਾਰਾਂ ਨੂੰ ਇਕਸਾਰ ਕਰਨ ਦੇ ਰਾਹ ਪੈ ਗਿਆ ਹੈ। ਅਜਿਹੇ ਹਾਲਾਤ ਨਵੇਂ ਸਰਵਪ੍ਰਵਾਨਿਤ ਵਿਸ਼ਵ ਬਦਲ ਦੀ ਮੰਗ ਕਰ ਰਹੇ ਹਨ। ਜਦੋਂ ਮਾਨਵ ਜਾਤੀ ਦਾ ਭਵਿੱਖ ਹੀ ਖਤਰੇ ਵਿੱਚ ਪੈ ਗਿਆ ਹੋਵੇ ਤਾਂ ਹਾਲਾਤ 'ਸਰਬੱਤ ਦਾ ਭਲਾ' ਮੰਗਣ ਵਾਲਿਆਂ ਤੋਂ ਨਵੀਂ ਭੂਮਿਕਾ ਅਤੇ ਵਿਸ਼ਵ ਪੱਧਰ ਦੀ ਵੱਡੀ ਪਹਿਲਕਦਮੀ ਦੀ ਮੰਗ ਕਰਦੇ ਹਨ। ਸਿੱਖ ਪੰਥ ਸਾਹਮਣੇ ਇੱਕ ਨਵਾਂ ਸੁਰੱਖਿਅਤ ਵਿਸ਼ਵ ਸਿਰਜਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਨਵਾਂ ਵਿਸਮਾਦੀ ਅਤੇ ਅਨੰਦਦਾਇਕ ਜੀਵਨ ਦੇਣ ਵਾਲਾ ਤੀਸਰਾ ਬਦਲ ਸਾਹਮਣੇ ਲਿਆਉਣ ਦੀ ਚੁਣੌਤੀ ਹੈ। ਵਿਸਮਾਦ ਮਨੁੱਖ ਜਾਤੀ ਨੂੰ ਆਪਸ ਵਿੱਚ ਜੋੜਨ, ਸਮਾਜਿਕ ਰਿਸ਼ਤਿਆਂ ਅਤੇ ਸਮਾਜਿਕ ਪ੍ਰਬੰਧ ਦਾ ਮਜ਼ਬੂਤ ਆਧਾਰ ਬਣਨ ਅਤੇ ਕੁਦਰਤ-ਮੁਖੀ ਸਮਾਜਿਕ ਪ੍ਰਬੰਧ ਸਿਰਜਣ ਲਈ ਪ੍ਰੇਰਨਾ ਸਰੋਤ ਹੈ।

# ਜ਼ਫ਼ਰਨਾਮੇ ਦੀ ਧਰਤੀ ਦੀਨਾ ਕਾਂਗੜ

ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਨੂੰ ਮਾਣ ਹੈ ਕਿ ਇਸ ਦੇ ਵੱਖ-ਵੱਖ ਪਿੰਡਾਂ ਨੂੰ ਗੁਰੂ ਸਹਿਬਾਨ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਪਿੰਡ ਤਖ਼ਤੂਪੁਰਾ ਸਾਹਿਬ ਨੂੰ ਤਿੰਨ ਪਾਤਸ਼ਾਹੀਆਂ- ਪਹਿਲੀ ਪਾਤਸ਼ਾਹੀ, ਛੇਵੀਂ ਪਾਤਸ਼ਾਹੀ ਅਤੇ ਦਸਵੀਂ ਪਾਤਸ਼ਾਹੀ ਨੇ ਆਪਣੇ ਚਰਨ ਕਮਲਾਂ ਨਾਲ ਨਿਵਾਜਿਆ। ਇਸ ਦੇ ਨਾਲ ਹੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਚਿਤਾਵਨੀ ਦੇ ਰੂਪ ਵਿੱਚ ਲਿਖਿਆ ਪੱਤਰ, ਜੋ ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੋਇਆ, ਇਸੇ ਹਲਕੇ ਦੇ ਪਿੰਡ ਦੀਨਾ ਸਾਹਿਬ ਵਿਖੇ ਲਿਖਿਆ ਗਿਆ। ਗੁਰੂ ਜੀ ਦੇ ਆਉਣ ਦੀ ਯਾਦ ਵਿੱਚ ਇੱਥੇ ਇਤਿਹਾਸਕ ਗੁਰਦੁਆਰਾ ਜ਼ਫ਼ਰਨਾਮਾ



ਸਾਹਿਬ ਦਾ ਨਿਰਮਾਣ ਕੀਤਾ ਗਿਆ ਹੈ ਅਤੇ ਸਰੋਵਰ ਵੀ ਬਣਾਇਆ ਗਿਆ ਹੈ ਜਿੱਥੇ ਹਰ ਰੋਜ਼ ਸੈਂਕੜੇ ਸ਼ਰਧਾਲੂ ਨਤਮਸਤਕ ਹੁੰਦੇ ਹਨ।

ਸਮਝਿਆ ਜਾਂਦਾ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਦੀਨਾ ਸਾਹਿਬ ਕਾਂਗੜ ਪਹੁੰਚੇ ਤਾਂ ਗੁਰੂ ਜੀ ਦੇ ਨਾਲ ਤਿੰਨ ਸਿੰਘ ਪੀਰਾਂ ਦੇ ਭੇਸ ਵਿੱਚ ਸਨ। ਦੀਨਾ ਸਾਹਿਬ ਕਾਂਗੜ ਰਾਏ ਯੋਧ ਦਾ ਇਲਾਕਾ ਸੀ ਜੋ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦਾ ਭਗਤ ਸੀ। ਕਾਂਗੜ ਰਾਏ ਦੇ ਪੋਤੇ ਲਖਮੀਰ ਤੇ ਸ਼ਮੀਰ ਖੇਤਰ ਦੇ ਵੱਡੇ ਚੌਧਰੀ ਸਨ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਇੱਥੇ ਪਹੁੰਚੇ ਤਾਂ ਦੀਨਾ ਪਿੰਡ ਦੇ ਸ਼ਰਧਾ ਰਾਮ ਕੋਲ ਠਹਿਰੇ। ਇਸ ਸਬੰਧੀ ਜਦੋਂ ਜਾਣਕਾਰੀ ਲਖਮੀਰ ਤੇ ਸ਼ਮੀਰ ਨੂੰ ਹੋਈ ਤਾਂ ਉਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਪਹੁੰਚੇ। ਆਲੇ-ਦੁਆਲੇ ਦੇ ਲੋਕਾਂ ਨੂੰ ਜਦੋਂ ਗੁਰੂ ਸਾਹਿਬ ਜੀ ਦੇ ਆਉਣ ਦੀ ਜਾਣਕਾਰੀ ਹੋਈ ਤਾਂ ਸ਼ਰਧਾਲੂ ਭਾਰੀ ਗਿਣਤੀ ਵਿੱਚ ਪਹੁੰਚਣ ਲੱਗੇ। ਗੁਰੂ ਜੀ ਖ਼ੁਦ ਵੀ ਨੇੜਲੇ ਪਿੰਡਾਂ ਦਿਆਲਪੁਰਾ ਭਾਈਕਾ, ਪੱਤੋ ਹੀਰਾ ਸਿੰਘ, ਬੁਰਜ, ਭਦੌੜ ਗਏ। ਇਸ ਸਮੇਂ ਦਿੱਲੀ ਵਿੱਚ ਔਰੰਗਜ਼ੇਬ ਦਾ ਕਬਜ਼ਾ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਸਰਹਿੰਦ ਹਲਕੇ ਦੀ ਸੂਬੇਦਾਰੀ ਉਸ ਸਮੇਂ ਵਜ਼ੀਰ ਖਾਂ ਨੂੰ ਦੇ ਰੱਖੀ ਸੀ। ਦੀਨਾ ਸਾਹਿਬ 'ਚ ਗੁਰੂ ਜੀ ਦੇ ਆਉਣ ਦੀ ਜਾਣਕਾਰੀ ਜਦੋਂ ਵਜ਼ੀਰ ਖਾਂ ਨੂੰ ਮਿਲੀ ਤਾਂ ਉਸ ਨੇ ਲਖਮੀਰ ਤੇ ਸ਼ਮੀਰ ਨੂੰ ਹਦਾਇਤ ਕੀਤੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਬੰਨ੍ਹ ਕੇ ਉਹਦੇ ਸਾਹਮਣੇ ਪੇਸ਼ ਕੀਤਾ ਜਾਵੇ ਪਰ ਲਖਮੀਰ ਤੇ ਸ਼ਮੀਰ ਨੇ ਇਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਨਵਾਬ ਸਰਹਿੰਦ ਨੇ ਇਸ ਨੂੰ ਬਗ਼ਾਵਤ ਸਮਝਦੇ ਹੋਏ ਹਮਲਾ ਕਰਨ ਦੀ ਤਿਆਰੀ ਸੂਰੂ ਕਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵੀ ਇੱਟ ਦਾ ਜੁਆਬ ਪੱਥਰ ਨਾਲ ਦੇਣ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਔਰੰਗਜ਼ੇਬ ਉਸ ਸਮੇਂ ਦੱਖਣ ਵਿੱਚ ਮਰਹੱਟਿਆਂ ਖ਼ਿਲਾਫ਼ ਲੜਾਈ ਲੜ ਰਿਹਾ ਸੀ। ਦੀਨਾ ਸਾਹਿਬ ਤੋਂ ਗੁਰੂ ਜੀ ਨੇ ਉਸ ਸਮੇਂ ਔਰੰਗਜ਼ੇਬ ਨੂੰ ਫ਼ਾਰਸੀ ਭਾਸ਼ਾ ਵਿੱਚ ਇੱਕ ਚਿੱਠੀ ਲਿਖੀ ਜੋ ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਜ਼ਫ਼ਰਨਾਮਾ ਵਿੱਚ ਮੁਗ਼ਲ ਬਾਦਸ਼ਾਹ ਅਤੇ ਉਸ ਦੇ ਵੱਡੇ ਅਫ਼ਸਰਾਂ ਦੀਆਂ ਘਿਨਾਉਣੀਆਂ ਹਰਕਤਾਂ ਦਾ ਪਰਦਾਫ਼ਾਸ਼ ਕੀਤਾ ਗਿਆ ਸੀ ਅਤੇ ਮੁਗਲ ਰਾਜ ਦੇ ਅੱਤਿਆਚਾਰ ਦਾ ਵਿਸਥਾਰ ਕਰਦਿਆਂ ਉਸ ਰਾਜ ਨੂੰ ਚੁਣੌਤੀ ਦਿੱਤੀ ਗਈ ਸੀ। ਗੁਰੂ ਜੀ ਨੇ ਇਸ ਅੱਤਿਆਚਾਰ ਖ਼ਿਲਾਫ਼ ਲੜਾਈ ਨੂੰ ਸਹੀ ਦੱਸਦਿਆਂ ਜੰਗ ਦਾ ਐਲਾਨ ਵੀ ਕੀਤਾ ਸੀ। ਔਰੰਗਜ਼ੇਬ ਜ਼ਫ਼ਰਨਾਮਾ ਪੜ੍ਹ ਕੇ ਐਨਾ ਪ੍ਰਭਾਵਤ ਹੋਇਆ ਕਿ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ।

**- ਰਣਜੀਤ ਕੁਮਾਰ ਬਾਵਾ**

## ਸੂਫ਼ੀ ਗਾਇਕ ਸਤਿੰਦਰ ਸਰਤਾਜ ਦਾ ਨਵਾਂ ਗੀਤ

# 'ਸ਼ਗੂਫ਼ਤਾ-ਦਿਲੀ'

**ਐਸ ਜੱਸਲ**



ਸੂਫ਼ੀਅਤ ਰੰਗ ਵਾਲੀ ਗਾਇਕੀ ਦੇ ਸਿਰਮੌਰ ਗਾਇਕ ਡਾ ਸਤਿੰਦਰ ਸਰਤਾਜ ਪੰਜਾਬੀ ਮਾਂ ਬੋਲੀ, ਸਾਹਿਤ ਅਤੇ ਚੰਗੀ ਸ਼ਾਇਰੀਨੁਮਾ ਸੰਗੀਤ ਨਾਲ ਜੁੜੇ ਸੂਝਵਾਨ ਸਰੋਤਿਆਂ ਦਾ ਚਹੇਤਾ ਗਾਇਕ ਹੈ। ਜ਼ਿੰਦਗੀ ਦੀਆਂ ਸੱਚਾਈ ਤੇ ਰੱਬ ਦੇ ਰੰਗਾਂ ਦੀ ਉਸਤਦ ਕਰਦੀ ਉਸਦੀ ਗਾਇਕੀ ਵਾਰ ਵਾਰ ਸੁਣਨ ਦੇ ਕਾਬਲ ਹੁੰਦੀ ਹੈ। ਬਹੁਤ ਹੀ ਥੋੜੇ ਸਮੇਂ ਵਿੱਚ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਬਣਾਉਣ ਵਾਲੇ ਡਾਂ ਸਤਿੰਦਰ ਸਰਤਾਜ ਦਾ ਇੰਨ੍ਹੀਂ ਦਿਨੀਂ ਇੱਕ ਨਵਾਂ ਗੀਤ 'ਸ਼ਗੂਫ਼ਤਾ-ਦਿਲੀ' ਸਾਗਾ ਮਿਊਜਿਕ ਤੇ ਯਸ਼ ਰਾਜ ਫ਼ਿਲਮਜ਼ ਵਲੋਂ ਰਿਲੀਜ਼ ਕੀਤਾ ਗਿਆ ਹੈ। ਪੰਜਾਬੀ,ਹਿੰਦੀ ਤੇ ਉਰਦੂ ਭਾਸ਼ਾ ਦੇ ਸੁਮੇਲ ਇਸ ਗੀਤ ਨੂੰ ਸਤਿੰਦਰ ਸਰਤਾਜ਼ ਨੇ ਆਪ ਹੀ ਲਿਖਕੇ ਕੰਪੋਜ਼ ਕੀਤਾ ਹੈ ਤੇ ਸੰਗੀਤ ਬੀਟ ਮਨਿਸਟਰ ਨੇ ਦਿੱਤਾ ਹੈ। ਇਸ ਗੀਤ ਦੀ ਸ਼ਬਦਾਵਲੀ ਤੇ ਵੀਡਿਓ ਫ਼ਿਲਮਾਂਕਣ ਬਹੁਤ ਹੀ ਕਾਬਲੇ ਤਾਰੀਫ਼ ਹੈ। ਇਸ ਗੀਤ ਦਾ ਵੀਡਿਓ ਅਮਰਪ੍ਰੀਤ ਸਿੰਘ ਛਾਬੜਾ ਨੇ ਵਿਦੇਸ਼ਾਂ ਦੀਆਂ ਬਹੁਤ ਹੀ ਖ਼ੂਬਸੂਰਤ ਲੁਕੇਸ਼ਨਾਂ 'ਤੇ ਫ਼ਿਲਮਾਇਆ ਹੈ। ਸਾਗਾ ਮਿਊਜ਼ਿਕ ਦੇ ਮਾਲਕ ਸੁਮੀਤ ਸਿੰਘ ਇਸ ਗੀਤ ਦੇ ਰਿਲੀਜ਼ ਸਮੇਂ ਬਹੁਤ ਹੀ ਉਤਸ਼ਾਹਿਤ ਨਜ਼ਰ ਆਏ। ਉਨ੍ਹਾਂ ਆਪਣੇ ਮਨ ਦੀ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਡਾ ਸਤਿੰਦਰ ਸਰਤਾਜ ਸੂਫ਼ੀਅਤ ਗਾਇਕੀ ਦਾ ਸਰਤਾਜ ਹੈ ਜਿਸਨੇ ਉਸਤਾਦ ਨੁਸਰਤ ਫਤਿਹ ਅਲੀ ਖਾਂ ਤੋਂ ਬਾਅਦ ਦੇਸ਼ ਵਿਦੇਸਾਂ ਦੇ ਸਰੋਤਿਆਂ ਵਿੱਚ ਆਪਣੀ ਵੱਡੀ ਪਛਾਣ ਬਣਾਈ ਹੈ। ਅਜਿਹੇ ਫ਼ਨਕਾਰ ਨੂੰ ਸਾਗਾ ਮਿਊਜਿਕ 'ਚ ਪੇਸ਼ ਕਰਨਾ ਸਾਡੇ ਲਈ ਸੱਚਮੱਚ ਹੀ ਵੱਡੇ ਮਾਣ ਵਾਲੀ ਗੱਲ ਹੈ। ਇੱਕ ਹੋਰ ਵੱਡਾ ਗੁਣ, ਕਿ ਡਾ ਸਤਿੰਦਰ ਸਰਤਾਜ ਜਿੰਨਾਂ ਵਧੀਆਂ ਫ਼ਨਕਾਰ ਹੈ ਉਨ੍ਹਾਂ ਹੀ ਵਧੀਆਂ ਇੰਨਸਾਨ ਵੀ ਹੈ। ਅਦਬ ਅਤੇ ਸਤਿਕਾਰ ਉਸਦੀ ਜ਼ਿੰਦਗੀ ਦਾ ਸਰਮਾਇਆ ਹਨ। ਅਜਿਹੇ ਲੋਕ ਆਵਾਜ਼ ਦੇ ਨਹੀਂ ਬਲਕਿ ਰੂਹ ਦੇ ਗਾਇਕ ਹੁੰਦੇ ਹਨ ਜੋ ਦਰਸ਼ਕਾਂ ਦੇ ਦਿਲਾਂ 'ਚ ਵਸੇ ਹੁੰਦੇ ਹਨ।

# Sir Speedy Tustin
## Printers to the Community




**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE
FAIRFIELD
Visit Our Website:
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



**CALL NOW**




# ਪਾਠਕਾਂ ਦਾ ਨਜ਼ਰੀਆ

## ਫਿਰਕੂ ਕੱਟੜਵਾਦ ਨਾਲ ਜਕੜਿਆ ਨਾਗਰਿਕਤਾ ਸੰਸ਼ੋਧਨ ਕਾਨੂੰਨ

ਨਾਗਰਿਕਤਾ ਸੰਸ਼ੋਧਨ (312) ਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚੋਂ ਪਾਸ ਹੋਣ ਉਪਰੰਤ ਬੀਤੇ ਦਿਨ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਆਪਣੇ ਦਸਤਖਤ ਕਰਦਿਆਂ ਕਾਨੂੰਨੀ ਸ਼ਕਲ ਦੇ ਦਿੱਤੀ ਹੈ। ਭਾਵੇਂ ਇਸ ਬਿੱਲ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਮਿਲ ਗਈ ਹੈ ਪਰ ਇਸ ਵਿਵਾਦਿਤ ਅਤੇ ਪੱਖਪਾਤੀ ਨਾਗਰਿਕਤਾ ਸੰਸ਼ੋਧਨ ਬਿੱਲ ਨੂੰ ਲੈ ਕੇ ਸਥਿਤੀ ਲਗਾਤਾਰ ਤਣਾਅਪੂਰਨ ਬਣੀ ਹੋਈ ਹੈ। ਉਕਤ 312 ਵਿੱਚੋਂ ਜਿਸ ਪ੍ਰਕਾਰ ਦੇਸ਼ ਦੇ ਮੁਸਲਮਾਨ ਤਬਕੇ ਨੂੰ ਬਾਹਰ ਰੱਖਿਆ ਗਿਆ ਹੈ, ਉਸ ਨਾਲ ਮੁਸਲਿਮ ਭਾਈਚਾਰੇ ਵਿੱਚ ਦੁੱਖ ਪਾਇਆ ਜਾਣਾ ਇੱਕ ਕੁਦਰਤੀ ਗੱਲ ਹੈ।

ਕੁਲ ਮਿਲਾ ਕੇ ਉਕਤ ਸਿਟੀਜ਼ਨ ਤਰਮੀਮੀ ਕਾਨੂੰਨ ਨੂੰ ਲੈ ਕੇ ਪੂਰੇ ਦੇਸ਼ ਵਿੱਚ ਹਾਲਾਤ ਤਨਾਅਪੂਰਨ ਹਨ ਜਿਸਦੇ ਚੱਲਦਿਆਂ ਵੱਖ ਵੱਖ ਯੂਨੀਵਰਸਿਟੀਆਂ ਦੇ ਵਿਦਿਆਰਥੀ ਅਤੇ ਟੀਚਰ ਇਸ ਕਾਨੂੰਨ ਦੇ ਵਿਰੁੱਧ ਸੜਕਾਂ ਉੱਤੇ ਆ ਗਏ ਹਨ। ਉਕਤ ਵਿਵਾਦਿਤ ਬਿੱਲ ਯਕੀਨਨ ਦੇਸ਼ ਦੇ ਅਮਨ ਪਸੰਦ ਲੋਕਾਂ ਲਈ ਦੇਸ਼ ਦੀ ਅਰਥ ਵਿਵਸਥਾ ਲਈ ਆਪਣੇ ਆਪ ਵਿੱਚ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਬਣਦਾ ਨਜ਼ਰ ਆ ਰਿਹਾ ਹੈ। ਇਸ ਸੰਬੰਧੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜ ਮਾਰਕੰਡੇ ਕਾਟਜੂ ਦੇ ਆਪਣੇ ਇੱਕ ਟਵੀਟ ਵਿੱਚ ਕਿਹਾ ਕਿ ਅਸਾਮ ਵੀ ਕਸ਼ਮੀਰ ਦੀ ਤਰ੍ਹਾਂ ਜਲ ਰਿਹਾ ਹੈ ਦੇਸ਼ ਵਿੱਚ ਅੱਗ ਲੱਗੀ ਹੈ ਅਤੇ ਇਹ ਆਧੁਨਿਕ 'ਨੀਰੋ' ਬੇਖਬਰ ਹਨ। ਉਨ੍ਹਾਂ ਅੱਗੇ ਲਿਖਿਆ ਹੈ, ਹਨੂੰਮਾਨ ਜੀ ਨੇ ਤਾਂ ਸਿਰਫ ਲੰਕਾ ਜਲਾਈ ਸੀ ਪਰ ਇਹ ਆਧੁਨਿਕ ਹਨੂੰਮਾਨ ਜੀ ਤਾਂ ਪੂਰੇ ਦੇਸ਼ ਵਿੱਚ ਅੱਗ ਲਗਾ ਦੇਣਗੇ।'

ਮਾਰਕੰਡੇ ਕਾਟਜੂ ਨੇ ਆਪਣੇ ਇੱਕ ਲੇਖ ਵਿੱਚ ਇਸ ਬਿੱਲ (ਕਾਨੂੰਨ) ਉੱਤੇ ਪ੍ਰਸ਼ਨ ਖੜ੍ਹੇ ਕਰਦਿਆਂ ਇਸ ਨੂੰ ਸੰਵਿਧਾਨ ਦਾ ਉਲੰਘਣ ਕਰਨ ਵਾਲਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਸੰਵਿਧਾਨ ਦੇ ਆਰਟੀਕਲ 14 ਅਤੇ 21 ਦਾ ਖੁੱਲ੍ਹਾ ਉਲੰਘਣ ਕਰਦਾ ਹੈ। ਕਾਟਜੂ ਦਾ ਕਹਿਣਾ ਹੈ ਕਿ ਇਹ ਬਿੱਲ (ਕਾਨੂੰਨ) ਸਮਾਨਤਾ, ਜਿਊਣ ਅਤੇ ਸੁਤੰਤਰਤਾ ਦੇ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ। ਆਪਣੀ ਗੱਲ ਨੂੰ ਪੁਖਤਾ ਕਰਨ ਦੇ ਨਜ਼ਰੀਏ ਨਾਲ ਉਨ੍ਹਾਂ ਸੁਪਰੀਮ ਕੋਰਟ ਦੇ 23 ਸਾਲ ਪੁਰਾਣੇ ਜਜਮੈਂਟ ਦਾ ਹਵਾਲਾ ਦਿੱਤਾ। 1996 ਦੇ ਇੱਕ ਕੇਸ ਵਿੱਚ ਉਨ੍ਹਾਂ ਨੇ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਬਨਾਮ ਅਰੁਣਾਚਲ ਪ੍ਰਦੇਸ਼ ਸਰਕਾਰ ਕੇਸ ਦਾ ਜ਼ਿਕਰ ਕੀਤਾ ਹੈ ਜਿਸ ਵਿੱਚ ਬੰਗਲਾਦੇਸ਼ ਤੋਂ ਆਏ ਚਕਮਾ ਸ਼ਰਨਾਰਥੀਆਂ ਦੇ ਮੁੱਦੇ 'ਤੇ ਕੋਰਟ ਨੇ ਮੰਨਿਆ ਕਿ ਭਾਰਤ ਦੇ ਸੰਵਿਧਾਨ 21 ਦੁਆਰਾ ਅਧਿਕਾਰਤ ਜੀਵਨ ਅਤੇ ਸੁਤੰਤਰਤਾ ਦੇ ਮੌਲਿਕ ਅਧਿਕਾਰ ਵੀ ਚਕਮਾ ਸ਼ਰਨਾਰਥੀਆਂ ਨੂੰ ਮਿਲੇ ਹੋਏ ਹਨ, ਹਾਲਾਂਕਿ ਉਹ ਭਾਰਤੀ ਨਾਗਰਿਕ ਨਹੀਂ ਸਨ।

ਅਮਰੀਕਾ ਦੇ ਯੂ ਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫਰੀਡਮ ਨੇ ਇਸ ਬਿੱਲ ਉੱਤੇ ਗਹਿਰੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਬਿੱਲ ਦੇ ਵਿਰੋਧ ਵਿੱਚ ਅਮਰੀਕੀ ਸਰਕਾਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਤਮਾਮ ਵੱਡੇ ਨੇਤਾਵਾਂ ਉੱਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ।

ਸੱਚਾਈ ਇਹ ਹੈ ਕਿ ਐੱਨ ਆਰ ਸੀ ਅਤੇ ਇਹ 312 ਸਰਕਾਰ ਦੇ ਹੱਥ ਵਿੱਚ ਇੱਕ ਅਜਿਹਾ ਖਤਰਨਾਕ ਹਥਿਆਰ ਸਾਬਤ ਹੋ ਸਕਦਾ ਹੈ ਕਿ ਜਿਸਦੇ ਰਾਹੀਂ ਧਰਮ ਦੇ ਆਧਾਰ 'ਤੇ ਲੋਕਾਂ ਵਿੱਚ ਭੇਦਭਾਵ ਕਰਦਿਆਂ ਉਨ੍ਹਾਂ ਦੇ ਵਿਰੁੱਧ ਮੁਕੱਦਮਾ ਚਲਾਇਆ ਜਾ ਸਕਦਾ ਹੈ।' ਇੱਥੇ ਜ਼ਿਕਰਯੋਗ ਹੈ ਕਿ ਪੰਜਾਬ, ਬੰਗਾਲ, ਮੱਧ ਪ੍ਰਦੇਸ਼, ਕੇਰਲ, ਛਤੀਸਗੜ੍ਹ ਆਦਿ ਸੂਬਿਆਂ ਨੇ ਉਕਤ ਕਾਨੂੰਨ ਨੂੰ ਆਪਣੇ ਰਾਜ ਵਿੱਚ ਲਾਗੂ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ।ਉੱਧਰ ਅਮਰੀਕਾ ਨੇ ਭਾਰਤ ਨੂੰ ਅਪੀਲ ਕੀਤੀ ਹੈ ਹੈ ਕਿ ਉਹ ਆਪਣੇ ਸੰਵਿਧਾਨਕ ਅਤੇ ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੇ ਹੋਏ ਧਾਰਮਿਕ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਕਿਹਾ ਹੈ ਇਸਦੇ ਨਾਲ ਹੀ ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਇੱਕ ਤਰਜ਼ਮਾਨ ਦਾ ਇਹ ਵੀ ਕਹਿਣਾ ਹੈ ਕਿ ਅਸੀਂ ਨਾਗਰਿਕਤਾ ਸੰਸ਼ੋਧਨ ਬਿੱਲ ਦੇ ਸੰਬੰਧ ਵਿੱਚ ਘਟਨਾਕ੍ਰਮਾਂ ਉੱਪਰ ਨੇੜਲੀ ਨਜ਼ਰ ਰੱਖੀ ਹੋਈ ਹੈ।'

ਉੱਧਰ ਸੰਯੁਕਤ ਰਾਸ਼ਟਰ ਦੀ ਹਿਊਮਨ ਰਾਈਟਸ ਬੌਡੀ ਨੇ ਵੀ ਭਾਰਤ ਦੇ ਨਵੇਂ ਸਿਟੀਜ਼ਨਸ਼ਿਪ ਕਾਨੂੰਨ ਨੂੰ ਲੈ ਕੇ ਆਪਣੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਹ ਕੁਦਰਤੀ ਹੀ ਅਤੇ ਬੁਨਿਆਦੀ ਤੌਰ ਉੱਤੇ ਫਿਰਕਾਪ੍ਰਸਤੀ ਜਾਂ ਕੱਟੜਵਾਦ ਨਾਲ ਲਿਪਤ ਹੈ।' ਇਸ ਸੰਦਰਭ ਵਿੱਚ ਸੰਯੁਕਤ ਰਾਸ਼ਟਰ ਹਿਊਮਨ ਰਾਈਟਸ ਚੀਫ ਮਿਸ਼ੈਲ ਬਾਚਲੈਟ ਦੇ ਤਰਜ਼ਮਾਨ ਜੈਰਮੀ ਲਾਰੈਂਸ ਨੇ ਜਨੇਵਾ ਵਿੱਚ ਕਿਹਾ ਹੈ ਕਿ ਅਸੀਂ ਭਾਰਤ ਦੇ ਨਵੇਂ ਸਿਟੀਜ਼ਨਸ਼ਿਪ ਕਾਨੂੰਨ (ਤਰਮੀਮ) 2019 ਨੂੰ ਲੈ ਕੇ ਚਿੰਤਤ ਹਾਂ ਜਿਸ ਦੀ ਫਿਤਰਤ ਬੁਨਿਆਦੀ ਤੌਰ ਉੱਤੇ ਕੱਟੜਵਾਦ ਨਾਲ ਲਿਬੜੀ ਹੈ।'

ਜੇਕਰ ਵੇਖਿਆ ਜਾਵੇ ਤਾਂ ਅੱਜ ਮੁਲਕ ਵਿੱਚ ਵਧਦੀ ਬੇਰੁਜ਼ਗਾਰੀ, ਬੇਲਗਾਮ ਹੋ ਰਹੀ ਗਰੀਬੀ, ਲਗਾਤਾਰ ਡਿੱਗ ਰਹੀ ਅਰਥ ਵਿਵਸਥਾ, ਔਰਤਾਂ ਵਿੱਚ ਪਾਈ ਜਾਂਦੀ ਅਸੁਰੱਖਿਆ ਦੀ ਭਾਵਨਾ, ਢੇਰਾਂ ਅਜਿਹੀਆਂ ਸਮੱਸਿਆਵਾਂ ਹਨ ਜੋ ਦੇਸ਼ ਦੇ ਸਾਹਮਣੇ ਵਿਕਰਾਲ ਰੂਪ ਧਾਰੀ ਖੜ੍ਹੀਆਂ ਹਨ। ਅਜਿਹੇ ਵਿੱਚ ਦੇਸ਼ ਵਿੱਚ ਸਭ ਤੋਂ ਵੱਡੀ ਘੱਟ ਗਿਣਤੀ ਦੇ ਲੋਕਾਂ ਨੂੰ ਸਿਰਫ ਅਤੇ ਸਿਰਫ ਆਪਣੀ ਵੋਟ ਬੈਂਕ ਦੀ ਰਾਜਨੀਤੀ ਨੂੰ ਚਮਕਾਉਣ ਲਈ ਜ਼ਲੀਲ ਕਰਨਾ ਕਦਾਚਿਤ ਜਾਇਜ਼ ਨਹੀਂ ਕਿਹਾ ਜਾ ਸਕਦਾ।

ਇਸੇ ਸੰਦਰਭ ਵਿੱਚ ਇੱਕ ਕਵੀ ਕਹਿੰਦਾ ਹੈ ਕਿ :

ਮਜ਼ਹਬ ਕੇ ਨਾਮ ਪਰ ਯੇਹ ਫਸਾਦਾਤ ਦੇਖ ਕਰ,
ਹਿੰਦੂ ਹੈ ਗਮਜ਼ੁਦਾ ਤੋ ਮੁਸਲਮਾਂ ਉਦਾਸ ਹੈ।।

**-ਮੁਹੰਮਦ ਅੱਬਾਸ ਧਾਲੀਵਾਲ**

## ਸਿੱਖਾਂ ਲਈ ਭਗਵਾ ਹਮਦਰਦੀ ਦੇ ਮਾਇਨੇ

ਸਿੱਖ ਹਲਕਿਆਂ ਵਿਚ ਆਪਣਾ ਆਧਾਰ ਬਣਾਉਣ ਲਈ ਭਾਜਪਾ ਦੀ ਅੱਖ ਅਕਾਲੀ ਦਲ ਨਾਲੋਂ ਨਾਰਾਜ਼ ਹੋਏ ਲੀਡਰਾਂ ਉੱਤੇ ਹੈ। ਭਾਜਪਾ ਪਰਵਾਸੀ ਸਿੱਖਾਂ ਨੂੰ ਖ਼ੁਸ਼ ਕਰਨ ਲਈ ਵੀ ਹਰ ਹੀਲਾ ਵਰਤ ਰਹੀ ਹੈ। ਲੋਕ ਸਭਾ ਚੋਣਾਂ ਦੌਰਾਨ ਨਰਿੰਦਰ ਮੋਦੀ ਨੇ ਆਪਣੇ ਇੱਕ ਚੁਣਾਵੀ ਭਾਸ਼ਣ ਵਿਚ ਸਿੱਖਾਂ ਨੂੰ 1984 ਦੇ ਕਤਲੇਆਮ ਦਾ ਇਨਸਾਫ ਦਿਵਾਉਣ ਦੀ ਗੱਲ ਕੀਤੀ। ਕੇਂਦਰ ਸਰਕਾਰ ਨੇ ਵਿਦੇਸ਼ਾਂ ਵਿਚ ਵਸਦੇ 312 ਸਿੱਖਾਂ ਦੇ ਨਾਮ 'ਕਾਲੀ ਸੂਚੀ' ਵਿਚੋਂ ਖ਼ਤਮ ਕਰਨ ਦਾ ਐਲਾਨ ਕੀਤਾ ਹੈ, ਹਾਲਾਂਕਿ ਪਰਵਾਸੀ ਸਿੱਖ ਇਸ ਨੂੰ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੇ ਹਨ।

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੇ ਵੱਖ ਵੱਖ ਜੇਲ੍ਹਾਂ ਵਿਚ ਬੰਦ 8 ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ ਗਿਆ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਦਾ ਐਲਾਨ ਹੋਇਆ ਹਾਲਾਂਕਿ ਗ੍ਰਹਿ ਮੰਤਰੀ ਨੇ ਸੰਸਦ ਵਿਚ ਇਕ ਸਵਾਲ ਦੇ ਜਵਾਬ ਵਿਚ ਆਖਿਆ ਕਿ ਰਾਜੋਆਣਾ ਦੀ ਸਜ਼ਾ ਮੁਆਫ ਨਹੀਂ ਕੀਤੀ ਗਈ ਹੈ। ਇਸੇ ਤਰ੍ਹਾਂ ਕੈਨੇਡਾ ਦੇ ਕਰੋੜਪਤੀ ਸਿੱਖ ਰਿਪੁਦਮਨ ਸਿੰਘ ਮਲਿਕ ਨੂੰ ਵੀਜ਼ਾ ਦੇਣ ਦਾ ਮਸਲਾ ਹੈ। ਮਲਿਕ 1985 ਵਿਚ ਹੋਏ ਏਅਰ ਇੰਡੀਆ ਕਨਿਸ਼ਕ ਕਾਂਡ ਦਾ ਸ਼ੱਕੀ ਮੰਨਿਆ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਉਸ ਨੂੰ ਬਰੀ ਕਰ ਦਿੱਤਾ ਸੀ। ਉਂਜ, ਜੱਜ ਨੇ ਸਾਫ ਕਿਹਾ ਸੀ ਕਿ ਉਸ ਨੂੰ ਸਬੂਤ ਨਾ ਮਿਲਣ ਕਾਰਨ ਛੱਡਿਆ ਜਾ ਰਿਹਾ ਹੈਹੈ ਯਾਦ ਰਹੇ ਕਿ ਰਿਪੁਦਮਨ ਸਿੰਘ ਮਲਿਕ ਦੇ ਗਰਮਖਿਆਲੀ ਜਥੇਬੰਦੀਆਂ ਨਾਲ ਸਬੰਧ ਮੰਨੇ ਜਾਂਦੇ ਰਹੇ ਹਨ, ਭਾਵੇਂ ਗਰਮਖਿਆਲੀ ਜਥੇਬੰਦੀਆਂ ਉਸ ਨੂੰ ਭਾਰਤੀ ਏਜੰਸੀਆਂ ਦਾ ਜਾਸੂਸ ਆਖਣ ਤੱਕ ਜਾਂਦੀਆਂ ਹਨ।

ਹੁਣ ਸਵਾਲ ਹੈ: ਕੀ ਭਾਜਪਾ ਅਤੇ ਮੋਦੀ ਸਰਕਾਰ ਦੁਆਰਾ ਸਿੱਖਾਂ ਲਈ ਜਤਾਇਆ ਜਾ ਰਿਹਾ ਹੇਜ ਬੇੜੀ ਪਾਰ ਲਾ ਦੇਵੇਗਾ ? ਕੀ ਸੰਘ ਤੇ ਭਾਜਪਾ ਦਾ ਪੰਜਾਬ ਤੇ ਸਿੱਖ ਵਿਰੋਧੀ ਅਤੀਤ ਪਿੱਛਾ ਛੱਡੇਗਾ ? ਭਾਜਪਾ ਅਤੇ ਆਰਐੱਸਐੱਸ ਜੋ ਪੂਰੇ ਭਾਰਤ ਨੂੰ ਇਕ ਰੰਗ, ਵਿਚਾਰ ਤੇ ਸੱਭਿਆਚਾਰ ਵਿਚ ਰੰਗਿਆ ਦੇਖਣਾ ਚਾਹੁੰਦੇ ਹਨ, ਦੇ ਛੋਟੇ-ਵੱਡੇ ਨੇਤਾ ਘੱਟਗਿਣਤੀਆਂ ਖ਼ਿਲਾਫ਼ ਨਫ਼ਰਤੀ ਤਕਰੀਰਾਂ ਕਰਦੇ ਰਹਿੰਦੇ ਹਨ, ਕੀ ਉਹ ਸੱਚਮੁੱਚ ਸਿੱਖ ਹਿਤੈਸ਼ੀ ਹਨ ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਦੀ ਲੋੜ ਵੀ ਹੈ ਕਿ ਜਦੋਂ ਪੰਜਾਬ ਬਲ਼ ਰਿਹਾ ਸੀ ਅਤੇ 1984 ਦੇ ਕਤਲੇਆਮ ਸਮੇਂ ਭਾਜਪਾ ਅਤੇ ਸੰਘ ਦੀ ਕੀ ਪੁਜ਼ੀਸ਼ਨ ਸੀ ?

ਜਦੋਂ ਪੰਜਾਬੀ ਸੂਬਾ ਅੰਦੋਲਨ ਚੱਲ ਰਿਹਾ ਸੀ ਤਾਂ ਭਾਜਪਾ ਦਾ ਪਹਿਲਾ ਰੂਪ ਜਨ ਸੰਘ ਮਹਾਂ-ਪੰਜਾਬ ਲਹਿਰ ਚਲਾ ਕੇ ਪੰਜਾਬ ਦੇ ਦੋ ਵੱਡੇ ਭਾਈਚਾਰਿਆਂ ਨੂੰ ਆਪਸ 'ਚ ਲੜਾ ਰਹੀ ਸੀ। ਪੰਜਾਬੀ ਹਿੰਦੂਆਂ ਨੂੰ ਮਾਤ-ਭਾਸ਼ਾ ਹਿੰਦੀ ਲਿਖਵਾਉਣ ਲਈ ਪ੍ਰੇਰਿਆ ਜਾ ਰਿਹਾ ਸੀ। ਅੰਮ੍ਰਿਤਸਰ 'ਚ ਦਰਬਾਰ ਸਾਹਿਬ ਨੇੜੇ ਬੀੜੀ, ਗੁਟਖਾ ਤੇ ਤੰਬਾਕੂ ਦੀਆਂ ਦੁਕਾਨਾਂ ਲਗਵਾਉਣ ਦੀ ਮੰਗ ਕਰਨ ਵਾਲਿਆਂ ਨੂੰ ਵੀ ਇਨ੍ਹਾਂ ਸੰਗਠਨਾਂ ਦੀ ਹਮਾਇਤ ਪ੍ਰਾਪਤ ਸੀ। ਦਰਬਾਰ ਸਾਹਿਬ ਦਾ ਮਾਡਲ ਤੋੜਨ ਵਾਲਾ ਹਰਬੰਸ ਲਾਲ ਖੰਨਾ ਭਾਜਪਾ ਦਾ ਸੂਬਾ ਪੱਧਰੀ ਲੀਡਰ ਸੀ।

ਅਪਰੇਸ਼ਨ ਬਲਿਊ ਸਟਾਰ ਲਈ ਤਤਕਾਲੀਨ ਸਰਕਾਰ ਤੇ ਜ਼ੋਰ ਪਾਉਣ ਵਾਲਿਆਂ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਅਤੇ ਭਾਰਤੀ ਜਨਤਾ ਪਾਰਟੀ ਮੋਹਰੀ ਸਨ। ਅਡਵਾਨੀ ਆਪਣੀ ਸਵੈ-ਜੀਵਨੀ 'ਮਾਈ ਕੰਟਰੀ ਮਾਈ ਲਾਈਫ' ਵਿਚ ਇਹ ਗੱਲ ਸਵੀਕਾਰਦਾ ਹੈ ਅਤੇ ਫ਼ੌਜੀ ਕਾਰਵਾਈ ਦੀ ਤਾਰੀਫ਼ ਵੀ ਕਰਦਾ ਹੈ।

ਮੋਦੀ ਸਰਕਾਰ ਨੇ ਜਿਸ ਨਾਨਾਜੀ ਦੇਸ਼ਮੁਖ ਨੂੰ ਭਾਰਤ ਰਤਨ ਨਾਲ ਸਨਮਾਨਿਆ ਹੈ, ਉਸ ਨੇ ਆਪਣੇ ਲੇਖ 'ਮੋਮੈਂਟ ਆਫ਼ ਸੋਲ ਸਰਚਿੰਗ' ਵਿਚ ਦਰਬਾਰ ਸਾਹਿਬ ਤੇ ਕੀਤੀ ਫ਼ੌਜੀ ਕਾਰਵਾਈ ਲਈ ਇੰਦਰਾ ਗਾਂਧੀ ਦੀ ਸਿਫਤ ਕੀਤੀ ਸੀ ਅਤੇ 1984 ਦੇ ਸਿੱਖ ਕਤਲੇਆਮ ਨੂੰ ਇਹ ਕਹਿ ਕੇ ਸਹੀ ਠਹਿਰਾਇਆ ਕਿ ਇਹ ਸਿੱਖ ਨੇਤਾਵਾਂ ਦੀਆਂ ਗਲਤੀਆਂ ਦਾ ਹੀ ਸਿੱਟਾ ਹੈ। ਅੱਜਕੱਲ੍ਹ ਭਾਜਪਾ ਨਾਲ ਰੁੱਸਿਆ ਅਤੇ ਵਾਜਪਾਈ ਸਰਕਾਰ ਵਿਚ ਮੰਤਰੀ ਰਹਿ ਚੁੱਕਾ ਅਰੁਣ ਸ਼ੋਰੀ ਵੀ ਆਪਣੇ ਲੇਖ 'ਲੈਸਨਜ਼ ਫਰੌਮ ਦਿ ਪੰਜਾਬ' ਵਿਚ ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ।

1984 ਦੇ ਸਿੱਖ ਕਤਲੇਆਮ ਵਿਚ ਭਾਜਪਾ ਤੇ ਆਰਐੱਸਐੱਸ ਨੇਤਾਵਾਂ ਦੀ ਸ਼ਮੂਲੀਅਤ ਦੀ ਵੀ ਚਰਚਾ ਰਹੀ ਹੈ। ਦਿੱਲੀ ਸਿਟੀ ਪੁਲੀਸ ਕੋਲ ਦਰਜ 14 ਐਫ਼ਆਈਆਰਜ਼ ਵਿਚ ਭਾਜਪਾ ਅਤੇ ਸੰਘ ਨਾਲ ਸਬੰਧਤ 49 ਸ਼ਖ਼ਸਾਂ ਦੇ ਨਾਮ ਹਨ। ਸ੍ਰੀਨਿਵਾਸਪੁਰ ਪੁਲੀਸ ਸਟੇਸ਼ਨ (ਦੱਖਣੀ ਦਿੱਲੀ) ਵਿਚ ਵੱਧ ਮਾਮਲੇ ਦਰਜ ਹਨ। ਐਫ਼ਆਈਆਰਜ਼ ਤੋਂ ਪਤਾ ਲਗਦਾ ਹੈ ਕਿ ਹਰੀ ਨਗਰ, ਆਸ਼ਰਮ, ਭਗਵਾਨ ਨਗਰ, ਸਨਲਾਈਟ ਕਲੋਨੀ ਵਿਚ ਭਾਜਪਾ ਤੇ ਆਰਐੱਸਐੱਸ ਨੇਤਾਵਾਂ ਨੇ ਹੱਤਿਆ, ਅੱਗਜ਼ਨੀ, ਲੁੱਟ-ਖੋਹ ਦੇ ਮਾਮਲਿਆਂ ਨੂੰ ਅੰਜਾਮ ਦਿੱਤਾ। ਇਨ੍ਹਾਂ ਵਿਚ ਇਕ ਨਾਂ ਰਾਮ ਕੁਮਾਰ ਜੈਨ ਦਾ ਹੈ ਜੋ 1980 ਦੀ ਲੋਕ ਸਭਾ ਚੋਣ ਵਿਚ ਅਟਲ ਬਿਹਾਰੀ ਵਾਜਪਾਈ ਦਾ ਚੋਣ ਏਜੰਟ ਸੀ। ਉਘੇ ਵਿਦਵਾਨ ਸ਼ਮਸ-ਉਲ ਇਸਲਾਮ ਦਾ ਕਹਿਣਾ ਹੈ- ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਨੇ ਰਾਸ਼ਟਰਵਾਦ ਦੇ ਨਾਮ ਤੇ ਜਿਸ ਢੰਗ ਨਾਲ ਬਹੁਗਿਣਤੀ ਦੀਆਂ ਭਾਵਨਾਵਾਂ ਭੜਕਾ ਕੇ ਚੋਣ ਜਿੱਤੀ, ਉਸ ਤੋਂ ਇਹ ਗੱਲ ਸਾਫ ਹੈ ਕਿ ਕੱਟੜਵਾਦੀ ਹਿੰਦੂ ਸੰਗਠਨ ਪੂਰੀ ਤਰ੍ਹਾਂ ਕਾਂਗਰਸ ਨਾਲ ਸਨ।

1991 ਵਿਚ ਪੀਲੀਭੀਤ (ਯੂਪੀ) ਵਿਚ ਭਾਜਪਾ ਦੀ ਕਲਿਆਣ ਸਿੰਘ ਸਰਕਾਰ ਵੇਲੇ 10 ਸਿੱਖ ਸ਼ਰਧਾਲੂਆਂ ਨੂੰ ਅਤਿਵਾਦੀ ਆਖ ਕੇ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ। ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਮੋਦੀ ਨੇ ਕੱਛ ਅਤੇ ਭੁੱਜ ਇਲਾਕੇ ਵਿਚ ਵਸਦੇ ਪੰਜਾਬੀ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਵਾਲਾ ਬਿੱਲ ਲਿਆਂਦਾ ਜਦੋਂ ਸਰਕਾਰ ਹਾਈ ਕੋਰਟ ਵਿਚ ਹਾਰ ਗਈ ਤਾਂ ਮਾਮਲਾ ਸੁਪਰੀਮ ਕੋਰਟ ਲਿਜਾਇਆ ਗਿਆ।

ਆਰਐੱਸਐੱਸ ਦੇ ਪ੍ਰਕਾਸ਼ਨਾਂ ਜਾਂ ਉਸ ਦੀ ਸੋਚ ਵਾਲੇ ਪ੍ਰਕਾਸ਼ਨਾਂ ਦੁਆਰਾ ਸਿੱਖ ਇਤਿਹਾਸ ਤੋੜ-ਮਰੋੜ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਸਿੱਖ ਗੁਰੂਆਂ ਦੀਆਂ ਮਨੁੱਖਤਾ ਲਈ ਲੜੀਆਂ ਲੜਾਈਆਂ ਨੂੰ ਮੁਸਲਿਮ ਵਿਰੋਧ ਵਜੋਂ ਦਿਖਾਇਆ ਗਿਆ ਹੈ।

ਭਾਜਪਾ ਦੁਆਰਾ ਸਿੱਖਾਂ ਪ੍ਰਤੀ ਜਤਾਏ ਜਾ ਰਹੇ ਹੇਜ ਬਾਰੇ ਬਹੁਤੇ ਸਿੱਖ ਵਿਦਵਾਨ ਮੌਜੂਦਾ ਸਿਆਸੀ ਮਾਹੌਲ ਨਾਲ ਵੀ ਜੋੜ ਕੇ ਦੇਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਕ ਪਾਸੇ ਕੇਂਦਰ ਸਰਕਾਰ ਕਸ਼ਮੀਰੀਆਂ ਨੂੰ ਦਬਾਉਣਾ ਚਾਹੁੰਦੀ ਹੈ, ਦੂਜੇ ਪਾਸੇ ਸਿੱਖਾਂ ਤੇ ਪੰਜਾਬ ਨੂੰ ਖੁਸ਼ ਰੱਖਣਾ ਚਾਹੁੰਦੀ ਹੈ। ਅਸਲ ਵਿਚ ਪੰਜਾਬੀਆਂ ਅਤੇ ਕਸ਼ਮੀਰੀਆਂ ਦਰਮਿਆਨ ਨੇੜਤਾ ਸਰਕਾਰ ਨੂੰ ਤੰਗ ਕਰ ਰਹੀ ਹੈ ਕਿਉਂਕਿ ਪੂਰੇ ਮੁਲਕ ਵਿਚ ਪੰਜਾਬ ਵਿਚੋਂ ਹੀ ਕਸ਼ਮੀਰੀਆਂ ਦੇ ਹੱਕ ਵੱਡੇ ਪੱਧਰ ਤੇ ਆਵਾਜ਼ ਬੁਲੰਦ ਹੋਈ ਹੈ। ਵਿਦੇਸ਼ਾਂ ਵਿਚ ਵੀ ਪੰਜਾਬੀਆਂ ਤੇ ਸਿੱਖਾਂ ਨੇ ਮੋਦੀ ਦੀਆਂ ਵਿਦੇਸ਼ ਫੇਰੀਆਂ ਦਾ ਵਿਰੋਧ ਕੀਤਾ ਅਤੇ ਕਸ਼ਮੀਰੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ। ਸਿੱਖ ਵਿਦਵਾਨਾਂ ਅਨੁਸਾਰ, ਭਾਜਪਾ ਦੁਆਰਾ ਸਿੱਖਾਂ ਲਈ ਜਤਾਏ ਜਾ ਰਹੇ ਹੇਜ ਦਾ ਮੰਤਵ ਸਿੱਖਾਂ ਨੂੰ ਆਪਸ ਵਿਚ ਵੰਡਣਾ ਹੈ। ਯਾਦ ਰਹੇ ਕਿ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਆਰਐੱਸਐੱਸ ਨੂੰ ਘੱਟਗਿਣਤੀਆਂ ਵਿਰੋਧੀ ਸੰਸਥਾ ਦੱਸ ਕੇ ਇਸ ਤੇ ਰੋਕ ਲਾਉਣ ਦੀ ਮੰਗ ਕਰ ਚੁੱਕੇ ਹਨ।

**-ਸ਼ਿਵ ਇੰਦਰ ਸਿੰਘ**

*ਛੋਟੇ ਸਾਹਿਬਜਾਦਿਆਂ ਨੂੰ ਸ਼ਰਧਾਂਜ਼ਲੀ*

## ਰਾਤ ਠੰਡੀ ਕਹਿਰ ਦੀ

ਇੱਕ ਪੋਹ ਦਾ ਮਹੀਨਾ ਦੂਜੀ ਰਾਤ ਠੰਡੀ ਕਹਿਰ ਦੀ
ਪਰਿਵਾਰ ਤੇ ਕਰੋਪੀ ਹੋ ਗਈ ਸਰਸਾ ਦੀ ਲਹਿਰ ਦੀ
ਦੋ ਛੋਟੇ-ਛੋਟੇ ਬਾਲ਼ ਤੁਰੇ ਜਾਂਵਦੇ ਸੀ ਗੁਜਰੀ ਦੇ ਨਾਲ
ਉਹ ਹੌਂਸਲੇ ਦੇ ਨਾਲ ਲੱਭਦੇ ਸੀ ਚਿਹਰਾ ਪ੍ਰਭਾਤ ਦਾ
ਝੁੱਕ-ਝੁੱਕ ਸਿਜ਼ਦਾ ਕਰੇ ਪੱਤਾ-ਪੱਤਾ ਕਾਇਨਾਤ ਦਾ

ਖੇੜੀ ਪਿੰਡ ਪਹੁੰਚ ਗਏ ਮਾਸੂਮ ਦੋਵੇਂ ਥੱਕੇ ਹਾਰੇ ਸੀ
ਬੇਈਮਾਨ ਗੰਗੂ ਘਰ ਉਹ ਠਹਿਰ ਗਏ ਵਿਚਾਰੇ ਸੀ
ਮਾਤਾ ਕੋਲ ਮਾਇਆ ਦੇਖ ਗੰਗੂ ਬੇਈਮਾਨ ਹੋ ਗਿਆ
ਸੂਬੇ ਦੇ ਇਨਾਮ ਪਿੱਛੇ ਗੰਗੂ ਸੀ ਇਮਾਨ ਖੋ ਗਿਆ
ਭੁੱਲ ਗਿਆ ਸੀ ਖਿਆਲ ਉਹ ਆਪਣੀ ਔਕਾਤ ਦਾ
ਉਹ ਹੌਂਸਲੇ ਦੇ ਨਾਲ ਲੱਭਦੇ ਸੀ ਚਿਹਰਾ ਪ੍ਰਭਾਤ ਦਾ
ਝੁੱਕ-ਝੁੱਕ ਸਿਜ਼ਦਾ ਕਰੇ ਪੱਤਾ-ਪੱਤਾ ਕਾਇਨਾਤ ਦਾ

ਸੂਬੇ ਦੀ ਕਚਹਿਰੀ ਲਾਲਾਂ ਤਾਈਂ ਪੇਸ਼ ਹੋਣਾ ਪੈ ਗਿਆ
ਮਨਸੂਬਾ ਸੂਬੇ ਦਾ ਸੀ ਫਿਰ ਵੀ ਅਧੂਰਾ ਰਹਿ ਗਿਆ
ਜਦੋਂ ਸਿਦਕੋਂ ਨਾ ਰਤਾ ਡੋਲੇ ਗੁਜਰੀ ਦੇ ਦੋਵੇਂ ਲਾਲ ਜੀ
ਸੂਬੇ ਨੇ ਪਕਾਇਆ ਮਤਾ ਫਿਰ ਬਹਿਕੇ ਖਾਨ ਨਾਲ ਸੀ
ਜਿੰਦੇ ਨੀਹਾਂ ਵਿੱਚ ਚਿਣ ਦੇਵੋ ਗੁਰੂ ਦਿਆਂ ਫਰਜ਼ੰਦਾਂ ਨੂੰ
ਖੌਫ ਪੈਦਾ ਹੋ ਜਾਣੈ ਫੇਰ ਸਾਰੇ ਸਰਹੰਦ ਦੀਆਂ ਕੰਧਾਂ ਨੂੰ
ਪਰ ਚਾਨਣੀ ਨਾ ਢਕੇ ਚਿਹਰਾ ਕਦੇ ਕਾਲੀ ਰਾਤ ਦਾ
ਉਹ ਹੌਂਸਲੇ ਦੇ ਨਾਲ ਲੱਭਦੇ ਸੀ ਚਿਹਰਾ ਪ੍ਰਭਾਤ ਦਾ
ਝੁੱਕ-ਝੁੱਕ ਸਿਜ਼ਦਾ ਕਰੇ ਪੱਤਾ-ਪੱਤਾ ਕਾਇਨਾਤ ਦਾ

**ਸੁਖਵੀਰ ਘੁਮਾਣ ਦਿੜ੍ਹਬਾ**
98155-90209

## ਖ਼ਤਰਨਾਕ ਹੈ ਇਤਿਹਾਸ ਨੂੰ ਭੁੱਲ ਜਾਣਾ

ਖ਼ਤਰਨਾਕ ਹੈ ਇਤਿਹਾਸ ਨੂੰ ਭੁੱਲ ਜਾਣਾ,
ਬੇਹੱਦ ਖ਼ਤਰਨਾਕ ਹੈ,
ਗੈਰਤਮੰਦ ਕੌਮਾਂ ਦਾ
ਇਤਿਹਾਸ ਨੂੰ ਭੁੱਲ ਜਾਣਾ,
ਤੇ ਬੇਹੱਦ ਸ਼ਰਮਨਾਕ ਹੈ,
ਪੁੱਤਰਾਂ ਦੀ ਹਾਜਰੀ ਚ
ਬਾਪੂ ਦੀ ਪੱਗ ਦਾ
ਪੈਰਾਂ ਹੇਠ ਰੁਲ ਜਾਣਾ।
ਜਿਉਂਦੀਆਂ ਕੌਮਾਂ ਦੇ
ਮੁਰਦਾ ਹੋ ਜਾਣ ਵਰਗਾ ਹੈ,
ਪੁਰਖਿਆਂ ਦੇ ਲਹੂ ਨਾਲ ਲਿਬੜੀ
ਵਿਰਾਸਤ ਦਾ ਗੁੰਮ ਹੋਣਾ,
ਤੇ ਹੋਰ ਵੀ ਖਤਰਨਾਕ ਹੈ,
ਸਰਸਾ ਨਦੀ ਤੋਂ
ਕੱਚੀ ਗੜ੍ਹੀ ਤੱਕ ਦੀ

ਲਾਲ ਸੂਹੀ ਤਵਾਰੀਖ ਦਾ
ਚੇਤਿਆਂ ਚੋਂ ਵਿਸਰ ਜਾਣਾ।
ਉਸ ਤੋਂ ਵੀ ਵੱਧ ਖਤਰਨਾਕ ਹੈ,
ਬੁੱਢੀ ਮਾਈ ਤੇ ਮਸੂਮ ਜਿੰਦਾਂ ਨਾਲ ਵਾਪਰੇ
ਪੋਹ ਦੀਆਂ ਕੱਕਰੀਆਂ ਰਾਤਾਂ ਵਿੱਚ
ਸਰਹਿੰਦ ਦੇ ਠੰਡੇ ਬੁਰਜ ਤੋਂ
ਖੂਨੀ ਦਿਵਾਰ ਤੱਕ ਦੇ
ਹੌਲਨਾਕ, ਵਰਤਾਰੇ ਦਾ
ਖੁਸ਼ੀਆਂ ਵਿੱਚ ਬਦਲ ਜਾਣਾ।
ਤੇ ਸਭ ਤੋਂ ਵੱਧ ਖਤਰਨਾਕ ਹੈ,
ਜਾਗਦੀਆਂ ਕੌਮਾਂ ਦਾ
ਗੂੜਗੂੜੀ ਨੀਂਦੇ ਸੁਲਾ ਦੇਣ ਵਾਲੀਆਂ

ਸਾਜਿਸ਼ਾਂ ਦੀ ਤਹਿ ਤੱਕ ਨਾ ਜਾਣਾ,
ਬੇਹੱਦ ਖ਼ਤਰਨਾਕ ਹੈ।
ਬੇਹੱਦ ਖ਼ਤਰਨਾਕ ਹੈ।

**-ਬਘੇਲ ਸਿੰਘ ਧਾਲੀਵਾਲ**
99142-58142
(ਕਾਵਿ ਪੁਸਤਕ ਅਹਿਸਾਸ ਚੋਂ)

# ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ

**ਡਾ. ਹਰਸ਼ਿੰਦਰ ਕੌਰ**

ਇਕ ਸਰਵੇਖਣ ਅਨੁਸਾਰ ਭਾਰਤ ਦੀਆਂ ਵੱਖੋ-ਵੱਖ ਸਿਆਸੀ ਪਾਰਟੀਆਂ ਵੱਲੋਂ ਬਲਾਤਕਾਰ ਕਰ ਚੁੱਕੇ ਜਾਂ ਜਿਸਮਫਰੋਸ਼ੀ ਦਾ ਧੰਧਾ ਚਲਾਉਂਦੇ 327 ਜਣਿਆਂ ਨੂੰ ਟਿਕਟਾਂ ਦਿੱਤੀਆਂ ਗਈਆਂ। ਪਿਛਲੇ 5 ਸਾਲਾਂ ਵਿਚ ਨਾਮਵਰ ਪਾਰਟੀਆਂ ਵਿਚ 26 ਅਜਿਹੇ ਲੋਕਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਜਿਨ੍ਹਾਂ ਉੱਤੇ ਬਲਾਤਕਾਰ ਦਾ ਜੁਰਮ ਸਾਬਤ ਹੋ ਚੁੱਕਿਆ ਸੀ। ਤੱਥਾਂ ਮੁਤਾਬਕ ਚੌਵੀ ਅਜਿਹੇ ਘਿਨਾਉਣੇ ਜੁਰਮ ਕਰਨ ਵਾਲਿਆਂ ਨੂੰ ਕਾਂਗਰਸ ਪਾਰਟੀ ਵੱਲੋਂ ਲੋਕ ਸਭਾ, ਰਾਜ ਸਭਾ ਤੇ ਸੂਬੇ ਦੀਆਂ ਸਰਕਾਰਾਂ ਵਿਚ ਟਿਕਟਾਂ ਮਿਲੀਆਂ। ਬੀ.ਜੇ.ਪੀ. ਪਾਰਟੀ ਵਿਚ ਅਜਿਹੇ ਕੁਕਰਮੀਆਂ ਦੀ ਗਿਣਤੀ ਸਭ ਤੋਂ ਵੱਧ ਦੱਸੀ ਗਈ ਹੈ।

ਮਹਾਰਾਸ਼ਟਰ ਵਿਚ ਔਰਤਾਂ ਦਾ ਘਾਣ ਕਰਨ ਵਾਲੇ ਮੈਂਬਰ ਪਾਰਲੀਮੈਂਟ/ਐਮ.ਐਲ.ਏ. (12) ਸਭ ਤੋਂ ਵੱਧ ਹਨ। ਦੂਜੇ ਨੰਬਰ ਉੱਤੇ 11 ਜਣਿਆਂ ਨਾਲ ਵੈਸਟ ਬੰਗਾਲ ਤੇ ਤੀਜੇ ਨੰਬਰ ਉੱਤੇ 5 ਜਣਿਆਂ ਨਾਲ ਆਂਧਰ ਪ੍ਰਦੇਸ।

ਭਾਰਤੀ ਜਨਤਾ ਪਾਰਟੀ (47 ਕੁਕਰਮੀ) ਤੋਂ ਬਾਅਦ ਬੀ.ਐਸ.ਪੀ. (24 ਜਣੇ) ਮੁਲਕ ਵਿਚ ਦੂਜੇ ਨੰਬਰ ਦੀ ਅਜਿਹੀ ਪਾਰਟੀ ਮੰਨੀ ਗਈ ਹੈ ਜਿਸ ਵਿਚ ਬਲਾਤਕਾਰੀਏ ਜਾਂ ਔਰਤਾਂ ਵਿਰੁੱਧ ਘਿਨਾਉਣੇ ਜੁਰਮ ਕਰਨ ਵਾਲਿਆਂ ਦੀ ਭਰਮਾਰ ਹੈ।

ਇਸ ਲੇਖ ਵਿਚ ਲਿਖੇ ਸਾਰੇ ਤੱਥ ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰੀਫਾਰਮਜ਼ ਵੱਲੋਂ ਜਨਤਕ ਕੀਤੇ ਗਏ ਹਨ। ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਵਿਚ ਵੀ ਅਜਿਹੇ ਬੰਦੇ ਸ਼ਾਮਲ ਹਨ।

ਚੋਣਾਂ ਦੌਰਾਨ ਭਰੇ ਐਫੀਡੈਵਿਟਾਂ ਅਨੁਸਾਰ 33 ਫੀਸਦੀ ਐਮ.ਪੀ./ਐਮ.ਐਲ.ਏ. ਮੰਨੇ ਹਨ ਕਿ ਉਨ੍ਹਾਂ ਵਿਰੁੱਧ ਔਰਤਾਂ ਪ੍ਰਤੀ ਕੀਤੇ ਜੁਰਮ ਸਾਬਤ ਹੋ ਚੁੱਕੇ ਹਨ। ਬੀ.ਜੇ.ਪੀ. ਵਿਚ 12, ਸ਼ਿਵ ਸੈਨਾ ਵਿਚ 7 ਤੇ ਤ੍ਰਿਣਮੂਲ ਵਿਚ 6 ਜਣੇ ਸ਼ਾਮਲ ਹਨ। ਇਹ ਤੱਥ ਕਿੰਨੇ ਕੁ ਗੰਭੀਰ ਹਨ, ਉਹ ਅਗਲੀ ਜਾਣਕਾਰੀ ਤੋਂ ਬਾਅਦ ਸਮਝ ਆਉਣਗੇ।

ਭਾਰਤ ਵਿਚ ਵਾਪਰ ਰਹੀ ਅਸਲੀਅਤ ਵੱਲ ਝਾਤ ਮਾਰੀਏ। ਤੀਹ ਹਜ਼ਾਰ ਤੋਂ ਵੱਧ ਦਰਜ ਹੋਏ ਬਲਾਤਕਾਰਾਂ ਵਿੱਚੋਂ ਸਿਰਫ਼ ਹਰ ਚਾਰਾਂ 'ਚੋਂ ਇਕ ਕੇਸ ਵਿਚ ਹੀ ਕਾਰਾ ਕਰਨ ਵਾਲਾ ਫੜ ਕੇ ਅੰਦਰ ਕੀਤਾ ਜਾਂਦਾ ਹੈ ਤੇ ਉਨ੍ਹਾਂ ਵਿੱਚੋਂ ਵੀ 85 ਫੀਸਦੀ ਕਿਸੇ ਨਾ ਕਿਸੇ ਢੰਗ ਨਾਲ ਬਾਹਰ ਨਿਕਲ ਆਉਂਦੇ ਹਨ।

ਸੰਨ 2016 ਵਿਚ ਔਰਤਾਂ ਵਿਰੁੱਧ ਹੁੰਦੇ ਜੁਰਮਾਂ ਦੇ 3.38 ਲੱਖ ਕੇਸ ਦਰਜ ਹੋਏ ਪਰ ਸਜ਼ਾ ਸਿਰਫ਼ 0.5 ਫੀਸਦੀ ਤੋਂ ਵੀ ਘੱਟ ਲੋਕਾਂ ਨੂੰ ਸੁਣਾਈ ਗਈ।

ਭਾਰਤ ਵਿਚ ਲਗਭਗ 40 ਫੀਸਦੀ ਲੋਕ ਘੱਟ ਪੜ੍ਹੇ ਲਿਖੇ ਤੇ ਵਿਹਲੜਪੁਣੇ ਦੇ ਸ਼ਿਕਾਰ ਹਨ। ਅਜਿਹੇ ਲੋਕ ਜੁਰਮ ਕਰਨ ਵਾਲੇ ਸਿਆਸਤਦਾਨਾਂ ਦੇ ਮੋਹਰੇ ਬਣ ਜਾਂਦੇ ਹਨ ਤੇ ਇਸੇ ਲਈ ਔਰਤਾਂ ਪ੍ਰਤੀ ਹੁੰਦਾ ਜੁਰਮ ਸਿਖਰਾਂ ਛੂਹ ਰਿਹਾ ਹੈ।

ਬਲਾਤਕਾਰੀਆਂ ਦੇ ਮਨ ਵਿਚ ਆਖਰ ਵਾਪਰ ਕੀ ਰਿਹਾ ਹੁੰਦਾ ਹੈ, ਇਸ ਵੱਲ ਝਾਤ ਮਾਰੀਏ।

ਸਵੀਡਨ ਤੇ ਅਮਰੀਕਾ ਵਿਚਲੇ 1200 ਬਲਾਤਕਾਰੀਆਂ ਦੀ ਸਕੈਨਿੰਗ, ਪਿਛੋਕੜ ਤੇ ਉਨ੍ਹਾਂ ਦੀ ਸੋਚ ਉੱਤੇ ਆਧਾਰਿਤ ਫਾਰਮ ਭਰੇ ਗਏ। ਉਸ ਫਾਰਮ ਵਿਚ ਕੁੱਝ ਗੱਲਾਂ ਉਭਰ ਕੇ ਸਾਹਮਣੇ ਆਈਆਂ।

1. ਬਚਪਨ ਤੋਂ ਹੀ ਬਹੁਤਿਆਂ ਵਿਚ ਦਿਮਾਗ਼ੀ ਨੁਕਸ ਸੀ
- ਆਰਗੈਨਿਕ ਬਰੇਨ ਡੈਮੇਜ
- ਗੱਲ ਸਮਝਣ ਵਿਚ ਦਿੱਕਤ ਆਉਣੀ
- ਦਿਮਾਗ਼ੀ ਸੱਟ ਵੱਜੀ ਹੋਈ (3.9 ਫੀਸਦੀ ਕੇਸਾਂ ਵਿਚ)
- ਦਿਮਾਗ਼ ਦੇ ਟੈਂਪੋਰਲ ਹੌਰਨ ਹਿੱਸੇ ਵਿਚ ਨੁਕਸ
- ਗੁੱਸੇ ਨੂੰ ਕਾਬੂ ਨਾ ਕਰ ਸਕਣਾ (ਗੁੱਸੇ ਤੇ ਸਰੀਰਕ ਸੰਬੰਧਾਂ ਨੂੰ ਕਾਬੂ ਕਰਨ ਵਾਲਾ ਦਿਮਾਗ਼ ਵਿਚ ਇੱਕੋ ਹੀ ਸੈਂਟਰ ਹੈ। ਇਸੇ ਲਈ ਕਾਫੀ ਬਲਾਤਕਾਰੀਆਂ ਵਿਚ ਇਸ ਹਿੱਸੇ ਵਿਚ ਨੁਕਸ ਲੱਭਿਆ ਹੈ।)

2. ਸ਼ਰਾਬੀ (9.93 ਫੀਸਦੀ ਬਲਾਤਕਾਰੀਆਂ ਵਿਚ ਲੱਭਿਆ)
3. ਨਸ਼ਾ (3.9 ਫੀਸਦੀ)
4. ਸਾਈਕੋਸਿਸ (1.7 ਫੀਸਦੀ)
5. ਵਿਕਾਰੀ ਸ਼ਖ਼ਸੀਅਤ (2.6 ਫੀਸਦੀ)
6. **ਚੌਰਾ** :- ਵਡੇਰੀ ਉਮਰ ਵਿਚ ਵੀ ਔਰਤ ਉੱਤੇ ਹੱਥ ਪਾਉਣ ਜਾਂ ਬੱਚੀਆਂ ਨਾਲ ਭੱਦੀ ਛੇੜਛਾੜ ਕਰਨ ਵਾਲਿਆਂ ਵਿਚ ਵੀ ਦਿਮਾਗ਼ੀ ਵਿਗਾੜ ਲੱਭੇ ਜਾ ਚੁੱਕੇ ਹਨ।
7. **ਸਮਲਿੰਗੀ** :- ਕਈ ਸਮਲਿੰਗੀ ਨਾਬਾਲਗ ਮੁੰਡਿਆਂ ਨਾਲ ਬਦਫੈਲੀ ਕਰਦੇ ਹੋਏ ਫੜੇ ਗਏ ਸਨ।
8. ਸਕੀਜ਼ੋਫਰੀਨੀਆ ਬੀਮਾਰੀ ਦੇ ਮਰੀਜ ਵੀ ਲੱਭੇ
9. ਵਿਕਾਰੀ ਸਰੀਰਕ ਸੰਬੰਧਾਂ ਵੱਲ ਝੁਕਾਓ-ਜਾਨਵਰਾਂ ਨਾਲ ਸਰੀਰਕ ਸੰਬੰਧ ਜਾਂ ਵਸਤੂਆਂ ਨਾਲ ਭੱਦੀ ਜਿਸਮਾਨੀ ਛੇੜਛਾੜ
10. ਇਕਦਮ ਭੜਕ ਕੇ ਚੀਜ਼ਾਂ ਭੰਨਣ ਲੱਗ ਪੈਣਾ
11. ਆਪਣੇ ਮਰਦਊਪੁਣੇ ਤੇ ਸ਼ੱਕ ਹੋਣਾ/ਅੰਗ ਦੀ ਛੋਟੇ ਹੋਣ ਨਾਲ ਜੁੜੀ ਹੀਣ ਭਾਵਨਾ (ਬੱਚੀਆਂ ਉੱਤੇ ਜ਼ੁਲਮ ਢਾਹੁਣ ਨਾਲ ਤਸੱਲੀ ਮਹਿਸੂਸ ਕਰਨਾ)
12. ਔਰਤ ਜ਼ਾਤ ਪ੍ਰਤੀ ਨਫ਼ਰਤ ਭਰੀ ਹੋਣੀ ਤੇ ਉਸ ਨੂੰ ਨੀਵਾਂ ਸਮਝਣਾ
13. ਔਰਤਾਂ ਦੇ ਕਪੜਿਆਂ ਵੱਲ ਖਿੱਚ ਮਹਿਸੂਸ ਕਰਨੀ
14. ਬਚਪਨ ਤੋਂ ਹੀ ਜਾਨਵਰਾਂ ਦੇ ਅੰਦਰੂਨੀ ਅੰਗ ਟੋਹਣੇ
15. ਪਤਨੀ ਨਾਲ ਸਰੀਰਕ ਸੰਬੰਧ ਬਣਾਉਣ ਵੇਲੇ ਵੀ ਉਸ ਨੂੰ ਜ਼ਖ਼ਮੀ ਕਰਨਾ ਜਾਂ ਤਿਰਸਕਾਰ ਦੀ ਭਾਵਨਾ ਵਾਲਾ ਵਰਤਾਰਾ ਰੱਖਣਾ
16. ਭੈਣ ਨਾਲ ਵੀ ਭੱਦੀ ਛੇੜਛਾੜ ਕਰਨਾ
17. ਲੋੜੋਂ ਵੱਧ ਹੱਥਰਸੀ ਕਰਦੇ ਰਹਿਣਾ
18. ਔਰਤਾਂ ਨਾਲ ਖਬਤੀ ਵਿਹਾਰ
19. ਲੱਚਰਤਾ ਭਰਪੂਰ ਟਿੱਪਣੀਆਂ ਕਰਨੀਆਂ



ਇਹ ਲੱਛਣ ਬਲਾਤਕਾਰੀਆਂ ਵਿੱਚੋਂ ਲੱਭੇ ਜਾਣ ਉੱਤੇ ਕਿਆਸ ਲਾਇਆ ਗਿਆ ਹੈ ਕਿ ਇਹੋ ਜਿਹੇ ਲੱਛਣ ਜੇ ਬੱਚੇ ਵਿਚ ਹੋਣ ਤਾਂ ਉਸ ਦਾ ਵੇਲੇ ਸਿਰ ਇਲਾਜ ਕਰਵਾ ਲੈਣਾ ਚਾਹੀਦਾ ਹੈ।

ਸਵੀਡਨ ਵਿਖੇ 535 ਬਲਾਤਕਾਰੀ ਜੋ ਜੇਲ੍ਹਾਂ ਵਿੱਚੋਂ ਛੱਡੇ ਗਏ, ਉਨ੍ਹਾਂ ਦੇ ਦਿਮਾਗ਼ ਵਿਚ ਲੱਭੇ ਨੁਕਸਾਂ ਤਹਿਤ ਇਹ ਨਤੀਜਾ ਕੱਢਿਆ ਗਿਆ ਕਿ ਕੁੱਝ ਹਾਈਪੋਮੇਨਿਕ ਤੇ ਕੁੱਝ ਮੇਨਿਕ ਬੀਮਾਰੀ ਨਾਲ ਗ੍ਰਸਤ ਸਨ। ਕੁੱਝ ਬਲਾਤਕਾਰੀ ਪਹਿਲਾ ਡਾਕਾ ਮਾਰਨ ਤੇ ਕਤਲ ਦੀਆਂ ਵਾਰਦਾਤਾਂ ਵੀ ਕਰ ਚੁੱਕੇ ਸਨ। ਕੁੱਝ ਡੀਮੈਂਸ਼ੀਆ (ਭੁੱਲ ਜਾਣ ਵਾਲੀ ਬੀਮਾਰੀ) ਤੇ ਦਿਮਾਗ਼ ਦੇ ਤਰਕ ਕਰ ਸਕਣ ਵਾਲੇ ਹਿੱਸੇ ਵਿਚਲੇ ਸੈੱਲਾਂ ਦੇ ਖੁਰ ਜਾਣ ਦੇ ਨੁਕਸ ਪਾਲੀ ਬੈਠੇ ਸਨ। ਸਕੀਜ਼ੋਫਰੀਨੀਆ ਦੇ ਮਰੀਜ਼ ਜ਼ਿਆਦਾ ਭਿਆਨਕ ਤਰੀਕੇ ਬਲਾਤਕਾਰ ਕਰਨ ਬਾਅਦ ਕਤਲਾਂ ਨੂੰ ਅੰਜਾਮ ਦੇ ਰਹੇ ਸਨ।

ਕੁੱਝ ਬਲਾਤਕਾਰੀਆਂ ਦੇ ਦਿਮਾਗ਼ੀ ਨੁਕਸਾਂ ਵਿਚ ਵੱਖ ਕਿਸਮਾਂ ਸਾਹਮਣੇ ਆਈਆਂ। ਇਹ ਸਨ :-

1. ਬੋਤਲ ਪੀਂਦੇ ਬੱਚੇ ਨੂੰ ਵੇਖ ਕੇ ਉਸ ਦੇ ਸਰੀਰ ਨੂੰ ਭੋਗਣ ਦੀ ਚਾਹ
2. ਬੱਚੇ ਦਾ ਡਾਇਪਰ ਵੇਖ ਕੇ ਸਰੀਰਕ ਸੰਬੰਧ ਬਣਾਉਣ ਦੀ ਇੱਛਾ ਜਾਗਣੀ
3. ਆਪ ਬੱਚੇ ਦੀ ਬੋਤਲ ਵਿਚ ਦੁੱਧ ਚੁੰਘਣ ਦਾ ਦਿਲ ਕਰਨਾ (ਇਨਫੈਂਟੀਲਿਜ਼ਮ)
4. ਕਿਸੇ ਨੂੰ ਉਲਟੀ ਕਰਦੇ ਵੇਖ ਕੇ ਸਰੀਰਕ ਸੰਬੰਧ ਬਣਾਉਣ ਦੀ ਇੱਛਾ ਜਾਗਣੀ। ਇਸ ਨੂੰ "ਇਮੈਟੋਫਿਲੀਆ" ਕਿਹਾ ਜਾਂਦਾ ਹੈ।
5. ਕਿਸੇ ਕਿਸਮ ਦੀ ਖਾਣ ਵਾਲੀ ਚੀਜ਼ ਵੇਖਦੇ ਸਾਰ ਜਿਸਮਾਨੀ ਤਾਂਘ ਜਾਗਣੀ
6. ਸੜਕਾਂ ਤੇ ਤੁਰਦੇ ਕਛਿਹਰਾ ਲਾਹ ਦੇਣਾ
7. ਸਹਿਵਾਸ ਦੌਰਾਨ ਔਰਤ ਨੂੰ ਦਰਦ ਨਾਲ ਚੀਕਦੇ ਵੇਖ ਕੇ ਖ਼ੁਸ਼ੀ ਮਹਿਸੂਸ ਕਰਨੀ ਤੇ ਬਲੇਡ, ਲੱਕੜ, ਲੋਹਾ, ਪਾਈਪ, ਆਦਿ ਚੀਜ਼ਾਂ ਔਰਤਾਂ ਦੀ ਬੱਚੇਦਾਨੀ ਅੰਦਰ ਵਾੜ ਕੇ ਤਸੱਲੀ ਮਹਿਸੂਸ ਕਰਨੀ।
8. ਕੰਮ ਕਾਰ ਵਾਲੀ ਥਾਂ ਔਰਤ ਦੇ ਜਿਸਮ ਨੂੰ ਨਿਹਾਰਦੇ ਰਹਿਣਾ ਤੇ ਭੈੜੀ ਤੱਕਣੀ ਰੱਖਣੀ
9. ਔਰਤ ਜਾਂ ਬੱਚੀ ਨੂੰ ਭੱਦੇ ਤਰੀਕੇ ਟੋਹਣਾ
10. ਔਰਤ ਦੇ ਪਾਏ ਤੰਗ ਕੱਪੜਿਆਂ ਨੂੰ ਵੇਖ ਕੇ ਜਾਂ ਸ਼ੋਖ਼ ਕਪੜਿਆਂ ਨੂੰ ਵੇਖ ਕੇ ਬੇਲੋੜੇ ਖਿੱਚੇ ਜਾਣਾ ਤੇ ਵੀਰਜ ਦਾ ਨਿਕਲ ਜਾਣਾ
11. ਸਪਨਦੋਸ਼ ਦਾ ਇਲਾਜ ਹੀ ਬਲਾਤਕਾਰ ਨੂੰ ਮੰਨਣਾ
12. ਬਚਪਨ ਵਿਚ ਮਾਰ ਕੁਟਾਈ ਦੇ ਸ਼ਿਕਾਰ ਆਪ ਅੱਗੋਂ ਔਰਤ ਦਾ ਬਲਾਤਕਾਰ ਕਰ ਕੇ ਮਨ ਨੂੰ ਸ਼ਾਂਤ ਕਰ ਲੈਂਦੇ ਹਨ।
13. ਸੋਚ ਵਿਚ ਵਿਗਾੜ ਕਿ ਜਿਸ ਕਿਸੇ ਔਰਤ ਉੱਤੇ ਮਨ ਆ ਜਾਏ, ਉਹ ਹਰ ਹਾਲ ਹਾਸਲ ਕਰਨੀ ਹੈ।
14. ਔਰਤ ਦੋਸਤ ਵੱਲੋਂ 'ਇਨਕਾਰ' ਸੁਣ ਲੈਣ ਉੱਤੇ ਉਸਦਾ ਤੇ ਹੋਰ ਔਰਤਾਂ ਜਾਂ ਬੱਚੀਆਂ ਦਾ ਬਲਾਤਕਾਰ ਕਰ ਕੇ ਤਸੱਲੀ ਮਹਿਸੂਸ ਕਰਨਾ।

ਮੈਸਾਚੂਟਿਸ ਵਿਖੇ ਬਲਾਤਕਾਰੀਆਂ ਦੀਆਂ ਕੁੱਝ ਕਿਸਮਾਂ ਵੀ ਲੱਭੀਆਂ ਗਈਆਂ ਹਨ। ਉਹ ਹਨ :-

1. **ਮੌਕਾਪ੍ਰਸਤ ਬਲਾਤਕਾਰੀ** :- ਅਜਿਹੇ ਬਲਾਤਕਾਰੀ ਆਮ ਤੌਰ ਉੱਤੇ ਵੱਡੇ ਅਹੁਦਿਆਂ, ਮਕੈਨਿਕ, ਵਿਹਲੜ, ਆਟੋ ਰਿਕਸ਼ਾ, ਪੁਲਿਸ ਕਰਮੀ, ਜੇਲ ਅਧਿਕਾਰੀ, ਹੋਸਟਲ ਵਾਰਡਨ, ਧਾਰਮਿਕ ਆਗੂ, ਖੇਡਾਂ ਦੀ ਟੀਮ ਦਾ ਕੋਚ, ਆਦਿ ਯਾਨੀ ਕੋਈ ਵੀ ਅਜਿਹਾ ਬੰਦਾ ਜਿਹੜਾ ਮਜਬੂਰ ਔਰਤ ਵੇਖੇ ਤੇ ਮੌਕਾ ਵੀ ਮਿਲ ਰਿਹਾ ਹੋਵੇ ਤਾਂ 86 ਫੀਸਦੀ ਅਜਿਹੇ ਬੰਦੇ ਮੌਕੇ ਦਾ ਫਾਇਦਾ ਉਠਾ ਲੈਂਦੇ ਹਨ। ਕਈ ਵਾਰ ਅਹੁਦੇ ਦਾ ਲਾਭ ਉਠਾ ਕੇ ਤੇ ਕਈ ਵਾਰ ਧੱਕੇ ਨਾਲ ਵਕਤੀ ਆਨੰਦ ਵਾਸਤੇ ਅਜਿਹਾ ਕੀਤਾ ਜਾਂਦਾ ਹੈ।

2. **ਗੁੱਸੈਲ ਬਲਾਤਕਾਰੀ** :- ਅਜਿਹਾ ਬਲਾਤਕਾਰੀ ਹਮੇਸ਼ਾ ਸ਼ਿਕਾਰ ਹੋਹੀ ਔਰਤ ਨੂੰ ਬੇਹੂਦਾ ਤਰੀਕੇ ਕੱਟ ਵੱਢ ਕੇ ਕਤਲ ਕਰਦਾ ਹੈ। ਮਨ ਅੰਦਰ ਭਰਿਆ ਗੁੱਸਾ ਜੋ ਸਮਾਜ ਪ੍ਰਤੀ ਹੋਵੇ ਜਾਂ ਆਪਣੇ ਨਾਲ ਹੋਏ ਕਿਸੇ ਧੱਕੇ ਸਦਕਾ ਹੋਵੇ, ਉਸ ਕਰਕੇ ਦਿਮਾਗ਼ ਹੱਥੋਂ ਮਜਬੂਰ ਗੁੱਸੈਲ ਬਲਾਤਕਾਰੀ ਔਰਤ ਦੇ ਸਰੀਰ ਨੂੰ ਤਹਿਸ ਨਹਿਸ ਕਰ ਦਿੰਦਾ ਹੈ।

3. **ਬਾਲੜੀਆਂ ਦਾ ਬਲਾਤਕਾਰੀ** :- ਇਸ ਕਿਸਮ ਦਾ ਬਲਾਤਕਾਰੀ ਮਾਨਸਿਕ ਰੋਗੀ ਹੁੰਦਾ ਹੈ। ਉਹ ਬੱਚੀ ਦੀ ਕਿਸੇ ਵੀ ਹਰਕਤ, ਉਸ ਦੇ ਖਿਡੌਣੇ, ਫਰਾਕ, ਸੁਕਣੇ ਪਾਏ ਕਪੜੇ ਜਾਂ ਦੁੱਧ ਦੀ ਬੋਤਲ ਤੱਕ ਵੇਖ ਕੇ ਵਿਚਲਿਤ ਹੋ ਜਾਂਦਾ ਹੈ ਤੇ ਮਜਬੂਰੀਵਸ ਕਿਸੇ ਬਾਲੜੀ ਨੂੰ ਵੇਖਦੇ ਹੀ ਦਬੋਚ ਲੈਣ ਲਈ ਕਾਹਲਾ ਪੈ ਜਾਂਦਾ ਹੈ।

4. **ਜਿਨਸੀ ਦੋਖੀ ਬਲਾਤਕਾਰੀ** :- ਅਜਿਹਾ ਬਲਾਤਕਾਰੀ ਔਰਤ ਨੂੰ ਸੌਖਾ ਸ਼ਿਕਾਰ ਮੰਨਦਿਆਂ ਆਪਣੀ ਤਾਕਤ ਤੇ ਰੁਤਬੇ ਦਾ ਰੋਅਬ ਵਿਖਾਉਣ ਲਈ ਔਰਤ ਦਾ ਆਪ ਨਹੀਂ ਬਲਕਿ ਆਪਣੇ ਸਾਹਮਣੇ ਦੂਜੇ ਕੋਲੋਂ ਬਲਾਤਕਾਰ ਕਰਵਾਉਂਦਾ ਹੈ।

5. **ਮਰਦਾਨਗੀ ਨੂੰ ਸੱਟ ਖਾਧਾ ਬਲਾਤਕਾਰੀ** :- ਆਪਣੇ ਆਪ ਨੂੰ ਸਰੀਰਕ ਸੰਬੰਧ ਕਾਇਮ ਕਰਨ ਵਿਚ ਅਸਮਰਥ ਮੰਨਦਿਆਂ ਇਸ ਕਿਸਮ ਦਾ ਬਲਾਤਕਾਰੀ ਛੋਟੀ ਉਮਰ ਦੀਆਂ ਬੱਚੀਆਂ ਨੂੰ ਸ਼ਿਕਾਰ ਬਣਾ ਕੇ ਆਪਣੀ ਭੁੱਖ ਤ੍ਰਿਪਤ ਕਰਨ ਦੇ ਨਾਲ ਆਪਣੀ ਮਰਦਾਨਗੀ ਸਾਬਤ ਕਰ ਲੈਂਦਾ ਹੈ।

6. **ਸ਼ਿਕਾਰੀ ਬਲਾਤਕਾਰੀ** :- ਇਸ ਕਿਸਮ ਦਾ ਸ਼ਿਕਾਰੀ ਆਪਣੇ ਗੁੱਸੇ ਦੇ ਆਧਾਰ ਉੱਤੇ ਔਰਤ ਦਾ ਸ਼ਿਕਾਰ ਕਰਦਾ ਹੈ। ਅਜਿਹੇ ਸ਼ਿਕਾਰੀ ਨੂੰ ਬਲਾਤਕਾਰ ਕਰਨ ਨਾਲੋਂ ਔਰਤ ਨੂੰ ਜ਼ਲੀਲ ਕਰਨ ਵਿਚ ਵੱਧ ਮਜ਼ਾ ਆਉਂਦਾ ਹੈ। ਨਿਰਵਸਤਰ ਕਰ ਕੇ, ਲਾਚਾਰ ਬਣਾ ਕੇ ਵੀਡੀਓ ਬਣਾਉਣੀ, ਔਰਤ ਕੋਲੋਂ ਤਰਲੇ ਕਰਵਾਉਣੇ, ਉਸ ਕੋਲੋਂ ਹਰ ਸ਼ਰਤ ਮੰਨਵਾ ਕੇ ਗਲਤ ਹਰਕਤਾਂ ਕਰਵਾਉਣੀਆਂ ਆਦਿ ਸ਼ਿਕਾਰੀ ਬਲਾਤਕਾਰੀ ਦੀ ਖ਼ਾਸ ਪਛਾਣ ਹੁੰਦੀ ਹੈ। ਇਸ ਕਿਸਮ ਦੇ ਸ਼ਿਕਾਰੀ ਬਲਾਤਕਾਰੀ ਵੀਡੀਓ ਬਣਾ ਕੇ ਆਪਣੇ ਆਪ ਨੂੰ ਉੱਚਾ ਵਿਖਾਉਣ ਦਾ ਦਾਅਵਾ ਵੀ ਕਰਦੇ ਹਨ ਤੇ ਖੁੱਲੇਆਮ ਇਸ ਦਾ ਪ੍ਰਚਾਰ ਵੀ ਕਰਦੇ ਹਨ।

ਕੁੱਝ ਖੱਚਰੇ ਤੇ ਦਾਅ ਲੱਗ ਜਾਣ 'ਤੇ ਬਲਾਤਕਾਰ ਕਰਨ ਵਾਲੇ ਇਹੋ ਜ਼ਾਹਿਰ ਕਰਦੇ ਹਨ ਕਿ ਇਨਸਾਨ ਅੰਦਰੋਂ ਹੈ ਪੂਰਾ ਜਾਨਵਰ ਹੀ, ਸਿਰਫ਼ ਮੁਖੌਟਾ ਹੀ ਇਨਸਾਨ ਦਾ ਚਾੜ੍ਹਿਆ ਹੋਇਆ ਹੈ।

ਵਿਕਸਿਤ ਮੁਲਕਾਂ ਵਿਚ ਇਸ ਜਾਣਕਾਰੀ ਤੋਂ ਵਾਕਿਫ਼ ਹੋਣ ਬਾਅਦ ਜਦੋਂ ਇੱਕ ਵਾਰ ਬਲਾਤਕਾਰੀ ਪੁਲਿਸ ਹੱਥੇ ਚੜ੍ਹ ਜਾਵੇ ਤਾਂ ਪੂਰੀ ਉਮਰ ਲਈ ਅੰਦਰ ਤਾੜ ਦਿੱਤਾ ਜਾਂਦਾ ਹੈ। ਜੇ ਕਦੇ ਕੁੱਝ ਸਮੇਂ ਲਈ ਬਾਹਰ ਨਿਕਲੇ ਤਾਂ ਚੁਫੇਰੇ 'ਵਾਰਨਿੰਗ ਜ਼ੋਨ' ਬਣਾ ਕੇ ਛੱਡਿਆ ਜਾਂਦਾ ਹੈ ਕਿ ਖ਼ਤਰਨਾਕ ਅਪਰਾਧੀ ਜੇਲ੍ਹੋਂ ਬਾਹਰ ਹੈ ਸੋ ਪੁਲਿਸ ਦੀ ਨਜ਼ਰ ਹੇਠ ਰਹੇ ਤੇ ਲੋਕ ਵੀ ਸਾਵਧਾਨੀ ਵਰਤਣ।

ਇਹ ਸਾਬਤ ਹੋ ਚੁੱਕੇ ਤੱਥ ਹਨ ਕਿ ਭਾਰਤ ਵਿਚ ਸਜ਼ਾਵਾਂ ਓਨੀਆਂ ਸਖ਼ਤ ਨਹੀਂ ਤੇ ਕਾਨੂੰਨ ਵਿਚਲੀ ਢਿੱਲ ਸਦਕਾ ਢੇਰਾਂ ਦੇ ਢੇਰ ਬਲਾਤਕਾਰੀ ਆਜ਼ਾਦ ਘੁੰਮ ਰਹੇ ਹਨ। ਸਿਰਫ਼ ਆਜ਼ਾਦ ਹੀ ਨਹੀਂ, ਬਲਕਿ ਸਿਆਸੀ ਤਾਕਤ ਵੀ ਬਣ ਰਹੇ ਹਨ ਤੇ ਰਾਜ ਪਾਟ ਵੀ ਸਾਂਭ ਰਹੇ ਹਨ। ਇਸੇ ਲਈ ਬਲਾਤਕਾਰਾਂ ਦੀ ਗਿਣਤੀ ਵੀ ਦਿਨੋ-ਦਿਨ ਵੱਧਦੀ ਜਾ ਰਹੀ ਹੈ, ਸੀਰੀਅਲ ਰੇਪਿਸਟ ਵੀ ਸਾਹਮਣੇ ਆ ਰਹੇ ਹਨ, ਭਿਆਨਕ ਤਰੀਕੇ ਬਲਾਤਕਾਰ ਕਰਨ ਬਾਅਦ ਔਰਤਾਂ ਮਾਰੀਆਂ ਵੀ ਜਾ ਰਹੀਆਂ ਹਨ ਤੇ ਦਿਨੋ-ਦਿਨ ਬਾਲੜੀਆਂ ਦੇ ਜ਼ਬਰਜਨਾਹ ਵਿਚ ਵਾਧਾ ਵੀ ਹੁੰਦਾ ਜਾ ਰਿਹਾ ਹੈ। ਹਾਲਾਤ ਇਹ ਹੋ ਚੁੱਕੇ ਹਨ ਕਿ ਕਿਸੇ ਵੀ ਉਮਰ ਦੀ ਔਰਤ ਨਾ ਦਿਨੇ ਤੇ ਨਾ ਰਾਤ, ਨਾ ਇਕੱਲੀ ਤੇ ਨਾ ਭੀੜ ਵਿਚ, ਨਾ ਘਰ ਤੇ ਨਾ ਬਾਹਰ, ਕਿਤੇ ਵੀ ਸੁਰੱਖਿਅਤ ਨਹੀਂ।

ਗੱਲ ਤਾਂ ਅਖ਼ੀਰ ਇੱਥੇ ਮੁੱਕਦੀ ਹੈ ਕਿ ਜੇ ਸੈਕਸ ਰੈਕਟ ਚਲਾਉਣ ਵਾਲੇ ਹੀ ਰਾਜ ਸਾਂਭ ਕੇ ਬੈਠੇ ਹੋਣ ਤਾਂ ਕੀ ਇਹ ਤੁਕ ਸਹੀ ਨਹੀਂ ਬੈਠਦੀ :-

"ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ"

ਹੁਣ ਤਾਂ ਪਾਠਕ ਹੀ ਦੱਸਣ ਕਿ ਇਨ੍ਹਾਂ ਬਲਾਤਕਾਰੀਆਂ ਦਾ ਇਲਾਜ ਕੀ ਹੋਣਾ ਚਾਹੀਦਾ ਹੈ? ਕੀ ਲੋਕ ਆਪ ਇਨਸਾਫ਼ ਕਰਨਾ ਸ਼ੁਰੂ ਕਰ ਦੇਣ? ਕੀ ਵੇਲੇ ਸਿਰ ਇਨ੍ਹਾਂ ਨੂੰ ਵੋਟਾਂ ਪਾਉਣੀਆਂ ਬੰਦ ਕਰ ਦੇਣ? ਕੀ ਫਰੈਂਚ ਰੈਵੋਲਿਊਸ਼ਨ ਵਾਂਗ ਆਰ ਜਾਂ ਪਾਰ ਦੀ ਲੜਾਈ ਕਰਨ? ਕੀ ਚੁੱਪੀ ਤੋੜ ਕੇ ਆਪਣੇ ਹੱਕਾਂ ਲਈ ਲੜਨਾ ਸ਼ੁਰੂ ਕਰਨ? ਜਾਂ ਫੇਰ ਬਹਿ ਕੇ ਓਦੋਂ ਤੱਕ ਤਮਾਸ਼ਾ ਵੇਖਣ ਜਦ ਤਕ ਆਪਣੀ ਧੀ ਭੈਣ ਦੀ ਪੱਤ ਉੱਤੇ ਹੱਥ ਨਹੀਂ ਪੈਂਦਾ?

# ਜੱਗ ਜਨਨੀ ਅਤੇ ਸਮਾਜ ਦੀ ਸੰਜੀਦਗੀ ?

**ਗੋਬਿੰਦਰ ਸਿੰਘ 'ਬਰੜ੍ਹਵਾਲ'**

ਔਰਤਾਂ ਦੇ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਅਜੋਕੇ ਦੌਰ ਵਿੱਚ ਔਰਤਾਂ ਕਿਸੇ ਵੀ ਉਮਰ ਦੀਆਂ, ਕਿਸੇ ਵੀ ਰਿਸ਼ਤੇ ਵਿੱਚ ਅਤੇ ਕਿਸੇ ਵੀ ਸਥਾਨ ਤੇ ਮਹਿਫੂਜ ਨਹੀਂ। ਸਾਲ 2010 ਵਿੱਚ ਬਲਾਤਕਾਰ ਦੇ 5,484 ਮਾਮਲੇ ਦਰਜ ਹੋਏ ਸੀ ਅਤੇ 2011 ਵਿੱਚ 29.7 ਫੀਸਦੀ ਦੇ ਵਾਧੇ ਨਾਲ ਦੇਸ਼ ਭਰ ਵਿੱਚ ਬਲਾਤਕਾਰ ਦੇ ਕੁੱਲ 7,112 ਮਾਮਲੇ ਸਾਹਮਣੇ ਆਏ। ਰਾਸ਼ਟਰੀ ਅਪਰਾਧ ਬਿਊਰੋ ਦੇ ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਦਿਨ 50 ਬਲਾਤਕਾਰ ਦੇ ਮਾਮਲੇ ਥਾਣਿਆਂ ਵਿੱਚ ਦਰਜ ਹੁੰਦੇ ਹਨ। 2018 ਵਿੱਚ ਬਲਾਤਕਾਰ ਦੇ 18 ਹਜ਼ਾਰ ਤੋਂ ਜ਼ਿਆਦਾ ਮਾਮਲੇ ਦਰਜ ਕੀਤੇ ਗਏ ਅਤੇ ਬਹੁਤੇ ਅਜਿਹੇ ਮਾਮਲੇ ਵੀ ਹਨ ਜੋ ਥਾਣਿਆਂ ਤੱਕ ਨਹੀਂ ਪਹੁੰਚਦੇ।

ਤਾਜ਼ਾ ਘਟਨਾਕ੍ਰਮ ਵਿੱਚ ਹੈਦਰਾਬਾਦ ਵਿਖੇ ਪਸ਼ੂ ਡਾਕਟਰ ਨਾਲ ਚਾਰ ਦਰਿੰਦਿਆਂ ਦੁਆਰਾ ਅਤੇ ਝਾਰਖੰਡ ਵਿੱਚ ਕਾਨੂੰਨ ਦੀ ਵਿਦਿਆਰਥਣ ਨਾਲ 12 ਦਰਿੰਦਿਆਂ ਦੁਆਰਾ ਉਹਨਾਂ ਦੀ ਇੱਜ਼ਤ ਤਾਰ ਤਾਰ ਕੀਤੀ ਗਈ ਅਤੇ ਉਹਨਾਂ ਨੂੰ ਦਰਦਨਾਕ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਉਨਾਵ ਗੈਂਗਰੈਪ ਪੀੜਤਾ ਨੂੰ ਕੋਰਟ ਜਾਂਦਿਆਂ ਅੱਗ ਲਾਉਣਾ ਅਤੇ ਉਸਦੀ ਮੌਤ, ਕਠੂਆ ਗੈਂਗਰੇਪ ਮਾਮਲਾ ਜਦੋਂ ਮੁਲਜ਼ਮ ਦੇ ਸਮਰਥਨ 'ਚ ਖੁੱਲ੍ਹੇਆਮ ਤਿਰੰਗਾ ਲਹਿਰਾਇਆ ਗਿਆ ਹੈ ਅਤੇ ਨਾਅਰੇ ਲਾਏ ਗਏ ਸਵਾਲੀਆਂ ਨਿਸ਼ਾਨ ਹਨ ਸਾਡੇ ਸਮਾਜ ਅਤੇ ਵਿਵਸਥਾ ਦੀ ਸੰਜੀਦਗੀ ਤੇ।

ਹੈਦਰਾਬਾਦ ਕਾਂਡ ਤੋਂ ਬਾਅਦ 80 ਲੱਖ ਲੋਕਾਂ ਨੇ ਪੋਰਨ ਸਾਇਟਾਂ ਤੇ ਡਾਕਟਰ ਨਾਲ ਰੇਪ ਜਾਂ ਯੌਨ ਸੰਬੰਧਾਂ ਨੂੰ ਸਰਚ ਕੀਤਾ। ਅਮਰੀਕੀ ਲੇਖਿਕਾ ਰਾਬਿਨ ਮਾਰਗਨ ਨੇ 1974 ਵਿੱਚ ਲਿਖੇ ਆਪਣੇ ਪ੍ਰਸਿੱਧ ਲੇਖ 'ਥਿਊਰੀ ਐਂਡ ਪ੍ਰੈਕਟਿਸ - ਪੋਰਨੋਗ੍ਰਾਫ਼ੀ ਐਂਡ ਰੇਪ' ਵਿੱਚ ਲਿਖਿਆ ਸੀ ਕਿ ਪੋਰਨੋਗ੍ਰਾਫ਼ੀ ਉਸ ਸਿਧਾਂਤ ਦੀ ਤਰ੍ਹਾਂ ਕੰਮ ਕਰਦਾ ਹੈ ਜਿਸਨੂੰ ਵਿਵਹਾਰਿਕ ਰੂਪ ਵਿੱਚ ਬਲਾਤਕਾਰ ਦੇ ਰੂਪ ਵਿੱਚ ਅੰਜਾਮ ਦਿੱਤਾ ਜਾਂਦਾ ਹੈ। ਇਸ ਸੰਬੰਧੀ ਹੁਣ ਤੱਕ ਇਸਦੇ ਪੱਖ ਅਤੇ ਵਿਰੋਧ ਵਿੱਚ ਖੋਜ ਅਤੇ ਦਲੀਲਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਇੱਕ ਰਿਪੋਰਟ ਦੇ ਮੁਤਾਬਕ ਅਮਰੀਕੀ 'ਫੈਡਰਲ ਬਿਊਰੋ ਆੱਫ਼ ਇਨਵੈਸਟੀਗੇਸ਼ਨ' ਨੇ ਆਪਣੇ ਆਪਰਾਧਿਕ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਪਾਇਆ ਕਿ ਯੌਨ ਹਿੰਸਾ ਦੇ 80% ਮਾਮਲਿਆਂ ਵਿੱਚ ਪੋਰਨ (ਅਸ਼ਲੀਲ ਯੌਨ ਸਮੱਗਰੀ) ਦੀ ਮੌਜੂਦਗੀ ਦੇਖੀ ਗਈ। ਇਹ ਕੋਈ ਅੱਤਕੱਥਨੀ ਨਹੀਂ ਕਿ ਔਰਤਾਂ ਸੰਬੰਧੀ ਅਪਰਾਧਾਂ ਦੀਆਂ ਘਟਨਾਵਾਂ ਵਿੱਚ ਇਨਸਾਫ਼, ਸੱਚ ਅਤੇ ਮਨੁੱਖਤਾ ਦੀ ਥਾਂ ਆਪਣੇ ਵਰਗ ਵਿਸ਼ੇਸ਼ ਪ੍ਰਤੀ ਪਹਿਲ, ਚੇਤੰਨਤਾ ਦੀ ਘਾਟ ਸਾਡੇ ਸਮਾਜ ਦਾ ਦੁਖਾਂਤ ਹੈ। **ਬਾਕੀ ਸਫ਼ਾ 28 'ਤੇ**

## ਅੰਮ੍ਰਿਤਧਾਰੀ ਸੁਖਦੀਪ ਕੌਰ ਨੇ ਵਿਦੇਸ਼ ਵਿਚ ਚਮਕਾਇਆ ਪੰਥ ਦਾ ਨਾਮ

ਸੁਖਦੀਪ ਨੇ ਦੱਸਿਆ ਕਿ ਸ਼ੁਰੂ ਵਿੱਚ ਮੈਨੂੰ ਆਮ ਲੋਕਾਂ ਨਾਲ ਗੱਲਬਾਤ ਕਰਨ ਵਿੱਚ ਮੁਸ਼ਕਿਲ ਆਓਂਦੀ ਰਹੀ ਕਿਓਂਕਿ ਹਾਂਗਕਾਂਗ ਮੂਲ ਦੇ ਲੋਕ (ਕੰਤੋਂਸ) ਚੀਨੀ ਭਾਸ਼ਾ ਵਿਚ ਗੱਲਬਾਤ ਕਰਦੇ ਹਨ। ਉਸਦਾ ਕਹਿਣਾ ਕਿ ਉਸਦੇ ਸਿੱਖੀ ਸਰੂਪ ਕਰਕੇ ਵੀ ਥੋੜੀ ਦਿੱਕਤ ਆਈ। ਪਰ ਹੁਣ ਕੋਈ ਮੁਸ਼ਕਲ ਨਹੀਂ ਉਹ ਚੀਨੀ ਭਾਸ਼ਾ ਵਿਚ ਵੀ ਆਸਾਨੀ ਨਾਲ ਗੱਲਬਾਤ ਕਰਦੀ ਹੈ। ਉਸ ਦਾ ਕਹਿਣਾ ਕਿ ਜਦੋਂ ਉਹ ਬਾਹਰ ਜਾਂਦੀ ਤਾਂ ਲੋਕ ਉਸਦੇ ਸਿੱਖੀ ਬਾਣੇ ਬਾਰੇ ਪੁੱਛਦੇ ਹਨ। ਇਸ ਬਾਰੇ ਜਾਨਣ ਤੋਂ ਬਾਅਦ ਲੋਕ ਉਸਦਾ ਤੇ ਉਸਦੇ ਬਾਣੇ ਦਾ ਸਤਿਕਾਰ ਕਰਦੇ ਹਨ।

ਸੁਖਦੀਪ ਕੌਰ ਨੇ ਦੱਸਿਆ ਕਿ ਇੰਟਰਵਿਊ ਦੌਰਾਨ ਸੀ ਐੱਸ ਡੀ ਦੇ ਅਧਿਕਾਰੀ ਇਸ ਤੋਂ ਬਹੁਤ ਪ੍ਰਭਾਵਤ ਹੋਏ ਕਿ ਉਸ ਦੀ ਸਿੱਖੀ ਸ਼ਾਨ ਵਾਲੀ ਨੀਲੇ ਰੰਗ ਦੀ ਦਸਤਾਰ ਉਹਨਾਂ ਦੀ ਵਰਦੀ ਨਾਲ ਮੈਚ ਕਰਦੀ ਹੈ। ਸੁਖਦੀਪ ਦਾ ਕਹਿਣਾ ਕਿ ਉਸ ਦੀ ਜੇਲ ਅਫਸਰ ਦੀ ਡਿਊਟੀ ਕੈਦੀਆਂ ਨਾਲ ਰਾਬਤਾ ਕਾਇਮ ਕਰਨ ਦੀ ਹੈ। ਸਿੱਖੀ ਸਰੂਪ ਵਾਲੀ ਇਕ ਭਾਰਤੀ ਮਹਿਲਾ ਅਫਸਰ ਜਿਸ ਦੇ ਸਿਰ ਉਪਰ ਧਾਰਮਿਕ ਚਿੰਨ੍ਹ ਨਾਲ ਸਜੀ ਦਸਤਾਰ ਹੈ ਤੇ ਕੰਟੋਸ ਭਾਸ਼ਾ ਵਿਚ ਗੱਲਬਾਤ ਕਰਦੀ, ਨਾਲ ਕੈਦੀ ਗੱਲਬਾਤ ਕਰਨ 'ਚ ਆਸਾਨੀ ਮਹਿਸੂਸ ਕਰਦੇ। ਉਸ ਦਾ ਕਹਿਣਾ ਹੈ ਕਿ ਹਾਂਗਕਾਂਗ ਵਿਚ ਲਗਪਗ 12,000 ਸਿੱਖ ਪਰਿਵਾਰ ਰਹਿੰਦੇ ਹਨ। ਪਰ ਉਸਦੀ ਸਿੱਖੀ ਸ਼ਾਨ ਉਸ ਦੀ ਪਛਾਣ ਵੱਖਰੀ ਮਹਿਸੂਸ ਕਰਵਾ ਰਹੀ ਹੈ।ਸਾਊਥ ਚਾਈਨਾ ਮਾਰਨਿੰਗ ਪੋਸਟ ਨੂੰ ਇੰਟਰਵਿਊ ਦੇਂਦਿਆਂ ਸੁਖਦੀਪ ਕੌਰ ਨੇ ਦਸਿਆ ਸਿੱਖ ਧਰਮ ਵਿਚ ਕੇਸ ਪਵਿੱਤਰ ਹਨ, ਕਿਉਂਕਿ ਇਹ ਕੁਦਰਤ ਦਾ ਪ੍ਰਤੀਕ ਹੈ ਅਤੇ ਰੱਬ ਨੇ ਸਾਨੂੰ ਕਿਵੇਂ ਬਣਾਇਆ। ਅਸੀਂ ਆਪਣੇ ਵਾਲ ਨਹੀਂ ਕੱਟਦੇ ਅਤੇ ਇਸਨੂੰ ਪੱਗ ਦੇ ਅੰਦਰ ਲਪੇਟਦੇ ਹਾਂ ਤਾਂ ਜੋ ਇਸ ਨੂੰ ਮਿੱਟੀ ਤੋਂ ਸਾਫ ਰੱਖਿਆ ਜਾ ਸਕੇ, ਕੌਰ ਨੇ ਕਿਹਾ। ਮੈਂ ਅੰਮ੍ਰਿਤ ਛਕਣ ਤੋਂ ਬਾਅਦ ਤੋਂ ਬਾਅਦ ਮੈਂ ਪੂਰੀ ਤਰ੍ਹਾਂ ਸਿੱਖ ਧਰਮ ਨੂੰ ਸਮਰਪਿਤ ਹੋ ਗਈ ਸੀ।। ਮੇਰੇ ਲਈ, ਪੱਗ ਮੇਰੇ ਧਰਮ ਅਤੇ ਸਭਿਆਚਾਰ ਦੀ ਨੁਮਾਇੰਦਗੀ ਕਰਦੀ ਹੈ। ਪੁਲੀਸ ਵਿਭਾਗ ਨੇ ਸੁਖਦੀਪ ਕੌਰ ਨੂੰ ਉਸਦੀ ਵਰਦੀ ਦੇ ਹਿੱਸੇ ਵਜੋਂ ਚਾਰ ਨੀਲੀਆਂ ਪੱਗਾਂ ਪ੍ਰਦਾਨ ਕੀਤੀਆਂ, ਅਤੇ ਉਸ ਨੂੰ ਸਿੱਖ ਵਿਸ਼ਵਾਸ ਦਾ ਇਕ ਹੋਰ ਪ੍ਰਤੀਕ, ਧਾਤ ਦਾ ਕੰਗਣ ਪਹਿਨਣ ਲਈ ਵਿਸ਼ੇਸ਼ ਪ੍ਰਬੰਧ ਕੀਤਾ. ਸ਼ਾਕਾਹਾਰੀ ਭੋਜਨ ਵੀ ਉਪਲਬਧ ਹੋਵੇਗਾ.।ਉਸਨੇ ਅੱਗੇ ਕਿਹਾ ਕਿ ਉਸਨੂੰ ਉਮੀਦ ਹੈ ਕਿ ਉਹ ਸ਼ਹਿਰ ਦੇ ਹੋਰ ਸਿੱਖਾਂ ਲਈ ਰੋਲ ਮਾਡਲ ਬਣ ਸਕਦੀ ਹੈ।

ਸੁਖਦੀਪ ਕੌਰ ਦਾ ਦੋ ਸਾਲ ਪਹਿਲਾਂ ਅੰਮ੍ਰਿਤਸਰ ਦੇ ਸ਼ੁਬੇਗ ਨਾਲ ਵਿਆਹ ਹੋ ਗਿਆ ਸੀ ਜੋ 2018 ਵਿੱਚ ਹਾਂਗਕਾਂਗ ਚਲਾ ਗਿਆ ਸੀ ਤੇ ਉਥੇ ਇਕ ਕੰਸਟ੍ਰਕਸ਼ਨ ਕੰਪਨੀ ਵਿੱਚ ਕੰਮ ਕਰਦਾ ਹੈ। ਪਿੰਡ ਵਿੱਚ ਖੇਤੀ ਕਰਦੇ ਸੁਖਦੀਪ ਦੇ ਭਰਾ ਜਸਕਰਨ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਨੂੰ ਮਾਣ ਹੈ ਕਿ ਉਹਨਾਂ ਦੀ ਭੈਣ ਨੇ ਉਹਨਾਂ ਦਾ ਨਾਂ ਉਚਾ ਕੀਤਾ।

## ਸਰਕਾਰੀ-ਤੰਤਰ, ਅਦਾਲਤੀ-ਤੰਤਰ ਅਤੇ ਪੰਜਾਬੀ ਪ੍ਰਵਾਸੀ

ਕਿ ਪੰਜਾਬ ਦੇ ਭ੍ਰਿਸ਼ਟ ਸਿਸਟਮ ਤੋਂ ਨਿਰਾਸ਼ ਹੋਕੇ, ਨਾ ਤਾਂ ਉਹ ਇਥੇ ਨਿਵੇਸ਼ ਕਰਨਾ ਚਾਹੁੰਦੇ ਹਨ ਅਤੇ ਨਾ ਹੀ ਇਸ ਪੰਜਾਬ ਨਾਲ ਉਹ ਆਪਣਾ ਨਾਤਾ ਬਣਾਈ ਰੱਖਣ ਦਾ ਮੋਹ ਪਾਲ ਰਹੇ ਹਨ। ਉਹਨਾ ਨੂੰ ਆਪਣੀ ਜਨਮ ਭੂਮੀ ਓਪਰੀ-ਓਪਰੀ ਜਾਪਣ ਲੱਗ ਪਈ ਹੈ। ਕਈ ਪ੍ਰਵਾਸੀ ਪੰਜਾਬੀਆਂ ਦੇ ਜ਼ਮੀਨੀ ਅਦਾਲਤੀ ਕੇਸ, ਅਦਾਲਤਾਂ ਵਿੱਚ ਹਨ, ਪਰ ਵਵਰ੍ਹਾ ਬੀਤ ਜਾਣ ਬਾਅਦ ਵੀ ਉਹਨਾ ਦੇ ਫ਼ੈਸਲੇ ਨਹੀਂ ਹੋ ਰਹੇ। ਕਿੱਡੇ ਸੰਤਾਪ ਦੀ ਗੱਲ ਹੈ ਕਿ ਪ੍ਰਵਾਸੀ ਪੰਜਾਬੀਆਂ ਨੂੰ ਆਪਣੇ ਪਿਛਲੇ ਰਿਸ਼ਤੇਦਾਰਾਂ, ਸੰਬੰਧੀਆਂ ਉਤੇ ਕੋਈ ਯਕੀਨ ਹੀ ਨਹੀਂ ਰਿਹਾ।

ਅੱਜ ਜਦੋਂ ਕਿ ਪੰਜਾਬੀਆਂ ਦਾ ਪੰਜਾਬ ਵਿੱਚ ਜੀਅ ਲਗਣੋਂ ਹੱਟ ਗਿਆ ਹੈ। ਉਹ ਆਪਣੇ ਬੱਚਿਆਂ ਨੂੰ ਇਥੋਂ ਦੇ ਸਰਕਾਰੀ ਭ੍ਰਿਸ਼ਟ-ਤੰਤਰ ਅਤੇ ਨਸ਼ਿਆਂ ਦੀ ਮਾਰ ਤੋਂ ਬਚਾਉਣ ਲਈ ਉਹਨਾ ਨੂੰ ਪ੍ਰਵਾਸ ਦੇ ਰਾਹਾਂ ਉਤੇ ਤੋਰ ਰਹੇ ਹਨ। ਆਪਣੀਆਂ ਜ਼ਮੀਨਾਂ, ਜਾਇਦਾਦਾਂ ਵੇਚਕੇ ਆਇਲਿਟਸ ਸੈਂਟਰਾਂ, ਏਜੰਟਾਂ ਰਾਹੀਂ ਹਰ ਹੀਲਾ ਵਸੀਲਾ ਵਰਤਕੇ ਉਹਨਾ ਨੂੰ ਕੈਨੇਡਾ, ਅਮਰੀਕਾ, ਬਰਤਾਨੀਆ, ਇਥੋਂ ਤੱਕ ਕਿ ਜਰਮਨੀ, ਨਿਊਜ਼ੀਲੈਂਡ, ਅਸਟਰੇਲੀਆ ਦੇ ਕਾਲਜਾਂ, ਯੂਨੀਵਰਸਿਟੀਆਂ 'ਚ ਇਸ ਆਸ ਨਾਲ ਭੇਜ ਰਹੇ ਹਨ ਕਿ ਉਹ ਪੜ੍ਹਾਈ ਕਰਕੇ ਪੀ.ਆਰ. ਲੈ ਕੇ, ਉਥੋਂ ਦੇ ਸਿਟੀਜਨ ਬਣਾਕੇ ਆਪ ਵੀ ਉਥੇ ਚਲੇ ਜਾਣਗੇ । ਇੰਜ ਪ੍ਰਵਾਸ ਦਾ ਇਹ ਦੌਰ ਨਵੇਂ ਦਿਸਹੱਦੇ ਛੋਹਣ ਵੱਲ ਤੁਰਦਾ ਜਾ ਰਿਹਾ ਹੈ ਅਤੇ ਪੰਜਾਬ, ਪੰਜਾਬੀਆਂ ਤੋਂ ਖਾਲੀ ਹੋਣ ਦੇ ਰਾਹ ਪਿਆ ਹੋਇਆ ਹੈ।ਪੰਜਾਬ 'ਚ ਬਰੇਨ ਹੀ ਡਰੇਨ ਨਹੀਂ ਹੋ ਰਿਹਾ, ਪੰਜਾਬ ਦਾ ਪੈਸਾ ਵੀ ਲਗਾਤਾਰ ਡਰੇਨ ਹੋ ਰਿਹਾ ਹੈ।

ਪੰਜਾਬੀਆਂ ਦੇ ਪ੍ਰਵਾਸ ਦੇ ਇਸ ਨਿਵੇਕਲੇ ਕਿਸਮ ਦੇ ਦੌਰ 'ਚ ਸਭਿਆਚਾਰਕ ਸੰਕਟ ਦਾ ਉਪਜਣਾ ਪੰਜਾਬ ਲਈ ਘਾਤਕ ਸਿੱਧ ਹੋਏਗਾ। ਇਹੋ ਜਿਹੀਆਂ ਹਾਲਤਾਂ ਵਿੱਚ ਐਨ.ਆਰ. ਆਈ. ਸਭਾ ਅਤੇ ਪੰਜਾਬ ਦੇ ਪ੍ਰਵਾਸੀ ਹਿਤੈਸ਼ੀ ਲੋਕਾਂ ਨੂੰ ਸੋਚਣਾ ਪਵੇਗਾ ਕਿ ਪ੍ਰਵਾਸ ਦੇ ਇਸ ਵੱਡੇ ਵਰਤਾਰੇ ਨੂੰ ਕਿਵੇਂ ਰੋਕਿਆ ਜਾਵੇ ਅਤੇ ਪ੍ਰਵਾਸ ਹੰਢਾ ਰਹੇ ਉਹਨਾ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਨੂੰ ਕਿਵੇਂ ਦੂਰ ਕੀਤਾ ਜਾਵੇ ਜਿਹੜੇ ਵਰ੍ਹਿਆਂ ਤੋਂ ਪੰਜਾਬ ਦੇ ਸਰਕਾਰੀ-ਤੰਤਰ, ਅਦਾਲਤੀ-ਤੰਤਰ ਅਤੇ ਭੂ-ਮਾਫੀਏ ਦੀ ਵਧੀਕੀਆਂ ਦੇ ਸ਼ਿਕਾਰ ਹੋਏ ਬੈਠੇ ਹਨ।

ਪੰਜਾਬੀਆਂ ਦਾ ਪੰਜਾਬ ਨਾਲੋਂ ਮੋਹ ਨਾ ਟੁੱਟੇ, ਇਸ ਸਬੰਧੀ ਕੁਝ ਵੱਡੇ ਉਪਰਾਲੇ ਕਰਨ ਦੀ ਲੋੜ ਹੈ। ਪ੍ਰਵਾਸੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਲਈ ਸਰਕਾਰ ਫਾਸਟ-ਟਰੈਕ ਅਦਾਲਤਾਂ ਬਣਾਵੇ ਅਤੇ ਕੇਸਾਂ ਦੇ ਨਿਪਟਾਰੇ ਸਮਾਂ ਬੱਧ ਹੋਣ। ਪ੍ਰਵਾਸੀ ਪੰਜਾਬੀਆਂ ਨੂੰ ਅਦਾਲਤਾਂ ਵਲੋਂ ਭਗੌੜੇ ਕਰਾਰ ਦਿੱਤੇ ਜਾਣ ਵਾਲੇ ਫੈਸਲਿਆਂ ਉਤੇ ਸਰਕਾਰ ਨਜ਼ਰਸਾਨੀ ਕਰੇ ਅਤੇ ਪ੍ਰਵਾਸੀਆਂ ਉਤੇ ਉਹਨਾ ਦੇ ਰਿਸ਼ਤੇਦਾਰਾਂ-ਸਬੰਧੀਆਂ ਵਲੋਂ ਕੀਤੇ ਕੇਸਾਂ ਦਾ ਨਿਪਟਾਰਾ ਤੁਰੰਤ ਕਰਨ ਲਈ ਕਦਮ ਚੁੱਕੇ ਜਾਣ, ਪਰ ਉਹਨਾ ਪ੍ਰਵਾਸੀਆਂ ਜਿਹੜੇ ਪੰਜਾਬ ਆਕੇ ਲੜਕੀਆਂ ਨਾਲ ਵਿਆਹ ਕਰਵਾਕੇ ਮੁੜ ਉਹਨਾਂ ਨੂੰ ਵਿਦੇਸ਼ ਲੈ ਕੇ ਨਹੀਂ ਜਾ ਰਹੇ, ਉਹਨਾ ਪ੍ਰਤੀ ਕੋਈ ਨਰਮੀ ਨਾ ਵਰਤੀ ਜਾਵੇ। ਪ੍ਰਵਾਸੀ ਪੰਜਾਬੀਆਂ ਦੇ ਬੱਚਿਆਂ ਦਾ ਪੰਜਾਬ ਪ੍ਰਤੀ ਮੋਹ ਬਣਿਆ ਰਹੇ, ਇਸ ਕਰਕੇ ਉਹਨਾ ਨੂੰ ਪੰਜਾਬ ਦੇ ਵਿੱਚ ਸਰਕਾਰੀ ਖ਼ਰਚੇ ਉਤੇ ਸੱਦਿਆ ਜਾਏ ਅਤੇ ਇਥੋਂ ਦੇ ਵਿਰਸੇ-ਸਭਿਆਚਾਰ ਨਾਲ ਜੋੜਨ ਲਈ ਪਹਿਲ ਕਦਮੀ ਕੀਤੀ ਜਾਏ। ਪੰਜਾਬ ਇਸ ਵੇਲੇ ਬੇਰੁਜ਼ਗਾਰੀ ਦਾ ਭੰਨਿਆ ਪਿਆ ਹੈ। ਇਥੇ ਕੋਈ ਵੱਡਾ ਉਦਯੋਗ ਨਹੀਂ ਹੈ। ਨੌਕਰੀਆਂ ਦੀ ਥੁੜ ਹੈ। ਇਸ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਵਿਸ਼ੇਸ਼ ਸਹੂਲਤਾਂ ਦੇ ਕੇ ਉਹਨਾ ਵਲੋਂ ਉਦਯੋਗ ਖੋਲ੍ਹੇ ਜਾਣ ਨੂੰ ਉਤਸ਼ਾਹਿਤ ਕੀਤਾ ਜਾਏ। ਭਾਵੇਂ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਇਹ ਉਪਰਾਲਾ 'ਇੱਕ ਖਿੜਕੀ' (ਸਿੰਗਲ ਵਿੰਡੋ) ਦੇ ਨਾਮ ਹੇਠ ਖੋਲਿਆ ਗਿਆ ਸੀ, ਪਰ ਉਹ ਸਰਕਾਰੀ ਤੰਤਰ ਤੇ ਇੰਸਪੈਕਟਰੀ ਰਾਜ ਦੀ ਭੇਟ ਚੜ੍ਹ ਗਿਆ।

ਪੰਜਾਬੀ ਪ੍ਰਵਾਸੀਆਂ ਨੇ ਵਿਦੇਸ਼ 'ਚ ਹਰ ਖੇਤਰ 'ਚ ਤਰੱਕੀ ਕੀਤੀ ਹੈ। ਵੱਡਾ ਨਾਮਣਾ ਖੱਟਿਆ ਹੈ। ਆਪ ਹੱਢ-ਭੰਨਵੀਂ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ-ਲਿਖਾਇਆ ਹੈ ਅਤੇ ਇਹ ਪ੍ਰਵਾਸੀ ਪੰਜਾਬੀ ਵੱਖੋ-ਵੱਖਰੇ ਦੇਸ਼ਾਂ 'ਚ ਸਿਆਸੀ ਖੇਤਰ 'ਚ ਹੀ ਨਹੀਂ ਖੇਤੀਬਾੜੀ, ਡਾਕਟਰੀ, ਪੱਤਰਕਾਰੀ, ਆਈ.ਟੀ., ਇੰਜੀਨੀਅਰਿੰਗ, ਖੋਜ਼ ਖੇਤਰ 'ਚ ਆਪਣੀ ਪੈਂਠ ਬਣਾ ਚੁੱਕੇ ਹਨ। ਇਹਨਾ ਪ੍ਰਵਾਸੀ ਪੰਜਾਬੀਆਂ ਦੀ ਸੇਵਾਵਾਂ ਵੱਖੋ-ਵੱਖਰੇ ਖੇਤਰਾਂ 'ਚ, ਸੰਕਟ ਹੰਢਾ ਰਹੇ ਪੰਜਾਬ ਲਈ ਕਿਉਂ ਨਾ ਲਈਆਂ ਜਾਣ ? ਕਿਉਂ ਨਾ ਇਹਨਾ ਪੰਜਾਬੀਆਂ ਨੂੰ ਪੰਜਾਬ ਸੱਦਕੇ ਮਾਣ-ਤਾਣ ਦਿੱਤਾ ਜਾਏ ? ਅਸੀਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਮਨਾਇਆ ਹੈ। ਕਿੰਨੇ ਪੰਜਾਬੀਆਂ ਨੂੰ ਅਸੀਂ ਉਹਨਾ 550 ਸਖਸ਼ੀਅਤਾਂ 'ਚ ਸ਼ਾਮਲ ਕੀਤਾ, ਜਿਹਨਾ ਨੂੰ ਪੰਜਾਬ ਸਰਕਾਰ ਵਲੋਂ ਆਪੋ-ਆਪਣੇ ਖੇਤਰਾਂ 'ਚ ਮੱਲਾਂ ਮਾਰਨ ਲਈ ਮਾਣ-ਸਨਮਾਨ ਦਿੱਤਾ ਹੈ ? ਇਹ ਲਿਸਟ ਸਿਆਸਤ ਦੀ ਭੇਟ ਚੜ੍ਹ, ਜਾਂ ਫਿਰ ਅਗਿਆਨਤਾ ਦੀ ?

ਆਪਣੀ ਧਰਤੀ ਤੋਂ ਦੂਰ ਬੈਠਾ ਪ੍ਰਵਾਸ ਹੰਢਾ ਰਿਹਾ ਵਿਅਕਤੀ ਆਪਣੀ ਜਨਮ ਭੂਮੀ ਲਈ ਕੁਝ ਵੀ ਕਰਨ ਲਈ ਤਿਆਰ -ਬਰ-ਤਿਆਰ ਰਹਿੰਦਾ ਹੈ। ਪਰ ਸਥਾਨਕ ਸ਼ੌਕਣ-ਬਾਜ਼ੀ, ਸਿਆਸੀ -ਖਹਿਬਾਜੀ ਉਹਨਾ ਦੇ ਇਸ ਮੋਹ ਨੂੰ ਭੰਗ ਕਰਦੀ ਤੁਰੀ ਜਾ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਐਨ.ਆਰ.ਆਈ. ਸਭਾ ਵਰਗੀਆਂ ਸੰਸਥਾਵਾਂ ਪ੍ਰਵਾਸੀ ਪੰਜਾਬੀਆਂ ਤੇ ਸਰਕਾਰ ਲਈ ਇੱਕ ਪੁਲ ਦਾ ਕੰਮ ਕਰਨ । ਉਸ ਹਾਲਤ ਵਿੱਚ ਪ੍ਰਵਾਸੀ ਹਿਤੈਸ਼ੀ ਲੋਕਾਂ ਦੀ ਜ਼ੁੰਮੇਵਾਰੀ ਹੋਰ ਵੀ ਵੱਧ ਜਾਂਦੀ ਹੈ, ਜਦੋਂ ਪੰਜਾਬ ਵਿੱਚੋਂ ਧੜਾ-ਧੜ ਵਿਦਿਆਰਥੀ ਬਾਹਰ ਜਾ ਰਹੇ ਹਨ, ਅਤੇ ਉਹਨਾ ਦੀ ਬਾਂਹ ਫੜਨ ਵਾਲਾ ਕੋਈ ਉਥੇ ਵਿਦੇਸ਼ ਵਿੱਚ ਦਿਖਾਈ ਨਹੀਂ ਦਿੰਦਾ। ਜੇਕਰ ਪ੍ਰਵਾਸੀ ਪੰਜਾਬੀਆਂ ਦੀ ਪੰਜਾਬ ਵਿੱਚ ਬਾਂਹ ਫੜੀ ਜਾਏ, ਉਹਨਾ ਦੀਆਂ ਸਮੱਸਿਆਵਾਂ ਦਾ ਹੱਲ ਸਰਕਾਰ ਤੇ ਪ੍ਰਵਾਸੀ ਹਿਤੈਸ਼ੀ ਲੋਕ ਕਰਨ, ਉਹਨਾ ਨੂੰ ਇਥੋਂ ਬਣਦਾ ਮਾਣ-ਤਾਣ ਮਿਲੇ ਤਾਂ ਉਹ ਪੰਜਾਬ ਲਈ, ਇਥੋਂ ਦੇ ਉਦਯੋਗ ਦੀ ਪ੍ਰਫੁਲਤਾ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸੱਭੋ ਕੁਝ ਕਰਨ ਲਈ ਤਾਂ ਤਿਆਰ ਹੋ ਹੀ ਸਕਦੇ ਹਨ, ਇਥੋਂ ਜਾ ਰਹੇ ਨਵੇਂ ਪ੍ਰਵਾਸੀ ਪੰਜਾਬੀਆਂ ਦਾ ਸਹਾਰਾ ਵੀ ਬਣ ਸਕਦੇ ਹਨ।

-9815802070

## ਭਗਵੇਂ ਰਾਸ਼ਟਰਵਾਦ ਦੇ ਵਿਰੋਧੀ ਸਨ ਬਾਬਾ ਸਾਹਿਬ ਅੰਬੇਡਕਰ

ਵਾਲੀ ਐਨਡੀਏ ਦੇ ਸੱਤਾ ਵਿਚ ਆਉਣ 'ਤੇ ਭਾਜਪਾ ਨੂੰ ਆਪਣੇ ਬਲਬੂਤੇ ਮਿਲੇ ਬਹੁਮਤ ਦੇ ਬਾਅਦ ਇਸ ਨਾਲ ਜੁੜੇ ਸੰਗਠਨ ਤੇ ਸੰਘ ਪਰਿਵਾਰ ਕਾਫੀ ਸਰਗਰਮ ਹੋ ਗਏ ਹਨ। ਘੱਟ ਗਿਣਤੀਆਂ ਤੇ ਉਨ੍ਹਾਂ ਨਾਲ ਵਿਚਾਰਧਾਰਕ ਤੌਰ 'ਤੇ ਮਤਭੇਦ ਰੱਖਣ ਵਾਲਿਆਂ ਦੇ ਖਿਲਾਫ਼ ਤਰ੍ਹਾਂ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ। ਚੋਣ ਦੇ ਦੌਰਾਨ ਕੀਤੇ ਗਏ ਲੰਬੇ ਚੌੜੇ ਵਾਅਦੇ ਹਵਾ ਹੋ ਗਏ ਹਨ। ਖਰਾਬ ਹੁੰਦੀ ਆਰਥਿਕ ਹਾਲਤ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਨਾ ਹੋਣੇ ਇਨ੍ਹਾਂ ਜਨ ਵਿਰੋਧੀ ਨੀਤੀਆਂ ਦੇ ਕਾਰਨ ਲੋਕਾਂ ਵਿਚ ਭਾਰੀ ਗੁਸਾ ਹੈ। ਘੱਟ ਗਿਣਤੀਆਂ ਵਿਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਪੰਸਾਰੇ, ਦਾਭੋਲਕਰ, ਕਲਬੁਰਗੀ ਵਰਗੇ ਬੁੱਧੀਜੀਵੀਆਂ ਦੇ ਕਤਲ ਕਰ ਦਿੱਤੇ ਗਏ ਤੇ ਕਈ ਪ੍ਰਗਤੀਸ਼ੀਲ ਬੁੱਧੀਜੀਵੀਆਂ, ਜਿਵੇਂ- ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਵਾਨਾਂ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਯੂਨੀਵਰਸਿਟੀਆਂ ਵਿਚ ਸ਼ਾਂਤੀ ਨੂੰ ਖਤਮ ਕੀਤਾ ਜਾ ਰਿਹਾ ਹੈ ਤੇ ਵਿਦਿਆਰਥੀ ਯੂਨੀਅਨਾਂ ਉੱਪਰ ਆਪਣੇ ਕਬਜ਼ੇ ਕੀਤੇ ਜਾ ਰਹੇ ਹਨ। ਚਾਰੇ ਪਾਸੇ ਗਊ ਮਾਸ, ਲਵ ਜਿਹਾਦ ਤੇ ਘਰ ਵਾਪਸੀ ਦੇ ਮੁੱਦੇ ਭਾਰੂ ਹਨ। ਇਕ ਇਕ ਕਰਕੇ ਯੂਨੀਵਰਸਿਟੀਆਂ 'ਤੇ ਹਮਲੇ ਕੀਤੇ ਜਾ ਰਹੇ ਹਨ। ਆਈਟੀਆਈ ਮਦਰਾਸ, ਜੇਐਨਯੂ ਤੇ ਐਚਸੀਯੂ ਇਸ ਗੱਲ ਦੀ ਮਿਸਾਲ ਹਨ। ਇਨ੍ਹਾਂ ਸਿੱਖਿਆ ਸੰਸਥਾਵਾਂ ਵਿਚ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਥੋਪਣ ਦੇ ਲਈ ਏਬੀਪੀਪੀ ਨੂੰ ਸਰਗਰਮ ਕੀਤਾ ਜਾ ਰਿਹਾ ਹੈ। ਇੱਥੇ ਹੋ ਰਹੀ ਗੁੰਡਾਗਰਦੀ ਇਸ ਗੱਲ ਦੀ ਮਿਸਾਲ ਹੈ, ਇਸ ਦੇ ਨਾਲ ਹੀ ਰਾਸ਼ਟਰਵਾਦ ਤੇ ਦੇਸ਼ ਭਗਤੀ ਦੇ ਆਲੇ ਦੁਆਲੇ ਨਵੇਂ ਭਾਵਾਤਮਕ ਮੁੱਦੇ ਖੜੇ ਕੀਤੇ ਜਾ ਰਹੇ ਹਨ। ਭਾਰਤ ਮਾਤਾ ਦੀ ਜਯ ਬੋਲਣ ਨੂੰ ਕਿਸੇ ਦੀ ਦੇਸ਼ ਭਗਤੀ ਸਿੱਧ ਕਰਨ ਦਾ ਪੈਮਾਨਾ ਬਣਾਉਣ ਦੀ ਕੋਸ਼ਿਸ਼ ਹਿੰਦੂਤਵ ਰਾਜਨੀਤੀ ਤੇ ਹਿੰਦੂ ਰਾਸ਼ਟਰਵਾਦ ਦੇ ਵਧਦੇ ਬੋਲਬਾਲੇ ਦਾ ਸੰਕੇਤ ਹਨ। ਲਗਾਤਾਰ ਅਜਿਹੀਆਂ ਘਟਨਾਵਾਂ ਦੇਖਣ ਵਿਚ ਆ ਰਹੀਆਂ ਹਨ ਕਿ ਜਦ ਲੋਕਤੰਤਰ ਮਾਹੌਲ ਨੂੰ ਖਤਮ ਕਰਨ ਦੇ ਲਈ ਅਜਿਹੇ ਮੁੱਦਿਆਂ ਦਾ ਇਸਤੇਮਾਲ ਕੀਤਾ ਗਿਆ। ਧਰਮ ਦੇ ਨਾਮ 'ਤੇ ਕੱਟੜਵਾਦੀ ਤੇ ਫਿਰਕੂਵਾਦੀ ਸੋਚ ਨੂੰ ਪ੍ਰਗਟਾਇਆ ਜਾ ਰਿਹਾ ਹੈ, ਜੋ ਹਿੰਸਾ ਨੂੰ ਜਨਮ ਦੇ ਰਹੇ ਹਨ। ਜੋ ਲੋਕ ਫਿਰਕੂਵਾਦ ਤੇ ਹਿੰਸਾ ਵਿਚ ਯਕੀਨ ਰੱਖ ਰਹੇ ਹਨ, ਉਹ ਰਾਸ਼ਟਰਵਾਦ ਦਾ ਰਾਗ ਅਲਾਪ ਰਹੇ ਹਨ। ਰਾਸ਼ਟਰਵਾਦ ਵਰਗਾ ਸ਼ਬਦ ਸੰਵਿਧਾਨ ਦਾ ਹਿੱਸਾ ਨਹੀਂ। ਹਿੰਦੂ ਰਾਸ਼ਟਰਵਾਦ ਦਾ ਮਕਸਦ ਲੋਕਤਾਂਤਰਿਕ ਦਾਇਰੇ, ਸੰਵਿਧਾਨ ਨੂੰ ਖਤਮ ਕਰਨਾ ਤੇ ਗ਼ੈਰ ਹਿੰਦੂ ਜਾਤਾਂ, ਧਰਮਾਂ ਦੇ ਪ੍ਰਤੀ ਨਫ਼ਰਤ ਪੈਦਾ ਕਰਨਾ ਹੈ। ਆਰ ਐਸ ਐਸ ਉਸ ਦੀ ਵਿਚਾਰਧਾਰਾ ਤੇ ਸਿਧਾਂਤ ਭਾਰਤੀ ਸੰਵਿਧਾਨ ਨਾਲ ਕਦੇ ਵੀ ਮੇਲ ਨਹੀਂ ਖਾਂਦੇ। ਜੇਕਰ ਅਸੀਂ ਭਾਰਤ ਨੂੰ ਸੁਰੱਖਿਅਤ ਰੱਖਣਾ ਹੈ, ਜਿਸ ਦਾ ਜਨਮ ਸਾਡੀ ਅਜ਼ਾਦੀ ਦੇ ਅੰਦੋਲਨ ਦੀ ਕੁਖ ਵਿਚ ਹੋਇਆ, ਜਿਸ ਨੂੰ ਸਾਡੇ ਸ਼ਹੀਦਾਂ ਤੇ ਰਾਸ਼ਟਰੀ ਨੇਤਾਵਾਂ ਨੇ ਘੜਿਆ ਤਾਂ ਸਾਨੂੰ ਸੰਘ ਤੇ ਉਸ ਵਰਗੀਆਂ ਫਾਸ਼ੀਵਾਦੀ ਜਥੇਬੰਦੀਆਂ ਦੇ ਵਿਚਾਰਾਂ ਦਾ ਜਨਤਕ ਤੇ ਵਿਚਾਰਧਾਰਕ ਤੌਰ 'ਤੇ ਵਿਰੋਧ ਕਰਨਾ ਹੋਵੇਗਾ ਤੇ ਵੱਡਾ ਅੰਦੋਲਨ ਖੜਾ ਕਰਨਾ ਹੋਵੇਗਾ।

## ਅਸਾਮ ਵੀ ਕਸ਼ਮੀਰ ਦੀ ਤਰ੍ਹਾਂ ਜਲ ਰਿਹਾ

ਕਿ ਦੇਸ਼ ਵਿੱਚ ਵਸਦੇ ਤਮਾਮ ਨਾਗਰਿਕਾਂ ਨੂੰ ਬਿਨਾਂ ਕਿਸੇ ਜਾਤ-ਪਾਤ ਧਰਮ, ਭਾਸ਼ਾ ਅਤੇ ਭੇਦਭਾਵ ਤੋਂ ਉੱਪਰ ਉੱਠ ਕੇ ਸਮਾਨਤਾ ਦੀ ਨਜ਼ਰ ਨਾਲ ਵੇਖੇ।

ਜੇਕਰ ਵੇਖਿਆ ਜਾਵੇ ਤਾਂ ਅੱਜ ਮੁਲਕ ਵਿੱਚ ਵਧਦੀ ਬੇਰੁਜ਼ਗਾਰੀ, ਬੇਲਗਾਮ ਹੋ ਰਹੀ ਗਰੀਬੀ, ਲਗਾਤਾਰ ਡਿੱਗ ਰਹੀ ਅਰਥ ਵਿਵਸਥਾ, ਔਰਤਾਂ ਵਿੱਚ ਪਾਈ ਜਾਂਦੀ ਅਸੁਰੱਖਿਆ ਦੀ ਭਾਵਨਾ, ਢੇਰਾਂ ਅਜਿਹੀਆਂ ਸਮੱਸਿਆਵਾਂ ਹਨ ਜੋ ਦੇਸ਼ ਦੇ ਸਾਹਮਣੇ ਵਿਕਰਾਲ ਰੂਪ ਧਾਰੀ ਖੜ੍ਹੀਆਂ ਹਨ। ਅਜਿਹੇ ਵਿੱਚ ਦੇਸ਼ ਵਿੱਚ ਸਭ ਤੋਂ ਵੱਡੀ ਘੱਟ ਗਿਣਤੀ ਦੇ ਲੋਕਾਂ ਨੂੰ ਸਿਰਫ ਅਤੇ ਸਿਰਫ ਆਪਣੀ ਵੋਟ ਬੈਂਕ ਦੀ ਰਾਜਨੀਤੀ ਨੂੰ ਚਮਕਾਉਣ ਲਈ ਜ਼ਲੀਲ ਅਤੇ ਰੁਸਵਾ ਕਰਨਾ ਕਦਾਚਿਤ ਜਾਇਜ਼ ਨਹੀਂ ਕਿਹਾ ਜਾ ਸਕਦਾ। ਪੂਰੇ ਦੇਸ਼ ਵਿੱਚ ਐੱਨ ਆਰ ਸੀ ਅਤੇ 312 ਉੱਤੇ ਅਮਲ ਦਰਾਮਦ ਹੋਣ ਨਾਲ ਕਰੋੜਾਂ ਲੋਕਾਂ ਦਾ ਬਿਨਾਂ ਵਜ੍ਹਾ ਦੁਖੀ ਅਤੇ ਪ੍ਰੇਸ਼ਾਨ ਹੋਣਾ ਯਕੀਨੀ ਹੈ। ਪ੍ਰੇਸ਼ਾਨੀ ਦੇ ਨਾਲ ਨਾਲ ਦੇਸ਼ ਦੀ ਬੇਸ਼ਕੀਮਤੀ ਐਨਰਜੀ ਅਤੇ ਪੈਸੇ ਫਾਲਤੂ ਜ਼ਾਇਆ ਹੋਣ ਦੇ ਖਦਸ਼ੇ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ। ਮਾਹਿਰਾਂ ਅਨੁਸਾਰ ਜਿਸ ਤਰ੍ਹਾਂ ਨੋਟ ਬੰਦੀ ਇੱਕ ਗਲਤ ਫੈਸਲਾ ਸਾਬਤ ਹੋਈ ਸੀ, ਬਿਲਕੁਲ ਉਸੇ ਤਰ੍ਹਾਂ ਐੱਨ ਆਰ ਸੀ ਅਤੇ ਨਵੀਂ ਨਾਗਰਿਕਤਾ ਵਾਲਾ ਪਾਸ ਹੋਇਆ ਕਾਨੂੰਨ ਵੀ ਦੇਸ਼ ਲਈ ਘਾਟੇ ਦਾ ਵਣਜ ਸਿੱਧ ਹੋਵੇਗਾ।

ਕਿਸੇ ਕੌਮ ਜਾਂ ਦੇਸ਼ ਦੀ ਤਰੱਕੀ ਵਿੱਚ ਇਨਸਾਫ ਹਮੇਸ਼ਾ ਸਥਿਰਤਾ ਪੈਦਾ ਕਰਦਾ ਹੈ ਜਦੋਂ ਕਿ ਬੇਇਨਸਾਫੀ ਉਸ ਕੌਮ ਜਾਂ ਦੇਸ਼ ਦੇ ਜਿੱਥੇ ਅਸਤਿਤਵ ਨੂੰ ਬੌਣਾ ਬਣਾ ਕੇ ਰੱਖ ਦਿੰਦੀ ਹੈ, ਉੱਥੇ ਬੇਇਨਸਾਫੀ ਅਤੇ ਬੇਇਮਾਨੀ ਦੇਸ਼ਾਂ ਅਤੇ ਕੌਮਾਂ ਦੀ ਤਰੱਕੀ ਨੂੰ ਕਮਜ਼ੋਰ ਅਤੇ ਸੁਰੱਖਿਆ ਪ੍ਰਣਾਲੀ ਨੂੰ ਖੋਖਲਾ ਬਣਾਉਂਦੀ ਹੈ।

ਬੇਸ਼ੱਕ ਅੱਜ ਸਤਾ ਰੂੜ ਗਠਜੋੜ ਦੇ ਹਾਕਮਾਂ ਹੱਥ ਲਾਠੀ ਹੈ, ਕਹਾਵਤ ਮਸ਼ਹੂਰ ਹੈ ਕਿ ਜਿਸ ਦੀ ਲਾਠੀ ਉਸਦੀ ਮੱਝ! ਲੇਕਿਨ ਹਕੂਮਤ ਦੇ ਨਸ਼ੇ ਵਿੱਚ ਸਾਨੂੰ ਇਹ ਹਰਗਿਜ਼ ਹਰਗਿਜ਼ ਨਹੀਂ ਭੁੱਲਣਾ ਚਾਹੀਦਾ ਕਿ ਇੱਕ ਲਾਠੀ ਉਹ ਵੀ ਹੈ ਜਿਸ ਦੀ ਆਵਾਜ਼ ਨਹੀਂ ਹੁੰਦੀ ਪਰ ਜਦੋਂ ਉਹ ਕਿਸੇ ਉੱਤੇ ਪੈਂਦੀ ਹੈ ਤਾਂ ਉਹ ਬੰਦਾ ਹੋਵੇ ਜਾਂ ਕੌਮ, ਜਾਂ ਫਿਰ ਕੋਈ ਦੇਸ਼, ਉਸ ਨੂੰ ਉੱਠਣ ਨਹੀਂ ਦਿੰਦੀ। ਵੈਸੇ ਵੀ ਹਕੂਮਤਾਂ ਧੁੱਪਾਂ ਛਾਵਾਂ ਵਾਂਗ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ।

ਸਮਝਦਾਰ ਉਹ ਹੁੰਦਾ ਹੈ ਜੋ ਹਮੇਸ਼ਾ ਆਪਣੇ ਅਸਤਿਤਵ ਵਿੱਚ ਨਿਮਰਤਾ ਇਨਸਾਫ ਅਤੇ ਹਲੀਮੀ ਵਾਲੇ ਗੁਣਾਂ ਨੂੰ ਬਣਾਈ ਰੱਖੇ। ਫਲਦਾਰ ਦਰਖਤ ਦੀ ਇਹ ਖੂਬੀ ਹੁੰਦੀ ਹੈ ਕਿ ਉਸ ਨੂੰ ਜਦ ਵੀ ਫਲ ਲਗਦਾ ਹੈ ਤਾਂ ਉਹ ਝੁਕ ਜਾਂਦਾ ਹੈ। ਅੱਜ ਸਾਨੂੰ ਇਨਸਾਨਾਂ ਨੂੰ ਦਰਖਤਾਂ ਪਾਸੋਂ ਬਹੁਤ ਸਾਰੇ ਸਬਕ ਲੈਣ ਦੀ ਲੋੜ ਹੈ। ਸਮਾਂ ਚੰਗਾ ਹੋਵੇ ਭਾਵੇਂ ਮਾੜਾ, ਉਸ ਦਾ ਕੰਮ ਗੁਜ਼ਰ ਜਾਣਾ ਹੈ, ਇਸ ਪ੍ਰਕਾਰ ਹਰ ਬੀਤਿਆ ਪਲ ਇਤਿਹਾਸ ਬਣ ਜਾਂਦਾ ਹੈ। ਚੰਗਾ ਇਤਿਹਾਸ ਆਉਣ ਵਾਲੀਆਂ ਨਸਲਾਂ ਨੂੰ ਹਮੇਸ਼ਾ ਖੁਸ਼ੀਆਂ ਦਿੰਦਾ ਹੈ ਜਦ ਕਿ ਮਾੜਾ ਹਮੇਸ਼ਾ ਦੁੱਖ ਦਿੰਦਾ ਹੈ। ਦੇਸ਼ ਵਿੱਚ ਜੋ ਵੀ ਨਫਰਤ ਵਾਲੇ ਹਾਲਾਤ ਹਨ, ਉਸ ਨੂੰ ਲੈ ਕੇ ਹਿੰਦੂ ਅਤੇ ਮੁਸਲਮਾਨਾਂ ਦੋਵਾਂ ਵਿੱਚ ਹੀ ਦੁੱਖ ਅਤੇ ਚਿੰਤਾ ਹੈ। ਸ਼ਾਇਦ ਇਸੇ ਸੰਦਰਭ ਵਿੱਚ ਇੱਕ ਕਵੀ ਕਹਿੰਦਾ ਹੈ ਕਿ :

ਮਜ਼ਹਬ ਕੇ ਨਾਮ ਪਰ ਯੇਹ ਫਸਾਦਾਤ ਦੇਖ ਕਰ,<br>
ਹਿੰਦੂ ਹੈ ਗਮਜ਼ੁਦਾ ਤੋ ਮੁਸਲਮਾਂ ਉਦਾਸ ਹੈ।।

## ਜੱਗ ਜਨਨੀ ਅਤੇ ਸਮਾਜ ਦੀ ਸੰਜੀਦਗੀ ?

ਸਮਾਜ ਅਤੇ ਮੀਡੀਆ ਦਾ ਦੋਗਲਾ ਘਿਨੌਣਾ ਚਿਹਰਾ ਜਾਤ, ਧਰਮ, ਪਾਰਟੀ ਅਤੇ ਆਪਣੇ ਹਿੱਤਾਂ ਆਦਿ ਦੇ ਆਧਾਰ ਤੇ ਪੀੜਤ ਤੇ ਬਲਾਤਕਾਰੀ ਸੰਬੰਧੀ ਰਵੱਈਆ ਸਮੇਂ ਸਮੇਂ ਤੇ ਵੱਖੋ ਵੱਖਰਾ ਵੇਖਣ ਨੂੰ ਮਿਲਿਆ ਹੈ ਅਤੇ ਬਹੁਗਿਣਤੀ ਦੀ ਭੀੜ ਵਿੱਚ ਘੱਟਗਿਣਤੀ ਦੀਆਂ ਕੂਕਾਂ ਕਿਤੇ ਗੁਆਚ ਜਾਂਦੀਆਂ ਹਨ।

ਭਾਰਤੀ ਸਮਾਜ ਅਤੇ ਵਿਵਸਥਾ ਦੀ ਨਲਾਇਕੀ ਹੀ ਕਿਹਾ ਜਾਵੇਗਾ ਕਿ ਪਿਛਲੇ ਸਾਲ ਜੂਨ ਵਿੱਚ ਅਮੇਜ਼ਨ ਇੰਡੀਆ ਦੀ ਵੈੱਬਸਾਇਟ ਤੇ ਛਪੇ ਇੱਕ ਐਸ਼ ਟ੍ਰੇਅ ਯਾਨਿ ਸਿਗਰੇਟ ਦੀ ਰਾਖ ਝਾੜਨ ਵਾਲੀ ਟ੍ਰੇਅ ਦੇ ਇਸ਼ਤਿਹਾਰ ਵਿੱਚ ਔਰਤ ਨੂੰ, ਜਿਹੜੀ ਦੇਖਣ ਵਿੱਚ ਕੁਝ ਅਜਿਹੀ ਹੈ ਜਿਵੇਂ ਇੱਕ ਨੰਗੀ ਮਹਿਲਾ ਟੱਬ ਵਿੱਚ ਲੱਤਾਂ ਫੈਲਾ ਕੇ ਲੰਮੀ ਪਈ ਹੋਵੇ ਦਿਖਾਇਆ ਗਿਆ।

ਮਰਦਾਂ ਦੀ ਨੀਚ ਮਾਨਸਿਕਤਾ, ਨਸ਼ਾ, ਔਰਤਾਂ ਦਾ ਕਮਜ਼ੋਰ ਆਤਮ-ਵਿਸ਼ਵਾਸ ਅਤੇ ਸਖ਼ਤ ਕਾਨੂੰਨ ਦੀ ਘਾਟ ਬਲਾਤਕਾਰ ਦੇ ਮੁੱਖ ਕਾਰਨਾਂ ਵਿੱਚੋਂ ਹਨ। ਸਿਰਫ਼ ਕਾਨੂੰਨ ਦੇ ਜ਼ਰੀਏ ਬਲਾਤਕਾਰ ਮੁਕਤ ਸਮਾਜ ਦੀ ਸਿਰਜਣਾ ਦਾ ਸੁਪਨਾ ਇੱਕ ਧੋਖੇ ਤੋਂ ਜ਼ਿਆਦਾ ਕੁਝ ਵੀ ਨਹੀਂ। ਕਿਸੇ ਔਰਤ ਦੇ ਬਲਾਤਕਾਰ ਦੀ ਘਟਨਾ ਸੰਬੰਧੀ ਸਮਾਜ ਦਾ ਉਦਾਸੀਨ ਨਜਰੀਆ ਵੀ ਬਲਾਤਕਾਰੀ ਹੁੰਦਾ ਹੈ।

ਸਮੇਂ ਦੀ ਲੋੜ ਹੈ ਕਿ ਸਖ਼ਤ ਕਾਨੂੰਨਾਂ ਨੂੰ ਅਮਲੀ ਰੂਪ ਦੇਣ ਅਤੇ ਨਿਆਂ ਪ੍ਰਣਾਲੀ ਦੀ ਗਤੀ ਵਿੱਚ ਤੇਜ਼ੀ ਦੇ ਨਾਲ ਨਾਲ ਸਮਾਜ ਅਤੇ ਮਰਦਾਂ ਨੂੰ ਆਪਣੇ ਨਜ਼ਰੀਏ ਵਿੱਚ ਸੁਧਾਰ ਕਰਨਾ ਲਾਜ਼ਮੀ ਹੈ, ਜਿਸਦੀ ਪਹਿਲ ਪਰਿਵਾਰਾਂ ਤੋਂ ਕੀਤੀ ਜਾ ਸਕਦੀ ਹੈ ਤਾਂ ਜੋ ਬਲਾਤਕਾਰ ਵਰਗੇ ਘਿਨੌਣੇ ਜ਼ੁਰਮਾਂ ਤੋਂ 'ਜੱਗ ਜਨਨੀ' ਨੂੰ ਬਚਾਇਆ ਜਾ ਸਕੇ।

## ਪੰਜ ਨੂੰ ਸਜ਼ਾ ਏ ਮੌਤ ਤਿੰਨ ਨੂੰ ਲੰਬੀ ਜੇਲ੍ਹ

ਜੋ ਜਾਂਚ ਦੇ ਦਾਇਰੇ 'ਚ ਸੀ, ਉਸ ਨੂੰ ਵੀ ਉਕਤ ਆਧਾਰ 'ਤੇ ਬਰੀ ਕਰ ਦਿੱਤਾ ਗਿਆ। ਇਸ ਕੇਸ 'ਚ ਨਾਮਜ਼ਦ 11 ਅਣਪਛਾਤੇ ਵਿਅਕਤੀਆਂ 'ਚੋਂ 5 ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ, ਤਿੰਨ ਦੋਸ਼ੀਆਂ ਨੂੰ ਕੁੱਲ 24 ਸਾਲ ਦੀ ਜੇਲ੍ਹ ਅਤੇ ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ।

ਜਮਾਲ ਖਸ਼ੋਗੀ ਅਮਰੀਕੀ ਪੱਤਰਕਾਰ ਸੀ ਜੋ ਲਗਾਤਾਰ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਅਸਲਾਮ ਦੇ ਨਿਜ਼ਾਮ ਖਿਲਾਫ ਲਿਖਦਾ ਰਹਿੰਦਾ ਸੀ। ਉਸ ਨੂੰ 2 ਅਕਤੂਬਰ 2018 ਨੂੰ ਇਸਤਨਬੁਲ ਵਿਚ ਸਾਊਂਦੀ ਸਫਾਰਤਖਾਨੇ ਵਿਚੋਂ ਲਾਪਤਾ ਕਰ ਦਿੱਤਾ ਗਿਆ ਸੀ ਜਿੱਥੇ ਉਹ ਆਪਣੇ ਵਿਆਹ ਸਬੰਧੀ ਕੁਝ ਦਸਤਾਵੇਜ ਹਾਸਲ ਕਰਨਾ ਲਈ ਗਿਆ ਸੀ। ਕਿਹਾ ਜਾਂਦਾ ਹੈ ਕਿ ਸਾਊਦੀ ਸਫਾਰਤਖਾਨੇ ਦੀ ਇਮਾਰਤ ਵਿਚੋਂ ਹੀ ਉਸ ਦੀ ਲਾਸ਼ ਨੂੰ ਖੁਰਦ ਬੁਰਦ ਕਰ ਦਿੱਤਾ ਗਿਆ ਸੀ ਅਤੇ ਬਾਅਦ ਵਿਚ ਉਸ ਦੀ ਕੋਈ ਉੱਘ ਸੁੱਘ ਨਹੀਂ ਮਿਲੀ।

ਖਸ਼ੋਗੀ ਦੇ ਲਾਪਤਾ ਹੋਣ ਮਗਰੋਂ ਪੂਰੀ ਦੁਨੀਆ ਵਿਚ ਇਸ ਘਟਨਾ ਦੀ ਘੋਰ ਨਿੰਦਾ ਹੋਈ ਸੀ ਅਤੇ ਸੰਯੁਕਤ ਰਾਸ਼ਟਰ ਵਲੋਂ ਲਗਾਤਾਰ ਸਾਊਂਦੀ ਅਰਬ ਸਰਕਾਰ ਤੇ ਇਸ ਮਾਮਲੇ ਦੀ ਪੜਤਾਲ ਸਬੰਧੀ ਦਬਾਅ ਪਾਇਆ ਜਾ ਰਿਹਾ ਸੀ।

# ਭਾਰਤ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਨਾਗਰਿਕਤਾ ਸੋਧ ਕਾਨੂੰਨ ਨੇ

**ਅਭੈ ਕੁਮਾਰ**

ਅੱਜਕਲ੍ਹ ਕਈ ਤਰ੍ਹਾਂ ਦੇ ਸਰਵੇਖਣਾਂ ਦਾ ਦੌਰ ਹੈ। ਹਰ ਗੱਲ 'ਤੇ ਸਰਵੇਖਣ ਏਜੰਸੀਆਂ ਨਮੂਨੇ ਲੈ ਕੇ ਸਵਾਲਾਂ ਰਾਹੀਂ ਲੋਕਾਂ ਦੀ ਰਾਜਨੀਤਕ ਵਿਚਾਰਧਾਰਾ ਦਾ ਪਤਾ ਲਗਾਉਣ 'ਚ ਲੱਗ ਜਾਂਦੀਆਂ ਹਨ। ਇਨ੍ਹਾਂ ਸਰਵੇਖਣਾਂ ਦਾ ਕਿਰਦਾਰ 'ਫਟਾਫਟ ਕੌਫੀ' ਦੀ ਤਰ੍ਹਾਂ ਹੈ। ਇਸ ਲਈ ਇਨ੍ਹਾਂ ਦੀ ਗੁਣਵੱਤਾ 'ਤੇ ਸ਼ੱਕ ਹੋਣਾ ਲਾਜ਼ਮੀ ਹੈ। ਪਰ ਇਸ ਦੇ ਬਾਵਜੂਦ ਕੁਝ ਸਰਵੇਖਣ ਅਜਿਹੇ ਹੁੰਦੇ ਹਨ, ਜੋ ਇਨ੍ਹਾਂ ਹੱਦਾਂ ਦੇ ਬਾਵਜੂਦ ਕੁਝ ਗੱਲਾਂ ਨੂੰ ਠੋਸ ਰੂਪ 'ਚ ਸਾਹਮਣੇ ਰੱਖ ਜਾਂਦੇ ਹਨ। ਨਾਗਰਿਕਤਾ ਕਾਨੂੰਨ 'ਚ ਹੋਈ ਸੋਧ (ਸੀ.ਏ.ਏ.) ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.) 'ਤੇ ਛਿੜੇ ਵਿਵਾਦ ਅਤੇ ਜੁਝਾਰੂ ਅੰਦੋਲਨ 'ਤੇ ਜਨਤਾ ਦੀ ਰਾਏ ਜਾਣਨ ਲਈ ਹੋਏ ਇਕ ਸਰਵੇਖਣ ਨੇ ਦੱਸਿਆ ਹੈ ਕਿ ਇਸ ਮਸਲੇ 'ਤੇ ਫੈਲੇ ਭਰਮ ਲਈ ਸਰਕਾਰ ਨੂੰ ਜ਼ਿੰਮੇਵਾਰ ਮੰਨਣ ਵਾਲਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ (ਸਰਕਾਰ 37 ਫ਼ੀਸਦੀ, ਵਿਰੋਧੀ ਧਿਰ 29 ਫ਼ੀਸਦੀ ਅਤੇ ਮੀਡੀਆ 20 ਫ਼ੀਸਦੀ)। ਦੂਜਾ, ਇਹ ਸਰਵੇਖਣ ਇਹ ਵੀ ਦੱਸਦਾ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਨੂੰ ਸੰਵਿਧਾਨ ਅਨੁਸਾਰੀ ਦੱਸਣ ਜਾਂ ਨਾ ਦੱਸਣ ਵਾਲਿਆਂ ਦੀ ਗਿਣਤੀ ਬਰਾਬਰ (47-47 ਫ਼ੀਸਦੀ) ਹੈ। ਇਸ ਤੋਂ ਇਲਾਵਾ ਵੀ ਜਿੰਨੇ ਸਵਾਲ ਪੁੱਛੇ ਗਏ, ਹਰ ਵਾਰ ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਦੇ ਖਿਲਾਫ਼ ਰਾਏ ਦੇਣ ਵਾਲਿਆਂ ਦੀ ਗਿਣਤੀ 32 ਤੋਂ 37 ਫ਼ੀਸਦੀ ਦਰਮਿਆਨ ਨਿਕਲੀ। ਇਹ ਅੰਕੜੇ ਇਕ ਗੱਲ ਜ਼ਾਹਰ ਕਰਦੇ ਹਨ ਕਿ ਇਨ੍ਹਾਂ ਦੋਵਾਂ ਦੇ ਖਿਲਾਫ਼ ਜੋ ਲੋਕ ਖੜ੍ਹੇ ਹੋਏ ਹਨ, ਉਹ ਇਕੱਲੇ ਮੁਸਲਮਾਨ ਨਹੀਂ ਹਨ। ਮੁਸਲਮਾਨਾਂ ਦੀ ਗਿਣਤੀ ਤਾਂ ਦੇਸ਼ ਵਿਚ ਸਿਰਫ 18 ਫ਼ੀਸਦੀ ਦੇ ਕਰੀਬ ਹੀ ਹੈ। ਇਸ ਤੋਂ ਇਲਾਵਾ ਇਸ ਦਾ ਇਕ ਸੰਦੇਸ਼ ਇਹ ਵੀ ਹੈ ਕਿ ਮੋਦੀ ਸਰਕਾਰ ਦੇ ਇਸ ਕਦਮ ਨੇ ਦੇਸ਼ ਨੂੰ ਦੋ ਭਾਗਾਂ ਵਿਚ ਵੰਡ ਦਿੱਤਾ ਹੈ। ਇਹ ਸੰਦੇਸ਼ ਸਰਕਾਰ ਨੂੰ ਬੇਚੈਨ ਕਰਨ ਲਈ ਕਾਫੀ ਹੈ। ਧਿਆਨ ਰਹੇ ਕਿ 2014 ਦੀ ਮੋਦੀ ਸਰਕਾਰ 31 ਫ਼ੀਸਦੀ ਅਤੇ 2019 ਦੀ ਮੋਦੀ ਸਰਕਾਰ 38 ਫ਼ੀਸਦੀ ਵੋਟਾਂ ਨਾਲ ਬਣੀ ਸੀ। ਜੇਕਰ ਏਨੀਆਂ ਹੀ ਵੋਟਾਂ ਇਸ ਮੁੱਦੇ 'ਤੇ ਸਰਕਾਰ ਦੇ ਪੱਖ ਨੂੰ ਕਮਜ਼ੋਰ ਸਮਝਦੀਆਂ ਹਨ ਤਾਂ ਫਿਰ ਮੋਦੀ ਤੇ ਭਾਜਪਾ ਨੂੰ ਲੰਮੀ ਲੜਾਈ ਲਈ ਤਿਆਰ ਰਹਿਣਾ ਚਾਹੀਦਾ ਹੈ।

ਪਹਿਲਾਂ ਮੈਂ ਸਮਝਦਾ ਸੀ ਕਿ ਨਵਾਂ ਨਾਗਰਿਕਤਾ ਕਾਨੂੰਨ ਦੋਧਾਰੀ ਤਲਵਾਰ ਸਾਬਤ ਹੋਵੇਗਾ ਪਰ ਜਿਸ ਤਰ੍ਹਾਂ ਦਾ ਘਟਨਾਕ੍ਰਮ ਚੱਲ ਰਿਹਾ ਹੈ, ਉਸ ਨਾਲ ਮੈਂ ਇਹ ਸੋਚਣ ਲਈ ਮਜਬੂਰ ਹੋ ਗਿਆ ਹਾਂ ਕਿ ਸ਼ਾਇਦ ਇਹ ਕਾਨੂੰਨ ਇਕ ਅਜਿਹੀ ਤਲਵਾਰ ਹੈ, ਜਿਸ ਦੀਆਂ ਦੋ ਨਹੀਂ, ਸਗੋਂ ਕਈ ਧਾਰਾਂ ਸਾਬਤ ਹੋਣਗੀਆਂ। ਕਿਸ ਧਾਰ ਨਾਲ ਕਿੱਥੇ ਅਤੇ ਕਿਸ ਨੂੰ ਫੱਟ ਲੱਗੇਗਾ, ਇਸ ਦਾ ਅੰਦਾਜ਼ਾ ਅਜੇ ਲਾਉਣਾ ਮੁਸ਼ਕਿਲ ਹੈ। ਉੱਤਰ ਭਾਰਤ ਅਤੇ ਮੱਧ ਭਾਰਤ ਵਿਚ ਇਹ ਕਾਨੂੰਨ ਮੁਸਲਮਾਨ ਸਮਾਜ ਦੇ ਅੰਦੋਲਨਕਾਰੀਆਂ 'ਚ ਬੇਚੈਨੀਆਂ ਕਰ ਰਿਹਾ ਹੈ। ਅਲੀਗੜ੍ਹ ਯੂਨੀਵਰਸਿਟੀ ਅਤੇ ਦਿੱਲੀ ਦੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅੰਦੋਲਨ ਤਾਂ ਇਸ ਦੀ ਸ਼ੁਰੂਆਤ ਭਰ ਹਨ ਪਰ ਉੱਤਰ-ਪੂਰਬ ਵਿਚ ਇਸ ਕਾਨੂੰਨ ਦੇ ਖਿਲਾਫ਼ ਜੋ ਲੋਕ ਸੜਕਾਂ 'ਤੇ ਉੱਤਰੇ ਹਨ, ਉਹ ਉਥੋਂ ਦੇ ਮੁਸਲਮਾਨ ਨਹੀਂ ਸਗੋਂ ਹਿੰਦੂ ਹਨ। ਉਹੀ ਹਿੰਦੂ ਸ਼ਹਿਰੀ, ਜਿਨ੍ਹਾਂ ਨੇ ਅਤੇ ਜਿਨ੍ਹਾਂ ਦੀਆਂ ਪਿਛਲੀਆਂ ਪੀੜ੍ਹੀਆਂ ਨੇ ਉਥੋਂ ਦੇ ਸ਼ਰਨਾਰਥੀਆਂ ਦੇ ਵਿਰੁੱਧ 80 ਦੇ ਦਹਾਕੇ ਵਿਚ ਇਕ ਲੰਮਾ ਜੁਝਾਰੂ ਅੰਦੋਲਨ ਚਲਾਇਆ ਸੀ। ਦੱਖਣ ਭਾਰਤ ਵਿਚ ਵੀ ਇਸ ਕਾਨੂੰਨ ਦਾ ਵਿਰੋਧ ਹੋ ਰਿਹਾ ਹੈ। ਪਰ ਉਥੇ ਇਸ ਦਾ ਆਧਾਰ ਇਹ ਹੈ ਕਿ ਸ੍ਰੀਲੰਕਾ ਦੇ ਤਾਮਿਲਾਂ ਨੂੰ ਸ਼ਰਨ ਦੇਣ ਦੀ ਤਜਵੀਜ਼ ਇਸ ਵਿਚ ਸ਼ਾਮਿਲ ਕਿਉਂ ਨਹੀਂ ਹੈ? ਜਲਦੀ ਹੀ ਇਸ ਕਾਨੂੰਨ ਦੇ ਕੁਝ ਉਹ ਪਹਿਲੂ ਵੀ ਸਾਹਮਣੇ ਆਉਣਗੇ, ਜਿਨ੍ਹਾਂ ਬਾਰੇ ਅਸੀਂ ਅਜੇ ਅੰਦਾਜ਼ਾ ਵੀ ਨਹੀਂ ਲਗਾ ਸਕਦੇ।

ਇਸ ਕਾਨੂੰਨ ਦਾ ਇਕ ਪੱਖ ਅਜਿਹਾ ਵੀ ਹੈ, ਜਿਸ ਦਾ ਚਿਹਰਾ-ਮੋਹਰਾ ਉਦੋਂ ਸਾਹਮਣੇ ਆਵੇਗਾ, ਜਦੋਂ ਇਸ ਦੇ ਨਾਲ ਰਾਸ਼ਟਰੀ ਨਾਗਰਿਕਤਾ ਰਜਿਸਟਰ ਦਾ ਰਾਸ਼ਟਰੀ ਐਡੀਸ਼ਨ ਵੀ ਜੁੜ ਜਾਵੇਗਾ। ਰੱਖਿਆ ਮੰਤਰੀ ਅਤੇ ਗ੍ਰਹਿ ਮੰਤਰੀ ਪੂਰੇ ਜ਼ੋਰ ਨਾਲ ਵਾਰ-ਵਾਰ ਇਹ ਦਾਅਵਾ ਕਰ ਰਹੇ ਹਨ। ਇਸ ਲਈ ਇਹ ਮੰਨਣ ਤੋਂ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਅਜਿਹਾ ਨਾ ਸਿਰਫ ਹੋ ਕੇ ਰਹੇਗਾ, ਸਗੋਂ ਜਲਦੀ ਹੀ ਹੁੰਦਾ ਦਿਖਾਈ ਦੇਵੇਗਾ। ਆਸਾਮ 'ਚ ਰਾਸ਼ਟਰੀ ਨਾਗਰਿਕਤਾ ਰਜਿਸਟਰ ਦਾ ਹਾਲ ਅਸੀਂ ਦੇਖ ਹੀ ਚੁੱਕੇ ਹਾਂ। ਮੈਂ ਤਾਂ ਇਹ ਸੋਚ ਕੇ ਹੀ ਉਲਝਣ 'ਚ ਫਸਣ ਲਗਦਾ ਹਾਂ ਕਿ ਜਦੋਂ ਦਿੱਲੀ ਅਤੇ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਦੇਸ਼ ਦੇ ਹੋਰ ਹਿੱਸਿਆਂ ਵਿਚ ਰਾਸ਼ਟਰੀ ਨਾਗਰਿਕਤਾ ਰਜਿਸਟਰ ਲਾਗੂ ਹੋਵੇਗਾ ਤਾਂ ਕੀ ਹੋਵੇਗਾ? ਮੇਰੇ ਵਰਗੇ ਲੋਕ (ਜਿਨ੍ਹਾਂ ਦੇ ਬਾਪ-ਦਾਦਿਆਂ ਨੇ ਆਜ਼ਾਦੀ ਦੀ ਲੜਾਈ ਵਿਚ ਆਪਣੀ ਜ਼ਿੰਦਗੀ ਲਗਾ ਦਿੱਤੀ) ਜਾਂ ਕੋਈ ਹੋਰ ਵੀ ਹੋਵੇ, ਸਾਰਿਆਂ ਨੂੰ ਇਸ ਰਜਿਸਟਰ 'ਚ ਨਾਂਅ ਦਰਜ ਕਰਵਾਉਣ ਲਈ ਅਰਜ਼ੀ ਦੇਣੀ ਪਵੇਗੀ, ਸਬੂਤ ਲਈ ਦਸਤਾਵੇਜ਼ ਦੇਣੇ ਪੈਣਗੇ। ਜ਼ਰਾ ਸੋਚੋ, ਜੇਕਰ ਪੈਨ ਕਾਰਡ ਅਤੇ ਆਧਾਰ ਕਾਰਡ 'ਚ ਦਿੱਤੇ ਗਏ ਤੱਥਾਂ ਵਿਚ ਮਿਲਾਣ ਨਾ ਹੋਇਆ ਤਾਂ ਨਾਗਰਿਕਤਾ ਸ਼ੱਕੀ ਹੋ ਜਾਏਗੀ। ਪਿਛਲੇ ਦਿਨੀਂ ਜਦੋਂ ਆਮਦਨ ਟੈਕਸ ਅਦਾ ਕਰਨ ਲਈ ਇਨ੍ਹਾਂ ਦੋਵਾਂ ਦਸਤਾਵੇਜ਼ਾਂ ਨੂੰ ਆਨਲਾਈਨ ਭੇਜਣ ਦੀ ਸ਼ਰਤ ਲਾਈ ਗਈ ਸੀ ਤਾਂ ਬਹੁਤ ਸਾਰੇ ਲੋਕ ਇਸ ਤਰ੍ਹਾਂ ਦੀ ਸਮੱਸਿਆ 'ਚ ਫਸ ਗਏ ਸਨ।




ਇਹ ਤਾਂ ਸਾਡੇ-ਤੁਹਾਡੇ ਵਰਗੇ ਮੱਧ ਵਰਗੀ ਲੋਕਾਂ ਦੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਨਾਲ ਜੁੜੇ ਅੰਦੇਸ਼ੇ ਹਨ। ਘੱਟ-ਗਿਣਤੀਆਂ ਅਤੇ ਹੋਰ ਧਰਮਾਂ ਨਾਲ ਜੁੜੇ ਗ਼ਰੀਬਾਂ ਬਾਰੇ ਤਾਂ ਸੋਚ ਕੇ ਹੀ ਡਰ ਲਗਦਾ ਹੈ। ਉਨ੍ਹਾਂ ਵਿਚ ਬਹੁਤਿਆਂ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹੋਣਗੇ। ਹਾਲਾਤ ਕੁਝ ਇਸ ਤਰ੍ਹਾਂ ਦੇ ਹਨ ਕਿ ਇਸ ਦੇਸ਼ ਦੀ ਗ਼ਰੀਬ ਜਨਤਾ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਦਰਮਿਆਨ ਜੋ ਗ਼ੈਰ-ਪਰਿਭਾਸ਼ਤ ਖੇਤਰ ਹੁੰਦਾ ਹੈ, ਉਸ ਦੀ ਵਾਸੀ ਹੋਣ ਲਈ ਮਜਬੂਰ ਹੈ। ਇਸ ਦਾ ਉਦਾਹਰਨ ਦੇਖਣਾ ਹੋਵੇ ਤਾਂ ਦਿੱਲੀ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਰਾਜਧਾਨੀ ਇਸ ਸਮੇਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਏ ਪੇਂਡੂ ਪਿਛੋਕੜ ਦੇ ਬੇਹੱਦ ਗ਼ਰੀਬ ਮਜ਼ਦੂਰਾਂ ਨਾਲ ਭਰੀ ਪਈ ਹੈ। ਰੋਜ਼ ਮਿਹਨਤ ਕਰਕੇ ਦੋ ਡੰਗ ਦੀ ਰੋਟੀ ਕਮਾਉਣ ਵਾਲੇ ਇਨ੍ਹਾਂ ਲੋਕਾਂ ਕੋਲ ਆਪਣੇ ਭਾਰਤੀ ਹੋਣ ਦੀ ਕਾਨੂੰਨੀ ਪ੍ਰਮਾਣਿਕਤਾ ਦਿਖਾਉਣ ਦੀ ਯੋਗਤਾ ਨਾ ਦੇ ਬਰਾਬਰ ਹੈ। ਇਹ ਲੋਕ ਗ਼ੈਰ-ਕਾਨੂੰਨੀ ਬਸਤੀਆਂ 'ਚ ਰਹਿੰਦੇ ਹਨ। ਬਿਜਲੀ ਚੋਰੀ ਕਰਕੇ ਆਪਣਾ ਕੰਮ ਚਲਾਉਂਦੇ ਹਨ। ਵਾਰ-ਵਾਰ ਉਜਾੜੇ ਤੇ ਫਿਰ ਤੋਂ ਵਸਣ ਦੇ ਸਿਲਸਿਲੇ ਵਿਚ ਹੀ ਇਨ੍ਹਾਂ ਦੀ ਜ਼ਿੰਦਗੀ ਗੁਜ਼ਰ ਰਹੀ ਹੈ। ਇਹ ਸਾਰੇ ਲੋਕ, (ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ) ਰਾਸ਼ਟਰੀ ਨਾਗਰਿਕਤਾ ਰਜਿਸਟਰ ਵਿਚ ਉਸੇ ਤਰ੍ਹਾਂ ਫਸਣਗੇ, ਜਿਸ ਤਰ੍ਹਾਂ ਆਸਾਮ ਵਿਚ ਫਸੇ ਹਨ। ਉਸ ਸੂਰਤ ਵਿਚ ਇਨ੍ਹਾਂ ਦਾ ਕੀ ਹਾਲ ਹੋਵੇਗਾ? ਰਾਸ਼ਟਰੀ ਨਾਗਰਿਕਤਾ ਰਜਿਸਟਰ ਉਨ੍ਹਾਂ ਨੂੰ ਨਾਗਰਿਕਤਾ ਦੇ ਦਾਇਰੇ ਤੋਂ ਬਾਹਰ ਕੱਢ ਦੇਵੇਗਾ, ਉਦੋਂ ਉਨ੍ਹਾਂ ਨੂੰ ਦੁਬਾਰਾ ਭਾਰਤ ਦਾ ਨਾਗਰਿਕ ਕੌਣ ਬਣਾਏਗਾ? ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ ਤੋਂ 'ਧਾਰਮਿਕ ਕੱਟੜਤਾ' ਦਾ ਸ਼ਿਕਾਰ ਹਿੰਦੂਆਂ ਨੂੰ ਤਾਂ ਭਾਰਤ ਵਿਚ ਬਿਨਾਂ ਦਸਤਾਵੇਜ਼ਾਂ ਦੇ ਨਾਗਰਿਕਤਾ ਮਿਲ ਜਾਏਗੀ। ਪਰ ਭਾਰਤ ਵਿਚ ਪੀੜ੍ਹੀ-ਦਰ-ਪੀੜ੍ਹੀ ਰਹਿ ਰਹੇ ਲੋਕਾਂ (ਜਿਨ੍ਹਾਂ 'ਚ ਮੁਸਲਮਾਨਾਂ ਦੀ ਬਹੁਤ ਵੱਡੀ ਗਿਣਤੀ ਹੋਵੇਗੀ) ਨੂੰ ਆਪਣੀ ਨਾਗਰਿਕਤਾ ਪ੍ਰਮਾਣਿਤ ਕਰਨ ਲਈ ਸੰਘਰਸ਼ ਕਰਨਾ ਪਵੇਗਾ। ਨਵੇਂ ਨਾਗਰਿਕਤਾ ਕਾਨੂੰਨ ਅਤੇ ਉਸ ਤੋਂ ਬਾਅਦ ਆਉਣ ਵਾਲੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਨਾਲ ਜੁੜੇ ਅੰਦੇਸ਼ਿਆਂ ਦੀ ਪਰਵਾਹ ਨਾ ਕਰਦੇ ਹੋਏ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਸ ਨੂੰ ਇਕ ਵਿਚਾਰਧਾਰਕ ਪ੍ਰਾਜੈਕਟ ਦੀ ਤਰ੍ਹਾਂ ਲਾਗੂ ਕਰਨ 'ਤੇ ਤੁਲੀ ਹੋਈ ਹੈ। ਅਜਿਹਾ ਲਗਦਾ ਹੈ ਕਿ ਉਹ ਇਸ ਦੀ ਰਾਜਨੀਤਕ ਕੀਮਤ ਚੁਕਾਉਣ ਲਈ ਵੀ ਤਿਆਰ ਹੈ। ਆਸਾਮ ਵਿਚ ਉਸ ਦੀ ਸਰਕਾਰ ਮੋਟੇ ਤੌਰ 'ਤੇ ਠੀਕ-ਠਾਕ ਚੱਲ ਰਹੀ ਸੀ। ਸੂਬੇ ਦਾ ਵਿਕਾਸ ਕਰਨ ਦੇ ਨਵੇਂ ਰਾਹ ਖੋਲ੍ਹਣ ਲਈ ਜਾਪਾਨ ਦੇ ਪ੍ਰਧਾਨ ਮੰਤਰੀ ਨੂੰ ਗੁਹਾਟੀ ਬੁਲਾਇਆ ਗਿਆ ਸੀ। ਪਰ ਸੂਬੇ ਵਿਚ ਅੰਦੋਲਨ ਦੇ ਹਾਲਾਤ ਕਾਰਨ ਇਹ ਪੂਰਾ ਸਮਾਗਮ ਟਾਲਣਾ ਪਿਆ। ਸਥਿਤੀ ਇਹ ਹੈ ਕਿ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਆਸਾਮ ਜਾਣ ਤੋਂ ਪਹਿਲਾਂ ਦੋ ਵਾਰ ਸੋਚਣਾ ਪਵੇਗਾ। ਦਬਾਅ ਏਨਾ ਹੈ ਕਿ ਸਰਕਾਰ ਦੇ ਅੰਦਰ ਨਵੇਂ ਨਾਗਰਿਕਤਾ ਕਾਨੂੰਨ ਵਿਚ ਸੋਧ ਕਰਕੇ ਆਸਾਮ ਨੂੰ ਸ਼ਾਂਤ ਕਰਨ ਬਾਰੇ ਸੋਚਣ ਦਾ ਅਮਲ ਸ਼ੁਰੂ ਹੋ ਚੁੱਕਾ ਹੈ।

ਜਦੋਂ ਵੀ ਮੈਂ ਆਪਣੇ ਭਾਜਪਾ ਦੇ ਮਿੱਤਰਾਂ ਸਾਹਮਣੇ ਇਹ ਅੰਦੇਸ਼ੇ ਰੱਖਦਾ ਹਾਂ ਤਾਂ ਉਹ ਥੋੜ੍ਹੇ ਗੰਭੀਰ ਹੋ ਕੇ ਕਹਿੰਦੇ ਹਨ ਕਿ 'ਨਹੀਂ, ਨਹੀਂ, ਅਜਿਹਾ ਨਹੀਂ ਹੋਵੇਗਾ।' ਸਰਕਾਰ ਰਾਸ਼ਟਰੀ ਨਾਗਰਿਕਤਾ ਰਜਿਸਟਰ ਲਾਗੂ ਕਰਨ ਦਾ ਕੋਈ ਸਰਲ ਅਤੇ ਤਰਕਸੰਗਤ ਤਰੀਕਾ ਕੱਢ ਲਏਗੀ। ਪਰ ਨਰਿੰਦਰ ਮੋਦੀ ਦੀ ਹਰਮਨ-ਪਿਆਰਤਾ ਦੇ ਦਮ 'ਤੇ ਨਿਸਚਿੰਤ ਇਨ੍ਹਾਂ ਲੋਕਾਂ ਨੂੰ ਇਹ ਨਹੀਂ ਪਤਾ ਕਿ ਰਾਜਨੀਤੀ ਵਿਚ ਪੈਦਾ ਹੁੰਦੀ ਬੇਚੈਨੀ ਭੜਕਣ ਲਈ ਇਸੇ ਤਰ੍ਹਾਂ ਦਾ 'ਟ੍ਰਿਗਰ ਪੁਆਇੰਟ' ਲੱਭਦੀ ਹੈ।

## ਭਾਰਤ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ 'ਐਨਪੀਆਰ' ਕੀ ਹੈ?

(ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਦੇ ਅਧਾਰ 'ਤੇ ਪਿੰਡ/ਕਸਬੇ/ਸ਼ਹਿਰ, ਸਬ-ਜ਼ਿਲ੍ਹਾ, ਜ਼ਿਲ੍ਹਾ, ਸੂਬਾ ਅਤੇ ਰਾਸ਼ਟਰੀ ਪੱਧਰ 'ਤੇ ਤਿਆਰ ਕੀਤਾ ਜਾਵੇਗਾ।

**ਆਮ ਵਸ਼ਿੰਦੇ ਤੋਂ ਕੀ ਭਾਵ ਹੈ?**

ਨਾਗਰਿਕਤਾ (ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਮੁਤਾਬਿਕ 'ਆਮ ਵਸ਼ਿੰਦਾ' ਉਹ ਵਿਅਕਤੀ ਹੈ ਜੋ ਕਿਸੇ ਵੀ ਖੇਤਰ (ਪਿੰਡ/ਕਸਬਾ, ਸ਼ਹਿਰ ਆਦਿ) ਵਿਖੇ ਪਿਛਲੇ 6 ਮਹੀਨਿਆਂ ਜਾਂ ਉਸਤੋਂ ਜ਼ਿਆਦਾ ਸਮੇਂ ਤੋਂ ਰਹਿ ਰਿਹਾ ਹੈ ਜੋ ਅਗਲੇ 6 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਉਸ ਖੇਤਰ ਵਿੱਚ ਰਹਿਣ ਦਾ ਇਰਾਦਾ ਰੱਖਦਾ ਹੈ।

**ਮਰਦਮਸ਼ੁਮਾਰੀ (ਸੈਂਸਸ) ਕੀ ਹੈ?**

ਮਰਦਮਸ਼ੁਮਾਰੀ ਦੇਸ਼ ਦੀ ਅਬਾਦੀ ਦੀ ਗਿਣਤੀ ਨੂੰ ਕਹਿੰਦੇ ਹਨ। ਇਹ ਗਿਣਤੀ 10 ਸਾਲਾਂ ਬਾਅਦ ਕੀਤੀ ਜਾਂਦੀ ਹੈ। ਭਾਰਤ ਵਿੱਚ ਹੋਣ ਜਾ ਰਹੀ 2021 ਦੀ ਮਰਦਮਸ਼ੁਮਾਰੀ 16ਵੀਂ ਮਰਦਮਸ਼ੁਮਾਰੀ ਹੈ। ਭਾਰਤ ਵਿੱਚ ਪਹਿਲੀ ਵਾਰ ਮਰਦਮਸ਼ੁਮਾਰੀ 1872 ਵਿੱਚ ਹੋਣ ਦੀ ਗੱਲ ਕਹੀ ਜਾਂਦੀ ਹੈ। ਅੰਗਰੇਜ਼ਾਂ ਦੇ ਜਾਣ ਮਗਰੋਂ ਬਣੇ ਮੌਜੂਦਾ ਭਾਰਤੀ ਰਾਜਪ੍ਰਬੰਧ ਦੀ ਇਹ 8ਵੀਂ ਮਰਦਮਸ਼ੁਮਾਰੀ ਹੋਵੇਗੀ।

**ਐਨਪੀਆਰ ਅਤੇ ਐਨਸੀਆਰ ਵਿੱਚ ਕੀ ਫਰਕ ਹੈ?**

ਐਨਪੀਆਰ ਐਨਆਰਸੀ ਤੋਂ ਵੱਖਰਾ ਹੈ। ਐਨਪੀਆਰ ਵਿੱਚ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ ਜਦਕਿ ਐਨਆਰਸੀ ਵਿੱਚ ਵਿਦੇਸ਼ੀ ਨਾਗਰਿਕ ਬਾਹਰ ਰੱਖੇ ਜਾਣਗੇ। ਜਿੱਥੇ ਐਨਆਰਪੀ ਵਿੱਚ ਭਾਰਤ ਅੰਦਰ ਰਹਿੰਦੇ ਭਾਰਤੀ ਨਾਗਰਿਕ ਅਤੇ ਵਿਦੇਸ਼ੀ ਨਾਗਰਿਕ ਸ਼ਾਮਲ ਹੋਣਗੇ, ਉੱਥੇ ਐਨਆਰਸੀ ਵਿੱਚ ਭਾਰਤ ਅੰਦਰ ਅਤੇ ਭਾਰਤ ਤੋਂ ਬਾਹਰ ਰਹਿੰਦੇ ਭਾਰਤੀ ਨਾਗਰਿਕ ਹੀ ਸ਼ਾਮਲ ਹੋਣਗੇ।

**ਐਨਪੀਆਰ ਅਤੇ ਐਨਆਰਸੀ ਵਿੱਚ ਆਪਸੀ ਸਬੰਧ ਕੀ ਹੈ?**

ਨਾਗਰਿਕਤਾ (ਨਾਗਰਿਕਾਂ ਦੀ ਸੂਚੀ ਅਤੇ ਰਾਸ਼ਟਰੀ ਪਛਾਣ ਪੱਤਰ ਜਾਰੀ ਕਰਨ) ਦੇ ਨਿਯਮ, 2003 ਮੁਤਾਬਿਕ ਕੇਂਦਰ ਸਰਕਾਰ, ਇਸ ਸਬੰਧ ਵਿਚ ਜਾਰੀ ਕੀਤੇ ਗਏ ਹੁਕਮ ਨਾਲ, ਇਕ ਤਰੀਕ ਤੈਅ ਕਰ ਸਕਦੀ ਹੈ ਜਿਸ ਤਰੀਕ ਤੋਂ ਜਾਣਕਾਰੀ ਇਕੱਤਰ ਕਰਕੇ ਇਹ ਅਬਾਦੀ ਦੀ ਸੂਚੀ ਤਿਆਰ ਕੀਤੀ ਜਾ ਸਕਦੀ ਹੈ। ਇਸ ਅਬਾਦੀ ਦੀ ਸੂਚੀ ਦੀ ਜਾਣਕਾਰੀ ਨੂੰ ਤਸਦੀਕ ਕਰਕੇ ਭਾਰਤੀ ਨਾਗਰਿਕਾਂ ਦੀ ਸੂਚੀ ਬਣਾਈ ਜਾ ਸਕਦੀ ਹੈ।

## ਕਰਤਾਰਪੁਰ ਸਾਹਿਬ ਲਾਂਘੇ ਲਈ 19 ਸਾਲ ਦੀ ਘਾਲਣਾ ਮਗਰੋਂ ਵੀ ਨਹੀਂ ਹੋਏ ਦਰਸ਼ਨ

ਦਾ ਕਹਿਣਾ ਹੈ ਕਿ ਜ਼ਫਰਵਾਲ ਨੂੰ ਖੂਫੀਆ ਏਜੰਸੀਆਂ ਨੇ ਖਾੜਕੂਆਂ ਨੂੰ ਪਨਾਹ ਦੇਣ ਵਾਲੇ ਲੋਕਾਂ ਦੀ ਸੂਚੀ ਵਿਚ ਪਾਇਆ ਹੋਇਆ ਹੈ। ਇਸ ਲਈ ਸੁਰੱਖਿਆ ਪੱਖੋਂ ਉਸ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ। ਜ਼ਫਰਵਾਲ ਨੇ ਕਿਹਾ ਕਿ ਉਸ ਖਿਲਾਫ਼ ਕੋਈ ਵੀ ਫੌਜਦਾਰੀ ਕੇਸ ਨਹੀਂ ਹੈ। ਉਨ੍ਹਾਂ ਦਸਿਆ ਕਿ 1980ਵਿਆਂ ਵਿਚ ਬਲੂ ਸਟਾਰ ਅਪਰੇਸ਼ਨ ਮਗਰੋਂ ਉਸ ਖਿਲਾਫ਼ ਕੌਮੀ ਸੁਰੱਖਿਆ ਐਕਟ (ਐਨ ਐੱਸ ਏ) ਲਗਾ ਦਿੱਤਾ ਗਿਆ ਸੀ ਤੇ ਬਾਅਦ 'ਚ ਇਹ ਮਨਸੁਖ ਹੋ ਗਿਆ ਸੀ।

ਉਨ੍ਹਾਂ ਕਿਹਾ ਕਿ ਉਹ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਮੈਂਬਰ ਹਨ ਅਤੇ ਦੋ ਵਾਰ ਪਹਿਲਾਂ ਵੀ ਪਾਕਿਸਤਾਨ ਜਾ ਚੁੱਕੇ ਹਨ।

## ਕਸ਼ਮੀਰ ਵਿਚ ਛਾਇਆ ਡੂੰਘਾ ਸੰਨਾਟਾ ਕਿਸੇ ਸੰਭਾਵੀ ਅਨਹੋਣੀ ਦਾ ਸੰਕੇਤ

ਲੋਕਪ੍ਰਿਅਤਾ ਵਧੀ ਹੈ। ਕਸ਼ਮੀਰੀ ਇਸ ਗੱਲ ਦੀ ਨਿਸ਼ਾਨਦੇਹੀ ਕਰਦੇ ਹਨ ਕਿ ਜੰਮੂ-ਕਸ਼ਮੀਰ ਦੇ ਰਾਜ ਭਵਨ ਵਿਚ ਕੋਈ ਕਸ਼ਮੀਰੀ ਮੁਸਲਿਮ ਨਹੀਂ ਹੈ। ਇਸ ਤੋਂ ਇਲਾਵਾ ਉਹ ਇਹ ਵੀ ਦੇਖਦੇ ਹਨ ਕਿ ਪਾਕਿਸਤਾਨੀ ਸੱਤਾ ਤੰਤਰ ਦੇ ਉਪਰਲੇ ਘੇਰੇ ਵਿਚ ਕਸ਼ਮੀਰ ਨਾਲ ਨਾਤਾ ਰੱਖਣ ਵਾਲਿਆਂ ਦੀ ਗਿਣਤੀ ਚੋਖੀ ਹੈ। ਕਾਲਜ ਦੇ ਇਕ ਵਿਦਿਆਰਥੀ ਨੇ ਭਾਰਤ ਅਤੇ ਪਾਕਿਸਤਾਨ ਵਿਚੋਂ ਕਿਸੇ ਨੂੰ ਚੁਣਨ ਦੀ ਗੱਲ ਇਸ ਅੰਦਾਜ਼ ਵਿਚ ਕੀਤੀ ਜਿਵੇਂ ਉਸ ਨੇ ਆਪਣੀਆਂ ਛੁੱਟੀਆਂ ਬਿਤਾਉਣ ਲਈ ਕਿਸੇ ਜਗ੍ਹਾ ਨੂੰ ਚੁਣਿਆ ਹੋਵੇ।

ਕੀ ਘਾਟੀ ਵਿਚ ਨਜ਼ਰ ਆਉਂਦੀਆਂ ਇਹ ਗੱਲਾਂ ਉਥੋਂ ਦੇ ਲੋਕਾਂ ਦੇ ਵੱਖਵਾਦੀਆਂ ਵੱਲ ਖਿੱਚੇ ਜਾਣ ਦਾ ਸੰਕੇਤ ਕਰ ਰਹੀਆਂ ਹਨ? ਇਸ ਸਵਾਲ ਦਾ ਕੋਈ ਨਿਰਣਾਇਕ ਜਵਾਬ ਦੇ ਸਕਣਾ ਮੁਸ਼ਕਿਲ ਹੈ। ਬੀਤੇ ਤਿੰਨ ਦਹਾਕਿਆਂ ਵਿਚ ਕਸ਼ਮੀਰੀਆਂ ਨੇ ਬਹੁਤ ਹਿੰਸਾ ਦੇਖੀ ਹੈ। ਮੇਰੀ ਜਿਸ ਕਿਸੇ ਨਾਲ ਵੀ ਮੁਲਾਕਾਤ ਹੋਈ, ਸਾਰਿਆਂ ਨੇ ਬਾਕੀ ਭਾਰਤ ਤੋਂ ਆਏ ਮਜ਼ਦੂਰਾਂ ਅਤੇ ਡਰਾਈਵਰਾਂ ਦੀ ਹਾਲ ਵਿਚ ਹੋਈ ਹੱਤਿਆ ਦੀ ਨਿੰਦਾ ਕੀਤੀ। ਸਾਡੇ ਡਰਾਈਵਰ ਅਖ਼ਤਰ ਨੇ ਕਿਹਾ ਕਿ 'ਅਸੀਂ ਕਸ਼ਮੀਰੀ ਆਖ਼ਰ ਕੀ ਕਰੀਏ? ਪੂਰੀ ਘਾਟੀ ਵਿਚ ਜਿੰਨੇ ਲੋਕ ਹਨ, ਉਸ ਤੋਂ ਜ਼ਿਆਦਾ ਲੋਕ ਤਾਂ ਭਾਰਤ ਦੇ ਕਿਸੇ ਇਕ ਜ਼ਿਲ੍ਹੇ ਵਿਚ ਹੁੰਦੇ ਹਨ, ਪਰ ਜੇਕਰ ਤੁਸੀਂ ਇਹ ਕਹੋ ਕਿ ਵੱਖਵਾਦੀਆਂ ਜਾਂ ਫਿਰ ਪੱਥਰਬਾਜ਼ਾਂ ਨੂੰ ਪੈਸੇ ਦੇ ਕੇ ਭੜਕਾਇਆ ਜਾਂਦਾ ਹੈ ਤਾਂ ਇਸ ਗੱਲ 'ਤੇ ਕਸ਼ਮੀਰੀ ਸਖ਼ਤ ਪ੍ਰਤੀਕਰਮ ਦਿੰਦੇ ਹਨ। 'ਇਹ ਸਭ ਫ਼ਜ਼ੂਲ ਦੀਆਂ ਗੱਲਾਂ ਹਨ। ਕੋਈ ਆਪਣੇ ਸੀਨੇ 'ਤੇ ਗੋਲੀ ਕਿਉਂ ਖਾਣਾ ਚਾਹੇਗਾ? ਭਾਵੇਂ ਇਸ ਲਈ ਉਸ ਨੂੰ ਕਿੰਨੀ ਵੀ ਵੱਡੀ ਰਕਮ ਕਿਉਂ ਨਾ ਮਿਲੀ ਹੋਵੇ।'

ਅਫ਼ਸੋਸ ਮਠਿਆਈ ਜਿਹੇ ਸ਼ਬਦ ਨਾਲ ਮੇਰੀ ਜਾਣ-ਪਛਾਣ ਕਰਵਾਉਣ ਵਾਲੇ ਕਰੀਮ ਨੇ ਮੈਨੂੰ ਤਸਵੀਰ ਦਾ ਦੂਜਾ ਪਾਸਾ ਦਿਖਾਇਆ। ਕਰੀਮ ਦੀ ਜ਼ਬਾਨ ਉਸ ਦੇ ਦਿਮਾਗ ਦੀ ਤਰ੍ਹਾਂ ਹੀ ਤੇਜ਼ ਹੈ। 'ਅਗਸਤ ਦੀ 5 ਤਰੀਕ ਨੂੰ ਇਹ ਮਿੱਥ ਟੁੱਟ ਗਿਆ ਕਿ ਭਾਰਤ ਇਕ ਉਦਾਰਵਾਦੀ ਲੋਕਤੰਤਰ ਹੈ। ਤੁਹਾਡੇ ਵਰਗੇ ਲੋਕ ਭਾਵੇਂ ਇਹ ਮੰਨਦੇ ਹੋਣ ਕਿ ਅਸੀਂ ਸਿਰਫ ਭਾਜਪਾ ਦੇ ਸ਼ਾਸਨ ਦੇ ਵਿਰੁੱਧ ਹਾਂ ਪਰ ਹਕੀਕਤ ਇਹ ਹੈ ਕਿ ਅਸੀਂ ਭਾਰਤ ਦੇ ਹੀ ਖ਼ਿਲਾਫ਼ ਹਾਂ। ਹੁਣ ਇਥੇ ਧਾਰਾ 370 ਜਾਂ 35 ਏ ਬਾਰੇ ਕੋਈ ਨਹੀਂ ਸੋਚਦਾ। ਹੁਣ ਕਥਾਨਕ ਆਜ਼ਾਦੀ ਦੇ ਜੁਮਲੇ ਤੋਂ ਖਿਸਕ ਕੇ ਪਾਕਿਸਤਾਨ 'ਤੇ ਆ ਗਿਆ ਹੈ।'

ਫਿਰ ਕਰੀਮ ਨੇ ਆਪਣੀ ਨਜ਼ਰ ਮੇਰੇ ਵੱਲ ਘੁਮਾਈ ਅਤੇ ਕਿਹਾ ਕਿ 'ਮੈਂ ਤੁਹਾਡੇ ਜਿਹੇ ਉਦਾਰ ਪੰਥੀ 'ਤੇ ਵਿਸ਼ਵਾਸ ਕਿਵੇਂ ਕਰਾਂ? ਜਦੋਂ ਅਮਰੀਕਾ ਵਿਚ ਉਦਾਰਵਾਦੀਆਂ ਨੇ ਵੀਅਤਨਾਮ ਦੇ ਮਸਲੇ 'ਤੇ ਵਿਰੋਧ ਕੀਤਾ ਸੀ ਤਾਂ ਉਨ੍ਹਾਂ ਨੇ ਫ਼ੌਜ ਵਿਚ ਲਾਜ਼ਮੀ ਭਰਤੀ ਦੇ ਚਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਇਸ ਦੀ ਕੀਮਤ ਚੁਕਾਉਣੀ ਪਈ ਸੀ। ਪਾਕਿਸਤਾਨੀ ਜੇਹਾਦੀ, ਜਿਨ੍ਹਾਂ ਨੂੰ ਤੁਸੀਂ ਅੱਤਵਾਦੀ ਕਹਿੰਦੇ ਹੋ ਇਥੇ ਆਉਂਦੇ ਹਨ ਅਤੇ ਸਾਡੇ ਲਈ ਆਪਣੀ ਜਾਨ ਨਿਛਾਵਰ ਕਰਦੇ ਹਨ। ਤੁਹਾਡੇ ਜਿਹੇ ਕਿੰਨੇ ਲੋਕਾਂ ਨੇ ਸਾਡੇ ਲਈ ਕਿਸੇ ਵੀ ਚੀਜ਼ ਦੀ ਕੋਈ ਕੁਰਬਾਨੀ ਦਿੱਤੀ ਹੈ? ਇਸ ਦਾ ਜਵਾਬ ਮੇਰੇ ਕੋਲ ਨਹੀਂ ਸੀ।

ਕਸ਼ਮੀਰ ਵਿਚ ਇਕ ਪ੍ਰੇਸ਼ਾਨੀ ਭਰੀ ਸ਼ਾਂਤੀ ਦਿਸਦੀ ਹੈ। ਹਰ ਕੋਨੇ ਅਤੇ ਨੁੱਕਰ 'ਤੇ ਸੁਰੱਖਿਆ ਦਲ ਤਾਇਨਾਤ ਹਨ। ਹਰ 10 ਕਸ਼ਮੀਰੀਆਂ 'ਤੇ ਇਕ ਸੁਰੱਖਿਆ ਕਰਮੀ ਤਾਇਨਾਤ ਹੈ ਅਤੇ ਅਜਿਹਾ ਹੋਣ ਨਾਲ ਇਹ ਯਕੀਨੀ ਬਣ ਗਿਆ ਹੈ ਕਿ ਵਿਰੋਧ ਦੀ ਕੋਈ ਆਵਾਜ਼ ਬੁਲੰਦ ਨਹੀਂ ਹੋਵੇਗੀ। ਆਲੇ-ਦੁਆਲੇ ਕੋਈ ਨੇਤਾ ਨਜ਼ਰ ਨਹੀਂ ਆਉਂਦਾ ਪਰ ਜਿਥੋਂ ਤੱਕ ਲੋਕਾਂ ਦੇ ਮਨ ਦਾ ਸਵਾਲ ਹੈ, ਉਸ ਦਾ ਮਸਲਾ ਕੁਝ ਵੱਖਰਾ ਹੀ ਹੈ। ਕਸ਼ਮੀਰੀਆਂ ਦੇ ਦਿਮਾਗ ਵਿਚ ਤੇਜ਼ੀ ਨਾਲ ਕੁਝ ਪੱਕ ਰਿਹਾ ਹੈ। ਇਸ ਦਾ ਨਤੀਜਾ ਕੀ ਹੋਵੇਗਾ? ਮੈਂ ਆਪਣੇ ਇਕ ਹੋਰ ਕਸ਼ਮੀਰੀ ਦੋਸਤ ਤੋਂ ਪੁੱਛਿਆ। ਉਸ ਨੇ ਕਿਹਾ, ਜਦੋਂ ਪਰਿਵਾਰ ਵਿਚੋਂ ਕਿਸੇ ਦੀ ਮੌਤ ਹੋ ਜਾਵੇ ਅਤੇ ਉਸ ਦੇ ਨਜ਼ਦੀਕੀਆਂ ਵਿਚੋਂ ਕਿਸੇ ਦੇ ਅੱਥਰੂ ਨਾ ਨਿਕਲਣ ਤਾਂ ਸਮਝੋ ਕਿ ਕੋਈ ਵੱਡੀ ਪ੍ਰੇਸ਼ਾਨੀ ਵਾਲੀ ਗੱਲ ਹੈ। 5 ਅਗਸਤ ਤੋਂ ਬਾਅਦ ਕਸ਼ਮੀਰ ਘਾਟੀ ਦੇ ਹਾਲਾਤ ਅਜਿਹੇ ਹੀ ਹਨ। ਜੇਕਰ ਅਸੀਂ ਰੋਈਏ, ਵਿਰੋਧ ਜਤਾਈਏ ਤਾਂ ਸ਼ਾਇਦ ਚੀਜ਼ਾਂ ਇਕ ਹੱਦ ਤੱਕ ਆਮ ਹੋ ਜਾਣ ਪਰ ਘਾਟੀ ਵਿਚ ਛਾਇਆ ਡੂੰਘਾ ਸੰਨਾਟਾ ਕਿਸੇ ਸੰਭਾਵੀ ਅਨਹੋਣੀ ਦਾ ਸੰਕੇਤ ਹੈ। ਸੋ, ਸਿਆਲ ਦੇ ਖ਼ਤਮ ਹੋਣ ਦਾ ਇੰਤਜ਼ਾਰ ਕਰੋ, ਅਫ਼ਸੋਸ ਮਠਿਆਈ ਕਦੋਂ ਦੀ ਖ਼ਤਮ ਹੋ ਚੁੱਕੀ ਸੀ। ਮੇਰੇ ਹੱਥ ਵਿਚ ਸਿਰਫ ਉਸ ਦੀ ਡੰਡੀ ਬਚੀ ਸੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com



TRANS-ALLIANCE
22
GET FLAT 22 CENTS
DISCOUNT AT
TA TravelCenters of America
PETRO Stopping Centers®
TRANS-ALLIANCE TOGETHER WE SAVE
EFS
4201 3247 5388 5103
VALID FROM 01/12
GOOD THRU 31/15
CARDHOLDER NAME
We also offer Line of Credit for Fuel Card
Additional Services with our Fuel Card
✓ National Tire Program
✓ PM & Light Mechanical
✓ 24 Hour Dedicated Repair Service
TRANS-ALLIANCE TOGETHER WE SAVE
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com